ਤੇਰ੍ਹਵਾਂ ਸਾਲ

PARDES TIMES

13th year in Publication

# ਪ੍ਰਦੇਸ ਟਾਈਮਜ਼

ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ)    ਮਾਂ ਬੋਲੀ ਨੂੰ ਸਮਰਪਿਤ    pardestimes    ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 13 No. 315 February 27, 2019    E-mali : info@pardestimes.com    Ph 510-938-7771    Ph510-516-3536

## ਪਾਕਿਸਤਾਨ ਦਾ ਜਵਾਬੀ ਹਮਲਾ ਨਾਕਾਮ, ਇਕ ਲੜਾਕੂ ਜਹਾਜ਼ ਫੁੰਡਿਆ

ਪਾਕਿਸਤਾਨ ਨੇ ਵੀ ਭਾਰਤ ਦੇ ਹਵਾਈ ਹਮਲੇ ਦੀ ਜਵਾਬ ਦੇਣ ਲਈ ਤਿੰਨ ਲੜਾਕੂ ਜਹਾਜ਼ ਭਾਰਤ ਦੀ ਸੀਮਾ ਵਿਚ ਭੇਜੇ, ਜਿਹਨਾਂ ਵਿਚੋਂ 1 ਜਹਾਜ਼ ਭਾਰਤੀ ਫੌਜਾਂ ਨੇ ਸੁੱਟ ਲਿਆ। ਪਾਕਿਸਤਾਨ ਨੇ ਵੀ ਭਾਰਤ ਦੀ ਤਰਜ਼ ਤੇ ਸਵੇਰੇ ਸਾਝਰੇ ਹਵਾਈ ਹਮਲਾ ਕੀਤਾ ਸੀ, ਜਿਸ ਤੋਂ ਬਾਅਦ ਭਾਰਤੀ ਫੌਜ ਚੌਕੰਨੀ ਹੋ ਗਈ ਅਤੇ ਪਾਕਿਸਤਾਨੀ ਜਹਾਜ਼ਾਂ ਦੇ ਪਿੱਛੇ ਮਿਜ਼ਾਇਲਾਂ ਅਤੇ ਹਵਾਈ ਜਹਾਜ਼ ਲਗਾ ਦਿੱਤੇ। ਜਹਾਜ਼ ਤੋਂ ਇਕ ਪੈਰਾਸ਼ੂਟ ਰਾਹੀਂ ਵਿਅਕਤੀ ਵੀ ਉਤਰਦਾ ਦੇਖਿਆ ਗਿਆ। ਉਸ ਦੀ ਸਥਿਤੀ ਬਾਰੇ ਫਿਲਹਾਲ ਪਤਾ ਨਹੀਂ ਲੱਗ ਸਕਿਆ। ਇਸੇ ਵਿਚਕਾਰ ਭਾਰਤ ਦੇ ਚਾਰ ਏਅਰਪੋਰਟ ਲੇਅ, ਜੰਮੂ, ਸ੍ਰੀਨਗਰ ਅਤੇ ਪਠਾਨਕੋਟ ਤੋਂ ਯਾਤਰੀ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਭਾਰਤ ਦੇ ਸਾਰੇ ਏਅਰਬੇਸਾਂ ਨੂੰ ਹਾਈ ਐਲਰਟ ਤੇ ਰੱਖਿਆ ਗਿਆੈ। ਇਸੇ ਵਿਚਕਾਰ ਬੜਗਾਮ ਵਿਚ ਭਾਰਤੀ ਹਵਾਈ ਫੌਜ ਦਾ ਐਮ. ਆਈ. 17 ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ, ਜਿਸ ਵਿਚ ਦੋ ਪਾਇਲਟ ਸ਼ਹੀਦ ਹੋ ਗਏ। ਕਸ਼ਮੀਰ ਵਿਚ ਐਲ. ਓ. ਸੀ. ਤੇ 12 ਥਾਵਾਂ ਤੇ ਫਾਇਰਿੰਗ ਹੋਈ, ਜਿਸ ਦੇ ਜਵਾਬ ਵਿਚ ਪਾਕਿਸਤਾਨ ਦੀਆਂ 5 ਚੌਂਕੀਆਂ ਤਬਾਹ ਹੋ ਗਈਆਂ। ਪਾਕਿਸਤਾਨੀ ਵਿਦੇਸ਼ ਮੰਤਰਾਲੇ ਦਾ ਦਾਅਵਾ ਹੈ ਕਿ ਉਹਨਾਂ ਨੇ ਭਾਰਤ ਦੇ ਦੋ ਲੜਾਕੂ ਜਹਾਜ਼ ਸੁੱਟ ਲਏ ਹਨ, ਜਦਕਿ ਭਾਰਤ ਨੇ ਇਸ ਤੋਂ ਇਨਕਾਰ ਕੀਤਾ ਹੈ। ਕਸ਼ਮੀਰ ਵਿਚ ਕੰਟਰੋਲ ਰੇਖਾ ਦੇ ਨੇੜੇ ਦੇ ਪਿੰਡਾਂ ਵਿਚ ਸਕੂਲ ਬੰਦ ਕਰ ਦਿੱਤੇ ਹਨ ਅਤੇ ਫੌਜ ਦੀ ਤਾਇਨਾਤੀ ਵਧਾ ਦਿੱਤੀ ਗਈ ਹੈ। ਭਾਰਤੀ ਹਵਾਈ ਫੌਜ ਦੇ ਜਹਾਜ਼ ਕਸ਼ਮੀਰ ਵਿਚ ਬਾਰਡਰ ਤੇ ਲਗਾਤਾਰ ਗਸ਼ਤ ਕਰ ਰਹੇ ਹਨ।

ਭਾਰਤ ਦੀ ਕਾਰਵਾਈ ਤੋਂ ਘਬਰਾਏ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਪਰਮਾਣੂ ਹਥਿਆਰਾਂ ਦੀ ਦੇਖਭਾਲ ਕਰਨ ਵਾਲੀ ਨੈਸ਼ਨਲ ਕਮਾਂਡ ਅਥਾਰਟੀ ਦੀ ਬੈਠਕ ਬੁਲਾਈ। ਉਹਨਾਂ ਨੇ ਸੰਸਦ ਦੇ ਦੋਵੇਂ ਸਦਨਾਂ ਦੀ ਵਿਸ਼ੇਸ਼ ਬੈਠਕ ਵੀ ਬੁਲਾਈ ਹੈ। ਇੱਧਰ ਭਾਰਤ ਦੀ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ, ਫੌਜ

(ਬਾਕੀ ਸਫਾ 11 'ਤੇ ਦੇਖੋ)

## ਭਾਰਤ ਦੇ ਹਵਾਈ ਹਮਲੇ ਤੋਂ ਬਾਅਦ ਪੰਜਾਬ ਦੇ ਸਰਹੱਦੀ ਖੇਤਰਾਂ 'ਚ ਚੌਕਸੀ ਵਧੀ

ਚੰਡੀਗੜ੍ਹ- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਇੱਥੇ ਸੂਬੇ ਦੇ ਸਿਵਲ ਤੇ ਪੁਲੀਸ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਭਾਰਤ-ਪਾਕਿਸਤਾਨ ਸਰਹੱਦ 'ਤੇ ਪੈਦਾ ਹੋਏ ਤਣਾਅ ਅਤੇ ਰਾਜ ਦੀ ਕਾਨੂੰਨ ਵਿਵਸਥਾ ਦਾ ਜਾਇਜ਼ਾ ਲਿਆ। ਮੁੱਖ ਮੰਤਰੀ ਨਾਲ ਮੀਟਿੰਗ ਵਿੱਚ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ, ਮੁੱਖ ਸਕੱਤਰ ਕਰਨ ਅਵਤਾਰ ਸਿੰਘ, ਗ੍ਰਹਿ ਸਕੱਤਰ ਐਨ.ਐਸ.



ਕਲਸੀ, ਡੀਜੀਪੀ ਦਿਨਕਰ ਗੁਪਤਾ ਅਤੇ ਡੀਜੀਪੀ (ਇੰਟੈਲੀਜੈਂਸ) ਵੀ.ਕੇ. ਭਾਵਰਾ ਸਮੇਤ ਪੁਲੀਸ ਅਤੇ ਸਿਵਲ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਸ਼ਾਮਲ ਸਨ। ਲੋਕਾਂ 'ਚ ਸੁਰੱਖਿਆ ਦੀ ਭਾਵਨਾ ਕਾਇਮ ਰੱਖਣ ਲਈ ਮੁੱਖ ਮੰਤਰੀ ਨੇ ਭਲਕੇ ਸਰਹੱਦੀ ਖੇਤਰਾਂ ਪਠਾਨਕੋਟ ਤੋਂ ਲੈ ਕੇ ਫਿਰੋਜ਼ਪੁਰ ਤੱਕ ਦਾ ਦੌਰਾ ਵੀ ਸੜਕ ਰਸਤੇ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਮੀਟਿੰਗ ਦੌਰਾਨ ਸਰਹੱਦੀ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨ ਤਾਰਨ, ਫ਼ਿਰੋਜ਼ਪੁਰ ਅਤੇ ਫਾਜ਼ਿਲਕਾ ਦੇ ਸਿਵਲ ਤੇ ਪੁਲੀਸ ਅਧਿਕਾਰੀਆਂ ਨੂੰ ਚੌਕਸੀ ਵਰਤਣ ਅਤੇ ਲੋਕਾਂ ਨਾਲ ਰਾਬਤਾ ਕਾਇਮ ਕਰਨ ਦੀਆਂ ਵਿਸ਼ੇਸ਼ ਹਦਾਇਤਾਂ ਦਿੱਤੀਆਂ ਗਈਆਂ ਹਨ। ਸਰਕਾਰ ਨੇ ਇਨ੍ਹਾਂ ਸਰਹੱਦੀ ਜ਼ਿਲ੍ਹਿਆਂ ਵਿੱਚ ਤਾਇਨਾਤ ਸਰਕਾਰੀ ਅਮਲੇ ਦੀਆਂ ਛੁੱਟੀਆਂ ਵੀ ਅਗਲੇ ਹੁਕਮਾਂ ਤੱਕ ਰੱਦ ਕਰ ਦਿੱਤੀਆਂ ਹਨ। ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਡਿਊਟੀ 'ਤੇ ਹਾਜ਼ਰ ਰਹਿਣ ਲਈ ਜ਼ਿਲ੍ਹਾ ਪੱਧਰ 'ਤੇ ਪੱਤਰ ਜਾਰੀ ਕੀਤੇ ਗਏ ਹਨ। ਸਰਕਾਰ ਵੱਲੋਂ ਸਰਹੱਦੀ ਖੇਤਰਾਂ ਵਿੱਚ ਪੈਂਦੀਆਂ ਸੰਵੇਦਨਸ਼ੀਲ ਇਮਾਰਤਾਂ ਅਤੇ ਭੀੜ-ਭੜੱਕੇ ਵਾਲੀਆਂ ਥਾਵਾਂ 'ਤੇ ਸੁਰੱਖਿਆ ਵਧਾਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ।

ਮੁੱਖ ਮੰਤਰੀ ਨੇ ਇਸ ਸਬੰਧ ਵਿੱਚ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਵੀ ਗੱਲਬਾਤ ਕੀਤੀ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਟਵੀਟ ਰਾਹੀਂ ਹਵਾਈ ਹਮਲੇ ਦਾ ਪੂਰਾ ਸਮਰਥਨ ਕਰਦਿਆਂ ਕਿਹਾ,''ਭਾਰਤ ਦੀ ਹਵਾਈ ਸੈਨਾ ਨੇ ਵੱਡਾ ਮਾਅਰਕਾ ਮਾਰਿਆ ਹੈ। ਭਾਰਤੀ ਹਵਾਈ ਸੈਨਾ ਨੇ ਪਾਕਿਸਤਾਨ ਅਤੇ ਇਸ ਦੀ ਸ਼ਰਨ ਵਿਚਲੇ ਅਤਿਵਾਦੀਆਂ ਨੂੰ ਅਤਿ-ਲੋੜੀਂਦਾ ਸੰਕੇਤ ਦੇ ਦਿੱਤਾ ਹੈ ਕਿ ਉਹ ਇਹ ਨਾ ਸੋਚਣ ਕਿ ਪੁਲਵਾਮਾ ਵਰਗੇ ਦਹਿਸ਼ਤੀ ਹਮਲਿਆਂ ਤੋਂ ਬਾਅਦ ਉਹ ਭੱਜ ਕੇ ਨਿਕਲ ਜਾਣਗੇ।'' ਭਾਰਤੀ ਹਵਾਈ ਸੈਨਾ ਦੇ ਜਵਾਨਾਂ ਨੂੰ ਥਾਪੜਾ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਕਾਰਵਾਈ ਲਈ ਉਹ ਉਨ੍ਹਾਂ ਦੀ ਡਟਵੀਂ ਹਮਾਇਤ ਕਰਦੇ ਹਨ।

ਵਰਣਨਯੋਗ ਹੈ ਕਿ ਪੁਲਵਾਮਾ ਦਹਿਸ਼ਤੀ ਹਮਲੇ ਦੇ 12 ਦਿਨਾਂ ਮਗਰੋਂ ਭਾਰਤ ਨੇ ਸੋਮਵਾਰਵੱਡੇ ਤੜਕੇ ਕੰਟਰੋਲ ਰੇਖਾ ਉਲੰਘ ਕੇ ਕੀਤੇ ਵੱਡੇ ਹਵਾਈ ਹਮਲਿਆਂ ਵਿੱਚ ਪਾਕਿਸਤਾਨ ਵਿਚਲੇ ਜੈਸ਼-ਏ-ਮੁਹੰਮਦ ਤੇ ਲਸ਼ਕਰ-ਏ-ਤਇਬਾ ਦੇ ਤਿੰਨ ਦਹਿਸ਼ਤੀ ਕੈਂਪਾਂ ਨੂੰ ਤਬਾਹ ਕਰ ਦਿੱਤਾ। ਇਨ੍ਹਾਂ ਵਿੱਚੋਂ ਦੋ ਕੈਂਪ ਮਕਬੂਜ਼ਾ ਕਸ਼ਮੀਰ ਤੇ ਤੀਜਾ ਕੈਂਪ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਦੇ ਬਾਲਾਕੋਟ ਵਿੱਚ ਸੀ। ਹਮਲੇ ਵਿੱਚ ਜੈਸ਼ ਮੁਖੀ ਮਸੂਦ ਅਜ਼ਹਰ ਦਾ ਨੇੜਲਾ ਰਿਸ਼ਤੇਦਾਰ ਮੌਲਾਨਾ ਯੁਸੂਫ਼ ਅਜ਼ਹਰ ਤੇ ਭਰਾ ਇਬਰਾਹੀਮ ਅਜ਼ਹਰ ਸਮੇਤ 350 ਦੇ ਕਰੀਬ ਜੈਸ਼ ਦਹਿਸ਼ਤਗਰਦ ਤੇ ਸਿਖਲਾਈਯਾਫ਼ਤਾ ਫ਼ਿਦਾਈਨ ਮਾਰੇ ਗਏ। 1971 ਦੀ ਭਾਰਤ-ਪਾਕਿ ਜੰਗ ਮਗਰੋਂ ਇਹ ਪਹਿਲਾ ਮੌਕਾ ਹੈ ਜਦੋਂ ਭਾਰਤ ਨੇ ਪਾਕਿਸਤਾਨ ਖ਼ਿਲਾਫ਼ ਹਵਾਈ ਤਾਕਤ ਦੀ ਵਰਤੋਂ ਕੀਤੀ ਹੈ। 1999 ਦੀ ਕਾਰਗਿਲ ਜੰਗ ਦੌਰਾਨ ਸਰਕਾਰ ਨੇ ਭਾਰਤੀ ਹਵਾਈ ਸੈਨਾ ਨੂੰ ਕੰਟਰੋਲ ਰੇਖਾ ਉਲੰਘ ਕੇ ਹਮਲੇ ਕਰਨ ਤੋਂ ਵਰਜ ਦਿੱਤਾ ਸੀ। ਭਾਰਤ ਨੇ ਹਵਾਈ ਹਮਲਿਆਂ ਨੂੰ ਸਵੈ-ਰੱਖਿਆ ਵਿੱਚ ਕੀਤੀ ਕਾਰਵਾਈ ਕਰਾਰ ਦਿੰਦਿਆਂ ਦਾਅਵਾ ਕੀਤਾ ਹੈ ਉਸ ਕੋਲ ਜੈਸ਼ ਵੱਲੋਂ ਭਾਰਤ ਵਿੱਚ ਫ਼ਿਦਾਈਨ ਹਮਲੇ ਕੀਤੇ ਜਾਣ ਬਾਰੇ ਪੁਖਤਾ ਜਾਣਕਾਰੀ ਸੀ। ਭਾਰਤ ਨੇ ਕਿਹਾ ਕਿ ਇਹ ਹਮਲੇ ਗੈਰ-ਫ਼ੌਜੀ ਸਨ, ਕਿਉਂਕਿ ਇਨ੍ਹਾਂ ਦਾ ਨਿਸ਼ਾਨਾ ਪਾਕਿਸਤਾਨੀ ਫ਼ੌਜ ਜਾਂ ਆਮ ਨਾਗਰਿਕ ਨਹੀਂ ਬਲਕਿ ਜੈਸ਼ ਦਹਿਸ਼ਤਗਰਦ ਸਨ।

ਵਿਦੇਸ਼ ਸਕੱਤਰ ਵਿਜੈ ਗੋਖਲੇ ਨੇ 'ਇੰਟੈਲੀਜੈਂਸ ਦੀ ਅਗਵਾਈ ਵਾਲੇ ਅਪਰੇਸ਼ਨ' ਦੀ ਤਫ਼ਸੀਲ ਦਿੰਦਿਆਂ ਕਿਹਾ ਕਿ ਉਨ੍ਹਾਂ ਕੋਲ ਪੁਖ਼ਤਾ ਜਾਣਕਾਰੀ ਸੀ ਕਿ ਜੈਸ਼-ਏ-ਮੁਹੰਮਦ ਵੱਲੋਂ ਭਾਰਤ ਦੇ ਵੱਖ ਵੱਖ ਹਿੱਸਿਆਂ ਵਿੱਚ ਫਿਦਾਈਨ ਹਮਲੇ ਕੀਤੇ ਜਾਣ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਹਨ। ਫਿਦਾਈਨ ਜਹਾਦੀਆਂ ਨੂੰ ਇਸ ਕੰਮ ਲਈ ਵਿਸ਼ੇਸ਼ ਸਿਖਲਾਈ ਦਿੱਤੀ ਜਾ ਰਹੀ ਸੀ। ਲਿਹਾਜ਼ਾ ਇਸ ਅਟੱਲ ਖ਼ਤਰੇ ਦੇ ਚਲਦਿਆਂ ਜੈਸ਼ ਟਿਕਾਣਿਆਂ 'ਤੇ ਹਮਲੇ ਦੀ ਪੇਸ਼ਬੰਦੀ ਜ਼ਰੂਰੀ ਹੋ ਗਈ ਸੀ। ਗੋਖਲੇ ਨੇ ਕਿਹਾ ਕਿ ਅੱਜ ਵੱਡੇ ਤੜਕੇ ਖੁਫ਼ੀਆ ਜਾਣਕਾਰੀ ਦੇ ਆਧਾਰ 'ਤੇ

(ਬਾਕੀ ਸਫਾ 11 'ਤੇ ਦੇਖੋ)

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ
(559) 312-0083 (O) (888) 630-1230 (F)
TANVIR JOSHI
SBN: 302226
516 W. SHAW AVE STE 200 FRESNO, CA 93704

Allstate
You're in good hands.
Avninder Singh
Insurance Specialist, CA Lic. # 0822501
Auto • Home • Life • Health • Business • Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ: 44790 S. Grimmer blvd. # 204 Fremont, CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511

See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545

AUTOBAHN Body & Paint
Specializing in Convenience & Quality
ਡੈਂਟਿੰਗ ਅਤੇ ਪੇਂਟ ਦਾ ਕੰਮ ਕਰਵਾਉਣ ਲਈ ਮਿਲੋ
Baghel Singh Jaswal
Ph: (650) 966-1840, Fax: (650) 966-1023
www.autobahnbodypaint.com
778 Yuba Drive, Mountain View, CA 94041

Covered CA Open Enrollment Starts Oct. 15th
Punjab Insurance Brokers Inc.
Medicare Supplement Plans
LIFE HEALTH TRAVEL MEDICARE TRUCKING
ਲਾਈਫ ਹੈਲਥ ਟ੍ਰੈਵਲ ਮੈਡੀਕੇਅਰ ਟਰਕਿੰਗ
INDERJEET SINGH MANN CA Lic# 0H82488
COVERED CALIFORNIA Certified Insurance Agent COVERED CALIFORNIA
KAISER PERMANENTE. Authorized Agent
blue of california
Health Net Anthem. UnitedHealthcare Western Health Advantage
551 N Palora Ave, Suite B Yuba City CA 95991 | 916-900-2000, 530-927-5777
1-888-978-6522 www.punjabinsurance.com

# ਕੀ ਗੁਰਦੁਆਰਾ ਗਿਆਨ ਗੋਦੜੀ ਮੂਲ ਅਸਥਾਨ ਪੁਰ ਸਥਾਪਤ ਹੋਵੇਗਾ?



ਜਸਵੰਤ ਸਿੰਘ 'ਅਜੀਤ'

ਬੀਤੇ ਦਿਨੀਂ ਜਦੋਂ ਉਤਰਾਖੰਡ ਦੇ ਮੁੱਖ ਮੰਤਰੀ ਤ੍ਰਿਵੇਂਦਰ ਰਾਵਤ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਸਾਹਿਬ ਪੁਜੇ, ਤਾਂ ਉਸ ਮੌਕੇ ਪਤ੍ਰਕਾਰਾਂ ਵਲੋਂ ਹਰਿਦੁਆਰ ਵਿਖੇ ਹਰਿ ਕੀ ਪੌੜੀ, ਗੰਗਾ ਕਿਨਾਰੇ ਗੁ. ਗਿਅਨ ਗੋਦੜੀ ਦੀ ਮੁੜ ਸਥਾਪਨਾ ਕੀਤੇ ਜਾਣ ਦੇ ਸੰਬੰਧ ਵਿੱਚ ਪੁਛੇ ਗਏ ਸੁਆਲ ਦਾ ਸਿੱਧਾ ਜਵਾਬ ਨਾ ਦੇ, ਉਨ੍ਹਾਂ ਇਹ ਕਹਿ ਕੇ ਗਲ ਟਾਲ ਦਿੱਤੀ ਕਿ ਗੁ. ਗਿਆਨ ਗੋਦੜੀ ਦੀ ਮੁੜ ਸਥਾਪਨਾ ਲਈ 'ਲੋੜੀਂਦੀ ਜ਼ਮੀਨ' ਦਿੱਤੇ ਜਾਣ ਦੇ ਸੰਬੰਧ ਵਿੱਚ ਉਸੇ ਸਮੇਂ ਵਿਚਾਰ ਕੀਤੀ ਜਾਇਗੀ, ਜਦੋਂ ਸਿੱਖ ਜਗਤ ਇਸ ਮੁੱਦੇ ਪੁਰ ਇਕ-ਮੱਤ ਹੋਵੇਗਾ। ਉਨ੍ਹਾਂ ਦੇ ਇਸ ਜਵਾਬ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਰਾਜ ਸਰਕਾਰ ਇਤਿਹਾਸਕ ਗੁਰਦੁਆਰਾ ਗਿਆਨ ਗੋਦੜੀ ਨੂੰ ਉਸਦੇ ਗੰਗਾ ਕਿਨਾਰੇ ਹਰਿ ਕੀ ਪੌੜੀ ਦੇ ਮੂਲ ਅਸਥਾਨ ਪੁਰ ਸਥਾਪਤ ਕੀਤੇ ਜਾਣ ਦੀ ਸਿੱਖ ਜਗਤ ਦੀ ਮੰਗ ਸਵੀਕਾਰ ਕਰਨ ਲਈ ਤਿਆਰ ਨਹੀਂ। ਕਿਉਂਕਿ ਸਿੱਖ ਜਗਤ ਵਿੱਚ ਇਸ ਗੁਰਦੁਆਰਾ ਸਾਹਿਬ ਦੀ ਮੁੜ ਸਥਾਪਨਾ ਦੇ ਮਾਮਲੇ 'ਤੇ ਜੇ ਕੋਈ ਮਤਭੇਦ ਹੋ ਸਕਦਾ ਹੈ, ਤਾਂ ਉਹ ਇਸਦੇ ਮੂਲ ਅਸਥਾਨ ਪੁਰ ਸਥਾਪਤ ਕੀਤੇ ਜਾਣ ਪੁਰ ਨਹੀਂ, ਸਗੋਂ ਇਸਨੂੰ ਕਿਸੇ ਹੋਰ ਅਸਥਾਨ ਪੁਰ ਸਥਾਪਤ ਕੀਤੇ ਜਾਣ ਦੇ ਸੁਆਲ 'ਤੇ ਹੀ ਹੋ ਸਕਦਾ ਹੈ।

ਇਥੇ ਇਹ ਗਲ ਵਰਨਣਯੋਗ ਹੈ ਕਿ ਹਰਿਦੁਆਰ, ਗੰਗਾ ਕਿਨਾਰੇ, ਹਰਿ ਕੀ ਪੌੜੀ ਸਥਿਤ ਇਤਿਹਾਸਕ 'ਗੁਰਦੁਆਰਾ ਗਿਆਨ ਗੋਦੜੀ' ਉਹ ਇਤਿਹਾਸਕ ਅਸਥਾਨ ਹੈ, ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਹਿਲੀ ਉਦਾਸੀ ਦੌਰਾਨ ਹਰਿਦੁਆਰ ਪੁਜ, ਕਰਮ-ਕਾਂਡਾਂ, ਵਹਿਮਾਂ-ਭਰਮਾਂ ਦੇ ਫੈਲੇ ਹਨੇਰੇ ਨੂੰ ਦੂਰ ਕਰਨ ਲਈ 'ਗਿਆਨ ਦਾ ਪ੍ਰਕਾਸ਼' ਕੀਤਾ ਸੀ। ਗੁਰੂ ਸਾਹਿਬ ਦੀ ਇਸ ਹਰਿਦੁਆਰ ਯਾਤਰਾ ਦੀ ਯਾਦ ਵਿੱਚ ਗੰਗਾ ਕਿਨਾਰੇ ਹਰਿ ਕੀ ਪੌੜੀ ਦੇ ਸਥਾਨ 'ਤੇ ਇਤਿਹਾਸਕ, ਗੁਰਦੁਆਰਾ ਗਿਆਨ ਗੋਦੜੀ ਸਥਾਪਤ ਕੀਤਾ ਗਿਆ ਸੀ, ਜਿਸਨੂੰ 1979 ਵਿੱਚ ਹਰਿਦੁਆਰ ਵਿਖੇ ਗੰਗਾ ਕਿਨਾਰੇ ਲਗੇ ਕੁੰਭ ਦੇ ਮੇਲੇ ਵਿੱਚ ਮਚੀ ਭਗਦੜ ਦੌਰਾਨ ਚਾਰ ਸੌ ਦੇ ਲਗਭਗ ਵਿਅਕਤੀਆਂ ਦੇ ਮਾਰੇ ਜਾਣ ਦੇ ਹੋਏ ਦੁਖਾਂਤ ਤੋਂ ਬਾਅਦ. ਢਾਹ ਦਿੱਤਾ ਗਿਆ ਸੀ। ਦਸਿਆ ਗਿਆ ਹੈ ਕਿ ਇਸ ਸਮੇਂ ਇਸ ਅਸਥਾਨ ਪੁਰ 'ਉਤਰਾਂਚਲ ਭਾਰਤੀ ਸਕਾਊਟਸ' ਵਲੋਂ ਸੰਚਲਿਤ ਸੇਵਾ ਕੇਂਦ੍ਰ ਸਥਾਪਤ ਹੈ।



ਦਸਿਆ ਜਾਂਦਾ ਹੈ ਕਿ ਗੁਰਦੁਆਰਾ ਸਾਹਿਬ ਢਾਹੇ ਜਾਣ ਦੇ ਸਮੇਂ (1979) ਤੋਂ ਹੀ ਗੁਰਦੁਆਰਾ ਗਿਆਨ ਗੋਦੜੀ ਕਮੇਟੀ ਵਲੋਂ ਗੁਰਦੁਆਰਾ (ਗਿਆਨ ਗੋਦੜੀ) ਸਾਹਿਬ ਨੂੰ ਉਸੇ ਸਥਾਨ ਪੁਰ ਮੁੜ ਸਥਾਪਤ ਕੀਤੇ ਜਾਣ ਦੀ ਮੰਗ ਨੂੰ ਲੈ ਕੇ, ਲਗਾਤਾਰ ਸੰਘਰਸ਼ ਵਿਢਿਆ ਚਲਿਆ ਆ ਰਿਹਾ ਹੈ। ਇਹ ਵੀ ਦਸਿਆ ਗਿਆ ਹੈ ਕਿ ਭਾਵੇਂ ਨਵੰਬਰ, 1984 ਵਿੱਚ ਦੇਸ਼ ਭਰ ਵਿੱਚ ਚਲੀ ਸਿੱਖ ਨਸਲਕੁਸ਼ੀ ਦੀ ਲਹਿਰ ਦੇ ਫਲਸਰੂਪ, ਇਹ ਸੰਘਰਸ਼, ਜੋ ਲਗਭਗ ਮੰਜ਼ਿਲ ਪੁਰ ਪੁਜ ਚੁਕਿਆ ਹੋਇਆ ਸੀ, ਸਫਲ ਨਹੀਂ ਹੋ ਸਕਿਆ, ਪ੍ਰੰਤੂ ਇਸ ਦੁਖਾਂਤ ਵਿਚੋਂ ਉਭਰਨ ਤੋਂ ਤੁਰੰਤ ਬਾਅਦ ਹੀ ਗੁਰਦੁਆਰਾ ਗਿਆਨ ਗੋਦੜੀ ਕਮੇਟੀ ਦੇ ਮੁਖੀਆਂ ਨੇ ਫਿਰ ਤੋਂ ਮੁਢੋਂ-ਸੁਢੋਂ ਇਸ ਸੰਘਰਸ਼ ਨੂੰ ਅਰੰਭ ਦਿੱਤਾ, ਜੋ ਕਿ ਅਜੇ ਤਕ ਜਾਰੀ ਹੈ। ਗੁਰਦੁਆਰਾ ਗਿਆਨ ਗੋਦੜੀ ਕਮੇਟੀ ਵਲੋਂ ਆਪਣੇ ਹੀ ਬੂਤੇ ਹੀ ਲੜੀ ਜਾ ਰਹੀ ਇਸ ਲੜਾਈ ਵਿੱਚ ਸਹਿਯੋਗ ਕਰਨ ਲਈ, ਤਿੰਨ-ਕੁ ਵਰ੍ਹੇ ਪਹਿਲਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀਆਂ ਨੇ ਆਪਣੇ ਕਦਮ ਵਧਾ 'ਗੁਰਦੁਆਰਾ ਗਿਆਨ ਗੋਦੜੀ ਮੁਹਿੰਮ' ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ।

ਇਸਦੇ ਨਾਲ ਹੀ ਉਨ੍ਹਾਂ ਦੇਸ਼-ਵਿਦੇਸ਼ ਵਿੱਚ ਵਸ ਰਹੇ ਗੁਰੂ ਨਾਨਕ ਨਾਮ ਲੇਵਾਵਾਂ ਨੂੰ ਵੀ ਇਸ ਮੁਹਿੰਮ ਵਿੱਚ ਹਿਸੇਦਾਰ ਬਣਨ ਲਈ ਅਗੇ ਆਉਣ ਦਾ ਸਦਾ ਦੇ ਦਿੱਤਾ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੱਤਾ-ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖੀਆਂ ਨੇ ਇਸ ਵਿੱਚ ਆਪਣੀ ਸ਼ਮੂਲੀਅਤ ਦਰਜ ਕਰਵਾਣ ਲਈ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖੀਆਂ ਨੂੰ ਪ੍ਰੇਰ ਮੁਹਿੰਮ ਦੀ ਅਗਵਾਈ ਅਤੇ ਮਾਰਗ ਦਰਸ਼ਨ ਕਰਨ ਦੀ ਜ਼ਿਮੇਂਦਾਰੀ ਅਕਾਲ ਤਖਤ ਦੇ ਜਥੇਦਾਰ ਨੂੰ ਸੌਂਪ ਦਿਤੇ ਜਾਣ ਦਾ ਐਲਾਨ ਕਰ ਦਿੱਤਾ। ਚਾਹੀਦਾ ਤਾਂ ਇਹ ਸੀ, ਕਿ ਮੁਹਿੰਮ ਦੀ ਅਰੰਭਤਾ ਲਈ ਹੋਏ ਇਸ ਸਮਾਗਮ ਦੀ ਸਫਲਤਾ ਦੇ ਤੁਰੰਤ ਬਾਅਦ ਹੀ ਅਗਲੇ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਜਾਂਦਾ, ਪਰ ਇਹ ਆਖਦਿਆਂ ਇਸਨੂੰ ਲਟਕਾ ਦਿੱਤਾ ਗਿਆ ਕਿ ਅਕਾਲ ਤਖਤ ਦੇ ਜੱਥੇਦਾਰ, ਹੋਰ ਜੱਥੇਬੰਦੀਆਂ ਦੇ ਪ੍ਰਤੀਨਿਧੀਆਂ ਨਾਲ ਸਲਾਹ-ਮਸ਼ਵਰਾ ਕਰ ਅਗਲੇ ਪ੍ਰੋਗਰਾਮ ਦਾ ਐਲਾਨ ਕਰਨਗੇ।

ਇਸਤੋਂ ਬਾਅਦ ਜਥੇਦਾਰ ਅਕਾਲ ਤਖਤ ਵਲੋਂ ਸਦੀ ਗਈ ਮੀਟਿੰਗ ਵਿੱਚ, ਗੁਰਦੁਆਰਾ ਗਿਆਨ ਗੋਦੜੀ ਦੇ ਇਤਿਹਾਸ ਤੋਂ ਜਾਣੂ ਕਰਵਾਣ ਲਈ ਇੱਕ ਕਮੇਟੀ ਬਣਾਉਣ, ਮੁਹਿੰਮ ਦੇ ਸੰਬੰਧ ਵਿੱਚ ਸਾਰੀਆਂ ਸਿੱਖ ਸੰਸਥਾਵਾਂ ਪਾਸੋਂ ਲਿਖਤੀ ਸੁਝਾਉ ਲੈਣ, ਮਸਲੇ ਦੇ ਹਲ ਲਈ ਪੰਥਕ ਆਗੂਆਂ ਪੁਰ ਅਧਾਰਤ ਉੱਚ ਪਧਰੀ ਕਮੇਟੀ ਬਣਾਉਣ, ਪੰਜ ਸਿੰਘ ਸਾਹਿਬਾਨ ਦੀ ਬੈਠਕ ਵਿੱਚ ਵਿਚਾਰਨ ਆਦਿ ਤੋਂ ਲੈ ਕੇ ਸਿੱਖ ਜਥੇਬੰਦੀਆਂ ਪਾਸੋਂ ਅਕਾਲ ਤਖਤ ਦੇ ਹੁਕਮ ਅਨੁਸਾਰ ਚਲਣ

**(ਬਾਕੀ ਸਫਾ 22 'ਤੇ)**

# ਮੋਦੀ ਫਿਰ ਜਿੱਤਿਆ ਤਾਂ ਭਾਰਤ ਦਾ ਤੇ ਇਸ ਦੀ ਧਰਮ ਨਿਰਪੱਖ ਦਿੱਖ ਦਾ ਕੀ ਬਣੇਗਾ?



ਜਤਿੰਦਰ ਪਨੂੰ

ਭਾਰਤ ਵਿਚ ਅਗਲੀ ਲੋਕ ਸਭਾ ਚੋਣ ਲਈ ਐਲਾਨ 28 ਫਰਵਰੀ ਨੂੰ ਕੀਤਾ ਜਾ ਸਕਦਾ ਹੈ। ਕਾਰਨ ਬਹੁਤ ਸਪੱਸ਼ਟ ਹੈ। ਚੋਣ ਕਮਿਸ਼ਨ ਨੇ ਰਾਜ ਸਰਕਾਰਾਂ ਨੂੰ ਕਹਿ ਦਿੱਤਾ ਹੈ ਕਿ ਜਿਸ ਕਿਸੇ ਅਫਸਰ ਦੀ ਬਦਲੀ ਕਰਨ ਲਈ ਮਨ ਕਰਦਾ ਹੈ, ਉਹ 28 ਫਰਵਰੀ ਤੱਕ ਕਰ ਲਈ ਜਾਵੇ, ਉਸ ਪਿਛੋਂ ਨਹੀਂ ਕਰਨ ਦਿੱਤੀ ਜਾਵੇਗੀ। ਕਿਸੇ ਰਾਜ ਦੀ ਸਰਕਾਰ ਕਿਸੇ ਦੀ ਬਦਲੀ ਕਰਨੀ ਚਾਹੇ ਤਾਂ ਚੋਣ ਕਮਿਸ਼ਨ ਕੋਲ ਕੋਈ ਹੱਕ ਨਹੀਂ ਹੁੰਦਾ ਕਿ ਉਹ ਉਸ ਨੂੰ ਰੋਕਣ ਦਾ ਹੁਕਮ ਭੇਜ ਦੇਵੇ। ਅਜਿਹਾ ਹੱਕ ਚੋਣ ਕਮਿਸ਼ਨ ਨੂੰ ਸਿਰਫ ਇੱਕੋ ਹਾਲਤ ਵਿਚ ਮਿਲਦਾ ਹੈ ਕਿ ਚੋਣਾਂ ਲਈ ਤਰੀਕਾਂ ਮਿਥਣ ਦਾ ਐਲਾਨ ਹੋ ਜਾਵੇ ਤੇ ਚੋਣ ਜ਼ਾਬਤਾ ਲਾਗੂ ਕਰਨ ਦੇ ਨਾਲ ਬਦਲੀਆਂ ਕਰਨ ਦੇ ਹੁਕਮ ਦਾਗਣ ਜਾਂ ਰੋਕਣ ਦੀ ਤਾਕਤ ਉਸ ਕੋਲ ਆ ਜਾਵੇ। ਜਦੋਂ ਇਹ ਕਿਹਾ ਗਿਆ ਹੈ ਕਿ 28 ਫਰਵਰੀ ਪਿਛੋਂ ਕਿਸੇ ਰਾਜ ਸਰਕਾਰ ਵੱਲੋਂ ਕਿਸੇ ਅਫਸਰ ਦੀ ਬਦਲੀ ਨਹੀਂ ਕੀਤੀ ਜਾ ਸਕਣੀ ਤਾਂ ਇਹ ਸੰਕੇਤ ਹੈ ਕਿ ਉਸ ਦਿਨ ਚੋਣਾਂ ਲਈ ਐਲਾਨ ਹੋ ਸਕਦਾ ਹੈ।

ਅੱਗੇ ਕਦੇ ਇਸ ਤਰ੍ਹਾਂ ਦਾ ਸਿੱਧਾ ਸੰਕੇਤ ਚੋਣ ਕਮਿਸ਼ਨ ਨੇ ਨਹੀਂ ਸੀ ਦਿੱਤਾ, ਜਿਵੇਂ ਇਸ ਵਾਰ ਦਿੱਤਾ ਗਿਆ ਹੈ ਤੇ ਜਾਣਨ ਵਾਲੇ ਇਥੋਂ ਤੱਕ ਕਹਿ ਰਹੇ ਹਨ ਕਿ ਚੋਣ ਤਰੀਕਾਂ ਤੇ ਬਜਟ ਦਾ ਖਿਲਾਰਾ ਸਮੇਟਣ ਲਈ ਕੇਂਦਰ ਸਰਕਾਰ ਦੇ ਨਾਲ ਚੋਣ ਕਮਿਸ਼ਨ ਦੀ ਸਹਿਮਤੀ ਵੀ ਹੋਈ ਲੱਗਦੀ ਹੈ। ਸੱਚਾਈ ਸਿਰਫ ਚੋਣ ਕਮਿਸ਼ਨਰ ਜਾਣਦੇ ਹਨ। ਕੇਂਦਰ ਦੇ ਰੰਗ ਦੱਸਦੇ ਹਨ ਕਿ ਉਸ ਦੇ ਮੁਖੀ ਨੂੰ ਬਹੁਤ ਕੁਝ ਪਤਾ ਹੈ, ਪਰ ਜਾਹਰ ਕੀਤੇ ਬਿਨਾ ਅਧੂਰੇ ਕੰਮ ਸਿਰੇ ਚਾੜ੍ਹਨ ਦਾ ਇਰਾਦਾ ਹੈ।

ਇਸ ਵਕਤ ਇੱਕ ਵੀਡੀਓ ਵਾਇਰਲ ਹੋਈ ਪਈ ਹੈ, ਜਿਸ ਵਿਚ ਪੰਜ ਸਾਲ ਪਹਿਲਾਂ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਨਰਿੰਦਰ ਮੋਦੀ ਕਹਿ ਰਹੇ ਹਨ ਕਿ ਸਰਕਾਰਾਂ ਨੇ ਇਹ ਗਲਤ ਰਿਵਾਜ ਪਾ ਲਿਆ ਹੈ ਕਿ ਪਹਿਲਾਂ ਕੁਝ ਕਰਨਾ ਨਹੀਂ ਤੇ ਆਖਰੀ ਸਾਲ ਵਿਚ ਕੰਮ ਕਰ ਕੇ ਵੋਟਰਾਂ ਨੂੰ ਖੁਸ਼ ਕਰਨਾ ਹੈ, ਪਰ ਮੈਂ ਏਦਾਂ ਨਹੀਂ ਕਰਾਂਗਾ। ਮੋਦੀ ਸਾਹਿਬ ਇਸ ਵਿਚ ਕਹਿੰਦੇ ਸੁਣਦੇ ਹਨ ਕਿ ਮੈਂ ਹਰ ਕੰਮ ਮਿਥੇ ਸਮੇਂ ਅਤੇ ਲੋਕਾਂ ਦੀ ਲੋੜ ਮੁਤਾਬਕ ਨਾਲ ਦੀ ਨਾਲ ਕਰਦਾ ਰਹਾਂਗਾ ਤੇ ਤੁਹਾਨੂੰ ਮੇਰੇ ਬਾਰੇ ਕੋਈ ਰਾਏ ਬਣਾਉਣ ਦਾ ਖੁੱਲ੍ਹਾ ਮੌਕਾ ਦੇਵਾਂਗਾ।

ਬਹੁਤ ਸਾਰੇ ਲਾਰੇ ਲਾਉਣ ਤੇ ਫਿਰ ਭੁਲਾ ਦੇਣ ਲਈ ਜਾਣੇ ਜਾਂਦੇ ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਬਣ ਕੇ ਆਪਣਾ ਇਹ ਵਾਅਦਾ ਵੀ ਭੁੱਲਣ ਵਿਚ ਝਿਜਕ ਨਹੀਂ ਸੀ ਵਿਖਾਈ। ਇਸ ਵਕਤ ਜਦੋਂ ਪੰਜਵਾਂ ਸਾਲ ਵੀ ਮੁੱਕਣ ਵਾਲਾ ਹੈ, ਉਹ ਲੋਕਾਂ ਨੂੰ ਭਰਮਾਉਣ ਵਾਸਤੇ ਛੋਟਾਂ ਦੀ ਲੜੀ ਵੀ ਲਾਉਣ ਤੁਰੇ ਹਨ ਤੇ ਅਣ-ਐਲਾਨੇ ਅਜਿਹੇ ਕਦਮ ਵੀ ਚੁੱਕਣ ਦੇ ਰਾਹ ਪੈ ਗਏ ਹਨ, ਜੋ ਕਦੀ ਕਿਸੇ ਨੇ ਸੋਚੇ ਤੱਕ ਨਹੀਂ ਸਨ। ਪਿਛਲੇ ਹਫਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਹਿ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਬਣੀ ਤਾਂ ਕਿਸਾਨਾਂ ਦੀ ਬੱਧੀ ਹੋਈ ਸਾਲਾਨਾ ਆਮਦਨ ਦਾ ਜੁਗਾੜ ਪੈਦਾ ਕੀਤਾ ਜਾਵੇਗਾ। ਮੋਦੀ ਨੇ ਹਫਤਾ ਨਾ ਲੰਘਣ ਦਿੱਤਾ ਤੇ ਬਜਟ ਵਿਚ ਇਹ ਪ੍ਰਬੰਧ ਰਾਹੁਲ ਦੀ ਸਰਕਾਰ ਬਣਨ ਜਾਂ ਨਾ ਬਣਨ ਦੀ ਘੜੀ ਆਉਣ ਤੋਂ ਪਹਿਲਾਂ ਕਰ ਕੇ ਕਹਿ ਦਿੱਤਾ ਕਿ ਇਹ ਕੰਮ ਅਸੀ ਕਰ ਵੀ ਦਿੱਤਾ ਹੈ, ਰਾਹੁਲ ਦੇ ਕਰਨ ਲਈ ਕੁੱਝ ਬਚਿਆ ਹੀ ਨਹੀਂ।

ਕਿਸਾਨਾਂ ਲਈ ਛੇ ਹਜ਼ਾਰ ਰੁਪਏ ਸਾਲਾਨਾ ਦੀ ਆਮਦਨ ਦੀ ਸਰਕਾਰੀ ਤੌਰ ਉਤੇ ਗਾਰੰਟੀ ਕੀਤੀ ਤਾਂ ਭਾਜਪਾ ਆਗੂਆਂ ਨੇ ਅਸਮਾਨ ਸਿਰ ਉਤੇ ਚੁੱਕ ਲਿਆ ਕਿ ਸਾਡੀ ਸਰਕਾਰ ਨੇ ਉਹ ਕੰਮ ਕਰ ਦਿੱਤਾ ਹੈ, ਜੋ ਕਦੇ ਕਿਸੇ ਨੇ ਕੀਤਾ ਹੀ ਨਹੀਂ। ਇਸ ਐਲਾਨ ਪਿੱਛੋਂ ਕਿਸਾਨਾਂ ਦੇ ਇੱਕ ਕੌਮੀ ਪੱਧਰ ਦੇ ਆਗੂ ਨੂੰ ਜਦੋਂ ਇਸ ਫੈਸਲੇ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਕਿ ਛੇ ਹਜ਼ਾਰ ਸਾਲਾਨਾ ਦੇ ਹਰ ਮਹੀਨੇ ਪੰਜ ਸੌ ਰੁਪਏ ਬਣਦੇ ਹਨ ਤੇ ਇਹ ਰੋਜ਼ ਦੇ ਸੋਲਾਂ ਰੁਪਏ ਸੱਠ ਪੈਸੇ ਬਣਨਗੇ, ਜੇ ਕਿਸਾਨ ਪਰਿਵਾਰ ਦੇ ਪੰਜ ਮੈਂਬਰ ਵੀ ਹੋਏ ਤਾਂ ਹਰ ਜੀਅ ਵਾਸਤੇ ਸਿਰਫ ਤਿੰਨ ਰੁਪਏ ਬੱਤੀ ਪੈਸੇ ਰੋਜ਼ਾਨਾ ਬਣਦੇ ਹਨ, ਏਨੇ ਪੈਸੇ ਉਹ ਕਿੱਥੇ ਸੰਭਾਲਣਗੇ! ਕੁੰਭ ਦਾ ਮੇਲਾ ਛੇ ਸਾਲਾਂ ਪਿੱਛੋਂ ਆਉਂਦਾ ਹੈ। ਪਿਛਲੀ ਵਾਰ ਕੁੰਭ ਦੇ ਮੇਲੇ ਮੌਕੇ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੀ ਪਦਵੀ ਦਿਵਾਉਣ ਲਈ ਜਿਨ੍ਹਾਂ ਸਾਧਾਂ-ਸੰਤਾਂ ਨੇ ਉਸ ਦੇ ਮੂੰਹੋਂ ਰਾਮ ਮੰਦਿਰ ਬਣਾਏ ਜਾਣ ਦੀ ਗੱਲ ਸੁਣ ਕੇ ਸਾਰੇ ਦੇਸ਼ ਦੀ ਜਨਤਾ ਨੂੰ ਇਹ ਉਪਦੇਸ਼ ਦਿੱਤੇ ਸਨ ਕਿ ਰਾਮ ਮੰਦਿਰ ਚਾਹੀਦਾ ਹੈ ਤਾਂ ਮੋਦੀ ਦੇ ਮਗਰ ਵੋਟਾਂ ਪਾ ਦਿਓ, ਉਨ੍ਹਾਂ ਦੀਆਂ ਅੱਖਾਂ ਅੱਗੋਂ ਜਾਲਾ ਵੀ ਲੱਥ ਗਿਆ ਹੈ। ਇਸ ਵਾਰ ਕੁੰਭ ਨਹੀਂ, ਅਰਧ ਕੁੰਭ ਚੱਲਦਾ ਪਿਆ ਹੈ ਅਤੇ ਇਸ ਵਿਚ ਮੁੜ ਕੇ ਮੋਦੀ ਦੀ ਜਿੱਤ ਲਈ ਹਮਾਇਤ ਮੰਗਣ ਵਾਸਤੇ ਹੋਰਨਾਂ ਦੇ ਨਾਲ ਆਰ. ਐਸ਼ ਐਸ਼ ਦਾ ਮੁਖੀ ਮੋਹਣ ਭਾਗਵਤ ਓਥੇ ਖੁਦ ਵੀ ਡੇਰਾ ਲਾ ਕੇ ਬੈਠਾ ਹੈ।



ਸਾਧੂ ਕਹਿੰਦੇ ਹਨ ਕਿ ਪਹਿਲਾਂ ਮੰਦਿਰ ਦੇ ਮਾਮਲੇ ਵਿਚ ਅੱਜ ਤੱਕ ਕੀਤੀ ਕਾਰਵਾਈ ਬਾਰੇ ਦੱਸੋ ਤਾਂ ਅਗਲੀ ਗੱਲ ਕਰਾਂਗੇ। ਸੰਘ ਦੇ ਮੁਖੀ ਨੇ ਆਪਣੇ ਚਾਟੜਿਆਂ ਰਾਹੀਂ ਸਾਧਾਂ ਨੂੰ ਖੂੰਜੇ ਲਵਾ ਕੇ ਮੋਦੀ ਲਈ ਮਦਦ ਦਾ ਮਤਾ ਪਾਸ ਕਰਵਾ ਲਿਆ ਹੈ। ਇਹ ਹਾਲਤ ਪੈਦਾ ਹੋਣਾ ਦੱਸਦਾ ਹੈ ਕਿ ਮੋਦੀ ਦੇਸ਼ ਦੇ ਆਮ ਲੋਕਾਂ ਦੇ ਨਾਲ ਹੀ ਉਸ ਭਗਵਾਨ ਰਾਮ ਨਾਲ ਵੀ ਚੁਸਤੀ ਖੇਡ ਗਿਆ ਹੈ, ਜਿਸ ਨੂੰ ਸਮਰਪਿਤ ਹੋਣ ਦੇ ਦਾਅਵੇ ਨਾਲ ਪਹਿਲਾਂ ਮੁੱਖ ਮੰਤਰੀ ਤੇ ਫਿਰ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪਹੁੰਚਿਆ ਸੀ। ਸੰਘ ਪਰਿਵਾਰ ਫਿਰ ਵੀ ਉਸ ਦੇ ਨਾਲ ਹੈ।

ਸਮਝਣ ਦੀ ਗੱਲ ਸਿਰਫ ਇਹ ਨਹੀਂ ਕਿ ਮੋਦੀ ਨੇ ਲੋਕਾਂ ਨੂੰ ਵੱਧ ਬੁੱਧੂ ਬਣਾਇਆ ਜਾਂ ਭਗਵਾਨ ਰਾਮ ਨਾਲ ਚੁਸਤੀ ਖੇਡੀ, ਸਗੋਂ ਮੋਦੀ ਦਾ ਉਹ ਬੀਤਿਆ ਪਿਛੋਕੜ ਹੈ, ਜੋ ਦੱਸਦਾ ਹੈ ਕਿ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਇਹ ਬੰਦਾ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਗੁਜਰਾਤ ਵਿਚ ਹੋਏ ਮੁਸਲਿਮ ਵਿਰੋਧੀ ਦੰਗੇ ਤੇ ਉਨ੍ਹਾਂ ਦੰਗਿਆਂ ਦੌਰਾਨ ਮੋਦੀ ਦੀ ਸ਼ੱਕੀ ਭੂਮਿਕਾ ਅਜੇ ਤੱਕ ਵੀ ਸ਼ੱਕ ਤੋਂ ਪਰੇ ਨਹੀਂ ਹੋ ਸਕੀ। ਉਹ ਇਸ ਦੇਸ਼ ਵਿਚ ਪਹਿਲਾ ਮੁੱਖ ਮੰਤਰੀ ਸੀ, ਜਿਸ ਨੇ ਆਪਣੀ ਹਿੰਡ ਪੁਗਾਉਣ ਲਈ ਮੌਕੇ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਵੀ ਪ੍ਰੈਸ ਕਾਨਫਰੰਸ ਵਿਚ ਏਦਾਂ ਟੋਕਿਆ ਸੀ ਕਿ ਸਿਰਫ ਪੱਤਰਕਾਰ ਹੀ ਹੈਰਾਨ ਨਹੀਂ ਸੀ ਹੋਏ, ਪ੍ਰਧਾਨ ਮੰਤਰੀ ਵਾਜਪਾਈ ਦੇ ਦੰਦ ਵੀ ਜੁੜੇ ਦੇ ਜੁੜੇ ਰਹਿ ਗਏ ਸਨ। ਫਿਰ ਉਹ ਪ੍ਰਧਾਨ ਮੰਤਰੀ ਵੀ ਬੇਗਾਨੀ ਧਿਰ ਦਾ ਨਹੀਂ, ਮੋਦੀ ਦੀ ਆਪਣੀ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਸਰਬ ਪ੍ਰਵਾਨਤ ਆਗੂ ਸੀ ਤੇ ਸਾਰੀ ਪਾਰਟੀ ਮੋਦੀ ਦੇ ਸਾਹਮਣੇ ਨੀਵੀਂ ਪਾ ਕੇ ਰਹਿ ਗਈ ਸੀ।

ਸਾਰੇ ਜਾਣਦੇ ਹਨ ਕਿ ਆਰ. ਐਸ਼ ਐਸ਼ ਇੱਕ ਤਰ੍ਹਾਂ ਮੋਦੀ ਦੀ ਪਾਰਟੀ ਭਾਜਪਾ ਦੀ ਮਾਂ ਹੈ ਤੇ ਕੋਈ ਵੱਡੇ ਤੋਂ ਵੱਡਾ ਆਗੂ ਵੀ ਅੱਜ ਤੱਕ ਉਸ ਅੱਗੇ ਸਿਰ ਨਹੀਂ ਸੀ ਚੁੱਕ ਸਕਿਆ। ਜਦੋਂ ਮੋਦੀ ਦੇ ਜਵਾਨੀ ਵੇਲੇ ਦੇ ਸ਼ਰੀਕ ਸੰਜੇ ਜੋਸ਼ੀ ਵਾਲਾ ਮੁੱਦਾ ਆਇਆ ਤੇ ਮੋਦੀ ਨੇ ਇਹ ਮੰਗ ਰੱਖ ਦਿੱਤੀ ਕਿ ਜੋਸ਼ੀ ਨੂੰ ਪਾਰਟੀ ਵਿਚੋਂ ਕੱਢੋ, ਵਰਨਾ ਮੈਂ ਤੁਹਾਡੇ ਨਾਲ ਚੱਲਣ ਨੂੰ ਤਿਆਰ ਨਹੀਂ ਤਾਂ ਨਾਗਪੁਰ ਬੈਠੀ ਆਰ. ਐਸ਼ ਐਸ਼ ਲੀਡਰਸ਼ਿਪ ਵੀ ਝੁਕ ਗਈ ਸੀ। ਮੋਦੀ ਨੇ ਮੁੰਬਈ ਵਾਲੇ ਜਲਸੇ ਵਿਚ ਜਾਣ ਤੋਂ ਨਾਂਹ ਕੀਤੀ ਤੇ ਜਦੋਂ ਤੱਕ ਸੰਜੇ ਜੋਸ਼ੀ ਦੇ ਪਾਰਟੀ ਛੱਡਣ ਦਾ ਐਲਾਨ ਨਹੀਂ ਸੀ ਹੋਇਆ, ਫੋਨ ਵੀ ਨਹੀਂ ਸੀ ਚੁੱਕ ਰਿਹਾ। ਜਦੋਂ ਇਹ ਐਲਾਨ ਹੋ ਗਿਆ, ਮੋਦੀ ਨੇ ਹੈ-ਲੀਕਾਪਟਰ ਫੜਿਆ ਤੇ ਦੋ ਘੰਟਿਆਂ ਵਿਚ ਮੁੰਬਈ ਪਹੁੰਚ ਕੇ ਸਿੱਧਾ ਹੀ ਸਟੇਜ 'ਤੇ ਜਾ ਚੜ੍ਹਿਆ ਸੀ। ਉਹ ਸਥਿਤੀ ਅੱਜ ਵੀ ਕਾਇਮ ਹੈ।

ਕੋਈ ਨਿਤਿਨ ਗਡਕਰੀ ਬੋਲਦਾ ਹੈ ਤਾਂ ਲੋਕ ਆਖੀ ਜਾ ਰਹੇ ਹਨ ਕਿ ਨਾਗਪੁਰ ਵਾਲਿਆਂ ਦਾ ਬੁਲਾਇਆ ਬੋਲਦਾ ਹੈ। ਜਿਸ ਦਿਨ ਉਸ ਬਾਰੇ ਮੋਦੀ ਨੇ ਜ਼ਿਦ ਫੜੀ, ਗਡਕਰੀ ਨੂੰ ਵੀ ਆਰ. ਐਸ਼ ਐਸ਼ ਅਤੇ ਭਾਜਪਾ ਨੂੰ ਕੱਢਣਾ ਪੈ ਜਾਣਾ ਹੈ ਤੇ ਉਸ ਨੂੰ ਕੱਢਣ ਦਾ ਐਲਾਨ ਕਰਨ ਦੀ ਥਾਂ ਉਸ ਨੂੰ ਖੁਦ ਛੱਡਣ ਦਾ ਐਲਾਨ ਕਰਨ ਲਈ ਮਜਬੂਰ ਕੀਤਾ ਜਾਣਾ ਹੈ। ਮੋਦੀ ਵੱਡਾ ਅਤੇ ਆਰ. ਐਸ਼ ਐਸ਼ ਵੀ ਬੌਣਾ ਹੋ ਗਿਆ ਹੈ। ਇਸ ਵਕਤ ਜਦੋਂ ਲੋਕ ਸਭਾ ਚੋਣਾਂ ਦੀ ਧਮਕ ਪੈਣੀ ਸ਼ੁਰੂ ਹੋ ਗਈ ਹੈ, ਭਾਰਤ ਦੇ ਲੋਕ ਆਪਣੇ ਦੇਸ਼ ਦੇ ਭਵਿੱਖ ਦਾ ਨਕਸ਼ਾ ਸਮਝਣ ਦੇ ਯਤਨ ਕਰਦੇ ਪਏ ਹਨ। ਕਿਹੜੀ ਪਾਰਟੀ ਜਿੱਤ ਸਕਦੀ ਤੇ ਕੌਣ ਹਾਰ ਸਕਦੀ ਹੈ, ਇਸ ਸਬੰਧੀ ਸੂਝਵਾਨ ਨਾਗਰਿਕ ਸੋਚ ਰਹੇ ਹਨ। ਸੋਚ ਦਾ ਵੱਡਾ ਵਿਸ਼ਾ ਨਰਿੰਦਰ ਮੋਦੀ ਹੈ।

ਕਾਰਨ ਇਸ ਦਾ ਇਹ ਨਹੀਂ ਕਿ ਮੋਦੀ ਫਿਰ ਪ੍ਰਧਾਨ ਮੰਤਰੀ ਬਣੇ ਜਾਂ ਨਹੀਂ, ਸਗੋਂ ਇਹ ਹੋ ਗਿਆ ਹੈ ਕਿ ਜੇ ਉਹ ਐਤਕੀਂ ਜਿੱਤੇਗਾ ਤਾਂ ਭਾਰਤ ਦਾ ਤੇ ਇਸ ਦੀ ਧਰਮ ਨਿਰਪੱਖ ਦਿੱਖ ਦਾ ਕੀ ਬਣੇਗਾ? ਪਿਛਲੇ ਪੰਜ ਸਾਲਾਂ ਵਿਚ ਗਊ ਦਾ ਨਾਂ ਵਰਤ ਕੇ ਕਿੰਨੇ ਹੀ ਲੋਕਾਂ ਨੂੰ ਇਹ ਦੋਸ਼ ਲਾ ਕੇ ਮਾਰਿਆ ਗਿਆ ਹੈ ਕਿ ਉਹ ਗਾਂ ਦਾ ਮਾਸ ਖਾਣ ਵਾਲੇ ਹਨ ਤੇ ਇਹ ਕਦੀ ਵੇਖਿਆ ਨਹੀਂ ਗਿਆ ਕਿ ਮੰਡੀ ਤੋਂ ਉਹ ਲੋਕ ਦੁਧਾਰੂ ਗਾਂ ਪਰਿਵਾਰ ਦੀ ਦੁੱਧ ਦੀ ਲੋੜ ਪੂਰੀ ਕਰਨ ਲਈ ਲਿਆ ਰਹੇ ਹਨ। ਜਦੋਂ ਇਹ ਸਾਰਾ ਕੁਝ ਵਾਪਰਦਾ ਹੈ ਤਾਂ ਮੋਦੀ ਬੋਲਦੇ ਨਹੀਂ, ਪਰ ਜਦੋਂ ਸਭ ਕੁਝ ਹੋ ਚੁਕਾ ਹੁੰਦਾ ਹੈ, ਫਿਰ 'ਮਨ ਕੀ ਬਾਤ' ਪ੍ਰੋਗਰਾਮ ਵਿਚ ਇਹ ਕਹਿ ਦਿੰਦੇ ਹਨ ਕਿ ਏਦਾਂ ਦਾ ਕੰਮ ਕਰਨ ਵਾਲੇ ਸਾਡੇ ਬੰਦੇ ਨਹੀਂ, ਇਹ ਸਮਾਜ ਵਿਰੋਧੀ ਅਨਸਰ ਹਨ। ਨਾਲ ਆਰ. ਐਸ਼ ਐਸ਼ ਦੇ ਬੁਲਾਰੇ ਮੀਡੀਆਂ ਸਾਹਮਣੇ ਉਨ੍ਹਾਂ ਬੰਦਿਆਂ ਦਾ ਬਚਾਅ ਕਰਦੇ ਸੁਣ ਰਹੇ ਹੁੰਦੇ ਹਨ ਅਤੇ ਹੇਠਾਂ ਇਹ ਸਿਗਨਲ ਚਲਾ ਜਾਂਦਾ ਹੈ ਕਿ ਇਸ਼ਾਰਾ ਕਰ ਕੇ ਕੰਮ ਕਰਵਾਇਆ ਵੀ ਜਾਂਦਾ ਹੈ, ਗੁਜਰਾਤ ਦੇ ਦੰਗਿਆਂ ਵਾਂਗ ਆਪਣੇ ਸਿਰ ਗੱਲ ਵੀ ਕਦੇ ਨਹੀਂ ਪੈਣ ਦਿੱਤੀ ਜਾਂਦੀ ਤੇ ਦੋਸ਼ੀਆਂ ਦਾ ਬਚਾਅ ਵੀ ਕੀਤਾ ਜਾਂਦਾ ਹੈ।

ਜਿਸ ਸਰਕਾਰ ਨੇ ਪੰਜ ਸਾਲ ਇਸ ਤਰ੍ਹਾਂ ਦੇ ਕਈ ਰੰਗ ਵਿਖਾਏ ਹੋਣ, ਅਗਲੀ ਪਾਰਲੀਮੈਂਟ ਚੋਣ ਮੁੜ ਜਿੱਤ ਗਈ ਤਾਂ ਕੀ ਬਣੇਗਾ? ਜੋ ਲੋਕ ਇਹ ਚਿੰਤਾ ਕਰ ਰਹੇ ਹਨ, ਐਵੇਂ ਤਾਂ ਨਹੀਂ ਕਰਦੇ ਪਏ!

# ਸਤਿਗੁਰ ਭਗਤ ਰਵਿਦਾਸ ਜੀ ਮਹਾਰਾਜ ਦਾ ਪ੍ਰਕਾਸ਼ ਦਿਵਸ ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਇਆ



ਮੈਰਿਸਵੈਲ (ਸਿਆਟਲ) ਪਿਛਲੇ ਦਿਨੀਂ ਗੁਰਦੁਆਰਾ ਸਾਹਿਬ ਮੈਰਿਸਵੈਲ ਸਿਆਟਲ ਵਿਖੇ ਸਤਿਗੁਰ ਭਗਤ ਰਵਿਦਾਸ ਜੀ ਮਹਾਰਾਜ ਦਾ ਪ੍ਰਕਾਸ਼ ਦਿਵਸ ਬੜੀ ਹੀ ਸ਼ਰਧਾ ਭਾਵਨਾ ਨਾਲ ਸੰਗਤ ਵਲੋਂ ਮਨਾਇਆ ਗਿਆ ਅਤੇ 24 ਫਰਵਰੀ 2019 ਦਿਨ ਐਤਵਾਰ ਨੂੰ ਵਾਸ਼ਿੰਗਟਨ ਸਟੇਟ ਦੇ ਮੈਰਿਸਵੈਲ ਸ਼ਹਿਰ ਦੇ ਮਸ਼ਹੂਰ ਬਿਜਨੈਸਮੈਨ ,ਪੰਜਾਬੀ ਕਮਿਊਨਟੀ ਦੀ ਜਾਣੀ ਪਹਿਚਾਣੀ ਸਖਸ਼ੀਅਤ ਇੰਡੋ- ਯੂ ਐਸ ਸਪੋਰਟਸ ਕਲੱਬ ਦੇ ਪ੍ਰਧਾਨ ਬਲਵੰਤ ਸਿੰਘ ਘੱਗ ਸਮੂਹ ਪਰਿਵਾਰ ਵਲੋਂ ਬੱਚੇ ਸਿਮਰਨਜੀਤ ਸਿੰਘ ਘੱਗ ਦਾ ਜਨਮ ਦਿਨ ਗੁਰਦੁਆਰਾ ਸਾਹਿਬ ਵਿਖੇ ਮਨਾਇਆ ਗਿਆ, ਜਿਸ ਵਿੱਚ ਗੁਰਦੁਆਰਾ ਸਾਹਿਬ ਦੇ ਰਾਗੀ ਜੱਥੇ ਭਾਈ ਰੁਮੇਲ ਸਿੰਘ ਅਤੇ ਭਾਈ ਸੋਹਣ ਸਿੰਘ ਅਰਸ਼ ਰਾਗੀ ਜੱਥਾ ਵਲੋਂ ਇਲਾਹੀ ਬਾਣੀ ਦੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ, ਵਾਸ਼ਿੰਗਟਨ ਸਟੇਟ ਦੇ ਮਸ਼ਹੂਰ ਇਮਾਨਦਾਰ ਰੀਅਲ ਅਸਟੇਟ ਬਰੋਕਰ ਭਾਈ ਇੰਦਰਜੀਤ ਸਿੰਘ ਬੱਲੋਵਾਲੀਆ ਅਤੇ ਸਾਥੀ ਗੁਰਜਿੰਦਰ ਸਿੰਘ ਬੂੱਟਰ,ਭਾਈ ਦਲਬੀਰ ਸਿੰਘ, ਭਾਈ ਬਲਵਿੰਦਰ ਸਿੰਘ, ਭਾਈ ਜਸਬੀਰ ਸਿੰਘ ਵਲੋਂ ਗੁਰਇਤਿਹਾਸ ਨਾਲ ਸੰਗਤਾਂ ਨੂੰ ਜੋੜਿਆ ਗਿਆ।

# ਲਾਜ ਸੈਣੀ ਦੀ ਨਿੱਘੀ ਯਾਦ ਵਿੱਚ ਇਕ ਕਾਵਿਕ ਸ਼ਾਮ ਮਨਾਈ ਗਈ

ਨੀਲਮ ਸੈਣੀ ਦੇ ਪਤੀ ਲਾਜ ਸੈਣੀ 21 ਫਰਵਰੀ 2018 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਇਸ ਸੰਦਰਭ ਵਿੱਚ ਉਸ ਦੀ ਪਹਿਲੀ ਬਰਸੀ ਮਿਤੀ 17 ਫਰਵਰੀ 2019 ਨੂੰ 'ਮੁਲਾਕਾਤ ਹਾਲ ' ਨਿਊਆਰਕ ਵਿਖੇ ਅਲਕਾ ਮਦਾਨ ਪ੍ਰਧਾਨ 'ਗਲੋਬਲ ਵੁਮੈਨ ਪਾਵਰ ਆਰਗੇਨਾਈਜ਼ੇਸ਼ੇਨ', 'ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ' ਅਤੇ ਹੋਰ ਸਾਹਿਤਿਕ ਅਦਾਰਿਆਂ ਦੇ ਪ੍ਰਤੀਨਿਧਾਂ ਲੇਖਕਾਂ ਅਤੇ ਹੋਰ ਹਮਦਰਦਾਂ ਦੀ ਭਰਵੀਂ ਹਾਜ਼ਰੀ ਵਿਚ ਮਨਾਈ ਗਈ।




ਯਕੀਨ ਨਹੀਂ ਆਉਂਦਾ ਕਿ ਅੱਜ ਤੋਂ ਇੱਕ ਸਾਲ ਪਹਿਲਾਂ ਲਾਜ ਸੈਣੀ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ ਸਨ। ਹੋਰ ਵੀ ਦੁੱਖ ਇਸ ਗੱਲ ਦਾ ਹੈ ਕਿ ਲਾਜ ਤੋਂ ਬਾਅਦ ਉਸ ਦੇ ਭਰਾ ਤੇ ਭੈਣ ਵੀ ਇਸ ਦੁਨੀਆ ਤੋਂ ਚਲੇ ਗਏ ਹਨ। ਜਾਪਦਾ ਸੀ ਨੀਲਮ ਇਸ ਸਦਮੇ ਨੂੰ ਬਰਦਾਸ਼ਤ ਨਹੀਂ ਕਰ ਸਕੇਗੀ ਪਰ ਉਸ ਨੇ ਜਿਗਰਾ ਕਰਦਿਆਂ ਹੋਇਆ ਸਿਆਣਪ ਨਾਲ ਆਪਣੇ ਆਪ ਨੂੰ ਤੇ ਅਭੀ ਨੂੰ ਵੀ ਸੰਭਾਲ ਲਿਆ ਹੈ। ਆਖਣ ਨੂੰ ਤਾਂ ਸਾਰੇ ਹੀ ਗੁਰਬਾਣੀ ਦੀ ਇਹ ਤੁਕ ਆਖ ਦਿੰਦੇ ਹਨ ਕਿ 'ਤੇਰਾ ਭਾਣਾ ਮੀਠਾ ਲਾਗੇ' ਨੀਲਮ ਨੇ ਆਪਣੇ ਸਹਿਯੋਗੀਆਂ ਦੀ ਹਮਦਰਦੀ ਤੇ ਨਿੱਘੇ ਸਾਥ ਸਦਕਾ ਇਸ ਦੇ ਭਾਵ ਅਨੁਸਾਰ ਭਾਣਾ ਮੰਨ ਕੇ ਅਗਲਾ ਜੀਵਨ ਜਿਉਂਣ ਲਈ ਕਾਮਯਾਬੀ ਨਾਲ ਸਫਲਤਾ ਹਾਸਿਲ ਕਰ ਲਈ ਹੈ।

ਇਸ ਸਮਾਗਮ ਵਿਚ ਲਾਜ ਸੈਣੀ ਨੂੰ ਯਾਦ ਕਰਦਿਆਂ ਕੁੱਝ ਮੁਲਾਕਾਤਾਂ ਤੇ ਨਿੱਜੀ ਸੰਬਧਾਂ ਦੇ ਅਧਾਰ ਤੇ ਸਭ ਵੱਲੋਂ ਆਪਣੇ ਦਿਲੀ ਵਲਵਲੇ ਸਾਂਝੇ ਕੀਤੇ ਗਏ। ਲਾਜ ਨੇ ਹਰ ਵੇਲੇ ਜੀਵਨ ਵਿਚ ਨੀਲਮ ਸੈਣੀ ਦਾ ਪੂਰਾ ਸਾਥ ਦਿੱਤਾ ਤੇ ਨੀਲਮ ਦੇ ਸਾਹਿਤਕ ਸਫ਼ਰ ਵਿੱਚ ਵੀ ਪੂਰਾ ਸਾਥ ਨਿਭਾਇਆ। ਹਰ ਸਮਾਗਮ ਵਿਚ ਲਾਜ ਹਮੇਸ਼ਾ ਨੀਲਮ ਦੇ ਨਾਲ ਰਿਹਾ। ਲਾਜ ਨੀਲਮ ਦਾ ਪਹਿਲਾ ਪਾਠਕ ਹੀ ਨਹੀਂ ਸੀ ਬਲਕਿ ਇੱਕ ਸੁਚੱਜਾ ਸਲਾਹਕਾਰ ਤੇ ਆਲੋਚਕ ਵੀ ਸੀ। ਜਿਸ ਸਦਕਾ ਨੀਲਮ ਦੀਆਂ ਲਿਖਤਾਂ ਵਿੱਚ ਨਿਰੰਤਰ ਸੁਧਾਰ ਆਉਂਦਾ ਗਿਆ। ਉਸ ਦੇ ਜਾਣ ਨਾਲ ਨੀਲਮ ਨੂੰ ਨਾ ਪੂਰਾ ਹੋ ਸਕਣ ਵਾਲਾ ਘਾਟਾ ਪਿਆ ਹੈ।



ਸਟੇਜ ਸਕੱਤਰ ਦੀ ਜ਼ੁੰਮੇਵਾਰੀ ਸੁਖਵਿੰਦਰ ਕੰਬੋਜ ਵੱਲੋਂ ਨਿਭਾਈ ਗਈ। ਇਸ ਸਭਾ ਦਾ ਆਗਾਜ਼ ਸੁਖਦੇਵ ਸਾਹਿਲ ਵੱਲੋਂ ਗਾਈ ਲਾਜ ਸੈਣੀ ਦੀ ਇਕ ਪਸੰਦੀਦਾ ਬੁਲ੍ਹੇ ਸ਼ਾਹ ਦੀ ਕਾਫੀ ਨਾਲ ਕੀਤਾ ਗਿਆ। ਉਪਰੰਤ ਨੀਲਮ ਸੈਣੀ ਨੇ ਅੱਗੇ ਤੋਂ ਆਪਣੇ ਨਾਂ ਨਾਲ ਆਪਣੇ ਮਰਹੂਮ ਪਤੀ ਲਾਜ ਦਾ ਨਾਂ ਜੋੜਦਿਆਂ ਆਪਣਾ ਸਾਹਿਤਿਕ ਨਾਂ 'ਲਾਜ ਨੀਲਮ ਸੈਣੀ 'ਕਰਨ ਦਾ ਐਲਾਨ ਕੀਤਾ। ਜਿਸ ਦਾ ਸਾਰਿਆਂ ਵੱਲੋਂ ਸਵਾਗਤ ਕੀਤਾ ਗਿਆ।

ਉਸ ਤੋਂ ਬਾਅਦ ਜਗਤਾਰ ਗਿੱਲ ਨੇ ਨੀਲਮ ਦੇ ਹੌਸਲੇ ਦੀ ਦਾਦ ਦਿੰਦਿਆਂ ਕਿਹਾ ਕਿ ਕਿਵੇਂ ਇਸ ਦੁੱਖ ਦੀ ਘੜੀ ਵਿਚ ਉਸ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਇੱਕ ਕਵਿਤਾ ਰਾਹੀਂ ਆਪਣੀ ਹਾਜ਼ਰੀ ਲਗਵਾਈ।

ਸ੍ਰੀ ਮਤਿ ਅਲਕਾ ਮਦਾਨ , ਗੁਲਸ਼ਨ ਦਿਆਲ, ਰਾਠੇਸ਼ਵਰ ਸਿੰਘ ਸੂਰਾਪੁਰੀ , ਸੁਰਿੰਦਰ ਧਨੋਆ, ਅਮਰਜੀਤ ਪੰਨੂ , ਪਰਦੇਸ਼ ਟਾਈਮਜ਼ ਦੇ ਸੰਪਾਦਕ ਬਲਬੀਰ ਸਿੰਘ ਐਮ ਏ, ਤਾਰਾ ਸਾਗਰ , ਰੇਸ਼ਮ ਸਿੱਧੂ, ਡਾਕਟਰ ਰਮੇਸ਼ ਕੁਮਾਰ, ਗਜ਼ਲਗੋ ਕੁਲਵਿੰਦਰ ,ਜਸਵਿੰਦਰ ਸਿੰਘ ਅਤੇ ਇੰਦਰਜੀਤ ਗਰੇਵਾਲ ਵੱਲੋਂ ਭਾਵ ਭਿੰਨੇ ਸ਼ਬਦਾਂ ਅਤੇ ਨਜ਼ਮਾਂ ਰਾਹੀਂ ਇਸ ਅਫਸਰ ਤੇ ਸ਼ਰਧਾ ਦੇ ਫੁਲ ਭੇਂਟ ਕੀਤੇ ਗਏ। ਅਖੀਰ ਵਿੱਚ ਨੀਲਮ ਸੈਣੀ ਦੇ ਸਪੁੱਤਰ ਅਭੀ ਸੈਣੀ ਵੱਲੋਂ ਇਸ ਸਮਾਗਮ ਵਿੱਚ ਸ਼ਾਮਿਲ ਸਭਨਾ ਦਾ ਧੰਨਵਾਦ ਕੀਤਾ ਤੇ ਆਪਣੇ ਡੈਡ ਨੂੰ ਯਾਦ ਕਰਦਿਆਂ ਕੁਝ ਯਾਦਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ ਅਤੇ ਸਾਰਿਆਂ ਨੂੰ ਚਾਹ ਦਾ ਲੰਗਰ ਛੱਕ ਕੇ ਜਾਣ ਦੀ ਬੇਨਤੀ ਕੀਤੀ ਗਈ। ਹੋਰਾਂ ਤੋਂ ਇਲਾਵਾ ਅਸ਼ੋਕ ਟਾਂਗਰੀ, ਅਮਰਜੀਤ ਕੌਰ ਜੋਹਲ , ਹਰਜਿੰਦਰ ਪੰਧੇਰ , ਮ੍ਰਿਗਿੰਦਰ ਪੰਧੇਰ , ਰਾਣੀ ਘਣਗਸ ਤੇ ਜਸਵਿੰਦਰ ਕੌਰ ਧਨੋਆ ਵੀ ਇਸ ਮੌਕੇ ਤੇ ਸ਼ਾਮਿਲ ਸਨ।

**ਰਿਪੋਰਟ ਗੁਲਸ਼ਨ ਦਿਆਲ ਸਾਹਿਤ ਸੱਕਤਰ**
**ਵਿਸ਼ਵ ਪੰਜਾਬੀ ਸਾਹਿਤ ਅਕਾਦਮੀ**


FAIRWAY BODY SHOP

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ
ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ



Gurdial Aujla



Darshan Aujla
510-750-6116

1421 Industrial Parkway West #C
Hayward, CA 94644

510-538-2983



COLUMBIA PARTNERS

REAL ESTATE

DILBAG SINGH
Broker Lic # 74416
CBA MLS.

ਘਰ, ਮੋਟਲ, ਬਿਜਨੈਸ, ਗੈਸ ਸਟੇਸ਼ਨ,
ਸ਼ਾਪਿੰਗ ਮਾਲ ਜਾਂ ਕਿਸੇ ਵੀ ਪ੍ਰਕਾਰ ਦੀ
ਪ੍ਰਾਪਰਟੀ ਖਰੀਦਣੀ ਜਾਂ ਵੇਚਣੀ ਹੋਵੇ ਤਾਂ
ਤਸੱਲੀਬਖਸ਼ ਸੇਵਾਵਾਂ ਲਈ ਸੰਪਰਕ ਕਰੋ-

DILBAG SINGH EMAIL: dilbagbains@yahoo.com
DIRECT: (206) 841-4132, OFFICE: (206) 588-2559
FAX: (206) 299-9199

8221 5th Ave NE Seattle WA 98115

# ਸੰਪਾਦਕੀ

## ਦੱਖਣੀ ਏਸ਼ੀਆ ਵਿਚ ਤਣਾਅ

ਭਾਰਤ ਦੇ ਕਸ਼ਮੀਰ ਵਿਚ ਸੀ. ਆਰ. ਪੀ. ਐਫ. ਦੇ ਕਾਫਲੇ ਤੇ ਹੋਏ ਆਤਮਘਾਤੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਸਿਖਰ ਤੇ ਪਹੁੰਚ ਚੁੱਕਾ ਹੈ। ਭਾਰਤ ਨੇ ਇਸ ਹਮਲੇ ਦੇ ਜਵਾਬ ਵਿਚ ਪਾਕਿਸਤਾਨ ਤੇ ਹਵਾਈ ਹਮਲੇ ਕੀਤੇ ਹਨ। ਹਾਲਾਂਕਿ ਪਾਕਿਸਤਾਨ ਵੱਲੋਂ ਇਸ ਦਾ ਜਵਾਬ ਵੀ ਦਿੱਤਾ ਗਿਆ। ਭਾਰਤ ਇਹ ਕਾਰਵਾਈ ਅੱਤਵਾਦ ਮਿਟਾਉਣ ਲਈ ਕਰ ਰਿਹਾ ਹੈ, ਜਦਕਿ ਪਾਕਿਸਤਾਨ ਇਸ ਗੱਲ ਨੂੰ ਮੰਨਦਾ ਨਹੀਂ। ਸਾਰੀ ਦੁਨੀਆਂ ਜਾਣਦੀ ਹੈ ਕਿ ਦਹਿਸ਼ਤਗਰਦੀ ਅੱਜ ਇਕ ਅਜਿਹਾ ਮੁੱਦਾ ਬਣ ਚੁੱਕਾ ਹੈ, ਜਿਸ ਨੇ ਸਾਰੀ ਦੁਨੀਆਂ ਵਿਚ ਡਰ ਪੈਦਾ ਕੀਤਾ ਹੋਇਆ ਹੈ। 9-11 ਹੋਵੇ। ਜਰਮਨੀ, ਫਰਾਂਸ ਵਿਚ ਹੋਏ ਭਿਆਨਕ ਦਹਿਸ਼ਤਗਰਦ ਹਮਲੇ ਹੋਣ, ਇਰਾਕ ਵਿਚ ਹਰ ਰੋਜ਼ ਹੋ ਰਹੀਆਂ ਹੱਤਿਆਵਾਂ ਹੋਣ, ਅਫਗਾਨਿਸਤਾਨ ਵਿਚ ਤਾਲਿਬਾਨ ਦੁਆਰਾ ਆਮ ਗਰੀਬ ਅਫਗਾਨੀਆਂ ਦੀਆਂ ਕੱਟੀਆਂ ਜਾ ਰਹੀਆਂ ਗਰਦਨਾਂ ਹੋਣ, ਭਾਰਤ ਵਿਚ ਹੋ ਰਹੇ ਦਹਿਸ਼ਤਗਰਦ ਹਮਲੇ ਹੋਣ ਜਾਂ ਦੁਨੀਆਂ ਦੇ ਲੱਗਭੱਗ ਸਾਰੇ ਮੁਲਕਾਂ ਵਿਚ ਹੋ ਰਹੇ ਦਹਿਸ਼ਤਗਰਦ ਹਮਲੇ ਹੋਣ, ਦਹਿਸ਼ਤਗਰਦੀ ਅੱਜ ਇਕ ਅਜਿਹਾ ਮੁੱਦਾ ਬਣ ਚੁੱਕਾ ਹੈ, ਜਿਸ ਦੇ ਕਾਰਨ ਆਮ ਲੋਕੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਨ। ਅਮਰੀਕਾ ਵਿਚ ਵੀ ਅਜਿਹੇ ਹਮਲੇ ਹੋ ਰਹੇ ਹਨ।

ਅਸੀਂ ਗੱਲ ਕਰ ਰਹੇ ਸੀ ਦੱਖਣੀ ਏਸ਼ੀਆ ਦੀ। ਇਸ ਖਿੱਤੇ ਵਿਚ ਭਾਰਤ ਅਤੇ ਪਾਕਿਸਤਾਨ ਅਜਿਹੇ ਮੁਲਕ ਹਨ, ਜਿਹੜੇ ਇਕ-ਦੂਜੇ ਦੇ ਵਿਰੋਧੀ ਹਨ। ਪਾਕਿਸਤਾਨ ਵਿਚ ਬਦਕਿਸਮਤੀ ਨਾਲ ਲੋਕਰਾਜ ਪੈਰ ਨਹੀਂ ਪਸਾਰ ਸਕਿਆ ਅਤੇ ਉਥੋਂ ਦੀ ਫੌਜ ਦੇ ਹੱਥਾਂ ਵਿਚ ਹੀ ਸਿਸਟਮ ਖੇਡਦਾ ਰਿਹਾ। ਫੌਜ ਨੇ ਸਿਰਫ ਆਪਣੇ ਫੌਜੀ ਹਿੱਤ ਹੀ ਅੱਗ ਰੱਖੇ, ਜਿਸ ਕਾਰਨ ਫੌਜ ਵਾਰ-ਵਾਰ ਅਜਿਹੀਆਂ ਕੋਸ਼ਿਸ਼ ਕਰਦੀ ਹੈ, ਜਿਸ ਨਾਲ ਉਸ ਦੀ ਅਹਿਮੀਅਤ ਬਣੀ ਰਹੇ। ਤਾਲਿਬਾਨ ਹੋਵੇ ਜਾਂ ਅਲ ਕਾਇਦਾ, ਲਸ਼ਕਰੇ ਤੋਇਬਾ ਹੋਵੇ ਜਾਂ ਹੋਰ ਅਜਿਹੇ ਹੀ ਸੈਂਕੜੇ ਦਹਿਸ਼ਤਗਰਦੀ ਗਰੁੱਪ, ਪਾਕਿਸਤਾਨ ਦੀ ਫੌਜ ਨੇ ਪੈਦਾ ਕਰ ਰੱਖੇ ਹਨ ਅਤੇ ਇਹਨਾਂ ਨੂੰ ਪਨਾਹ ਮਿਲਦੀ ਹੈ। ਇਹੀ ਕਾਰਨ ਹੈ ਕਿ ਪਾਕਿਸਤਾਨ ਦੇ ਸਾਰੇ ਗੁਆਂਢੀ ਮੁਲਕ ਇਸ ਤੋਂ ਪ੍ਰੇਸ਼ਾਨ ਹਨ। ਇਸ ਵਕਤ ਹਾਲਾਤ ਅਜਿਹੇ ਹਨ ਕਿ ਸਾਰੀ ਦੁਨੀਆਂ ਪਾਕਿਸਤਾਨ ਦੇ ਖਿਲਾਫ ਹੋ ਗਈ ਹੈ।

ਇਸ ਵਕਤ ਹਾਲਾਤ ਅਜਿਹੇ ਹਨ ਕਿ ਦਹਿਸ਼ਤਗਰਦੀ ਦੇ ਕਾਰਨ ਦੁਨੀਆਂ ਦੇ ਬਹੁਤ ਸਾਰੇ ਮੁਲਕ ਪ੍ਰੇਸ਼ਾਨ ਹਨ। ਇਸ ਜਾਨਵਰਾਂ ਵਰਗੀ ਪ੍ਰਵਿਰਤੀ ਦੇ ਖਿਲਾਫ ਅੱਜ ਦੀ ਆਧੁਨਿਕ ਦੁਨੀਆਂ ਲੜ ਰਹੀ ਹੈ ਅਤੇ ਜ਼ਾਹਿਰ ਹੈ ਕਿ ਭਾਰਤ ਵੀ ਇਕ ਸਭਿਅਕ ਮੁਲਕ ਵਜੋਂ ਇਸ ਦੇ ਖਿਲਾਫ ਲੜ ਰਿਹਾ ਹੈ। ਪਾਕਿਸਤਾਨ ਵੀ ਜੇਕਰ ਇਸ ਤਰਕ ਨੂੰ ਸਮਝੇ ਤਾਂ ਬਿਹਤਰ ਹੈ, ਨਹੀਂ ਤਾਂ ਉਸ ਦੀ ਹਾਲਤ ਵੀ ਦੁਨੀਆਂ ਦੇ ਉਜਾੜ ਵੱਲ ਵੱਧ ਰਹੇ ਮੁਲਕਾਂ ਵਰਗੀ ਹੋਵੇਗੀ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771, Ph : 510-516-3536

36415 RUSCHIN DR.
NEWARK, CA 94560

Buta Ram joshi Staff Reporter,
Fresno 559-803-0055

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਰੇਗਿਸਤਾਨ ਵੱਲ ਵਧਦਾ ਜਾ ਰਿਹਾ ਹੈ ਪੰਜਾਬ

ਪੰਜਾਬ ਦੇ ਰਾਜਪਾਲ ਵੱਲੋਂ ਭਵਿੱਖ ਵਿਚ ਪਾਣੀ ਦੇ ਸੰਕਟ ਬਾਰੇ ਪ੍ਰਗਟਾਈ ਚਿੰਤਾ ਦੀ ਤਾਈਦ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜੇਕਰ ਹਾਲਾਤ ਇਹੀ ਰਹੇ ਤਾਂ ਅਗਲੇ ਵੀਹ ਸਾਲਾਂ ਅੰਦਰ ਪੰਜਾਬ ਰੇਗਿਸਤਾਨ ਵਿਚ ਬਦਲ ਜਾਵੇਗਾ। ਪਾਣੀ ਦੇ ਸੰਕਟ ਬਾਰੇ ਅਜਿਹੀ ਚਿੰਤਾ ਪਹਿਲੀ ਵਾਰ ਨਹੀਂ ਪ੍ਰਗਟਾਈ ਗਈ ਪਰ ਵਿਧਾਨ ਸਭਾ ਅੰਦਰ ਸੂਬੇ ਦੇ ਰਾਜਪਾਲ ਅਤੇ ਮੁੱਖ ਮੰਤਰੀ ਵੱਲੋਂ ਅਧਿਕਾਰਤ ਤੌਰ ਉੱਤੇ ਕੀਤੀਆਂ ਗਈਆਂ ਟਿੱਪਣੀਆਂ ਸਥਿਤੀ ਦੀ ਗੰਭੀਰਤਾ ਉੱਤੇ ਮੋਹਰ ਲਗਾ ਰਹੀਆਂ ਹਨ। ਸੂਬੇ ਦੇ 77 ਫ਼ੀਸਦ ਖੇਤਰ ਦੀ ਸਿੰਜਾਈ 14.14 ਲੱਖ ਟਿਊਬਵੈੱਲਾਂ ਰਾਹੀਂ ਹੁੰਦੀ ਹੈ ਅਤੇ 23 ਫ਼ੀਸਦ ਰਕਬੇ ਦੀ ਨਹਿਰੀ ਪਾਣੀ ਨਾਲ। ਪਿਛਲੇ ਦਿਨੀਂ ਆਈ ਇਕ ਰਿਪੋਰਟ ਅਨੁਸਾਰ ਪੰਜਾਬ ਵਿਚ ਬਰਸਾਤ ਰਾਹੀਂ ਜਿੰਨਾ ਪਾਣੀ ਧਰਤੀ ਵਿਚ ਜੀਰਦਾ (ਰੀਚਾਰਜ) ਹੈ, ਉਸ ਤੋਂ ਡੇਢ ਗੁਣਾ ਬਾਹਰ ਕੱਢਿਆ ਜਾ ਰਿਹਾ ਹੈ। ਪਾਣੀ ਕੇਵਲ ਡੂੰਘਾ ਹੀ ਨਹੀਂ ਸਗੋਂ ਪ੍ਰਦੂਸ਼ਿਤ ਵੀ ਹੋ ਰਿਹਾ ਹੈ। ਪੰਜਾਬ ਦਾ ਅੰਮ੍ਰਿਤ ਵਰਗਾ ਪਾਣੀ ਵੀ ਹੁਣ ਸੋਧੇ ਬਿਨਾਂ ਪੀਣਯੋਗ ਨਹੀਂ ਰਿਹਾ।



ਇਸ ਸੰਭਾਵਿਤ ਆਫ਼ਤ ਦੀ ਆਹਟ ਵਿਚ ਬਹੁਤ ਪਹਿਲਾਂ ਹੀ ਮਿਲ ਗਈ ਸੀ। ਸਾਲ 1985 ਅਤੇ ਫਿਰ 2002 ਵਿਚ ਖੇਤੀ ਅਰਥ ਸ਼ਾਸਤਰੀ ਪ੍ਰੋਫ਼ੈਸਰ ਸਰਦਾਰਾ ਸਿੰਘ ਜੌਹਲ ਦੀ ਅਗਵਾਈ ਵਿਚ ਕਮੇਟੀਆਂ ਬਣਾਈਆਂ ਗਈਆਂ। ਕਮੇਟੀਆਂ ਦੀ ਰਾਇ ਅਨੁਸਾਰ ਪੰਜਾਬ ਦੇਸ਼ ਦੇ ਅਨਾਜ ਭੰਡਾਰ ਹੀ ਨਹੀਂ ਭਰ ਰਿਹਾ ਸਗੋਂ ਆਪਣੇ ਬੇਸ਼ਕੀਮਤੀ ਪਾਣੀ ਦੀ ਭੇਟਾ ਵੀ ਚੜ੍ਹਾ ਰਿਹਾ ਹੈ। ਇਹ ਸਿਫ਼ਾਰਸ਼ ਵੀ ਕੀਤੀ ਗਈ ਕਿ ਘੱਟੋ-ਘੱਟ ਦਸ ਫ਼ੀਸਦ ਰਕਬੇ ਨੂੰ ਕਣਕ ਅਤੇ ਝੋਨੇ ਹੇਠੋਂ ਕੱਢ ਕੇ ਉਸ ਵਿਚ ਦੂਸਰੀਆਂ ਫ਼ਸਲਾਂ ਉਗਾਉਣ ਦੀ ਲੋੜ ਹੈ। ਪ੍ਰੋਫ਼ੈਸਰ ਜੌਹਲ ਨੇ ਯੋਜਨਾ ਬੋਰਡ ਦਾ ਵਾਈਸ ਚੇਅਰਮੈਨ ਹੁੰਦਿਆਂ ਕੇਂਦਰ ਨੂੰ ਇਕ ਸਕੀਮ ਭੇਜੀ ਸੀ ਕਿ ਪੰਜਾਬ ਦੇ ਕਿਸਾਨਾਂ ਨੂੰ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿਚੋਂ ਕੱਢਣ ਲਈ ਅਜ਼ਮਾਇਸ਼ ਦੇ ਤੌਰ 'ਤੇ 2.5 ਲੱਖ ਹੈਕਟੇਅਰ ਰਕਬੇ ਵਿਚ ਕਣਕ-ਝੋਨੇ ਦੇ ਬਜਾਇ ਕੋਈ ਵੀ ਹੋਰ ਫ਼ਸਲ ਬੀਜਣ ਵਾਲੇ ਕਿਸਾਨ ਨੂੰ 5 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਸਹਾਇਤਾ ਦਿੱਤੀ ਜਾਏ ਪਰ ਇਸ ਸਿਫ਼ਾਰਸ਼ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ।

ਹੋਰ ਫ਼ਸਲਾਂ ਦੀ ਖਰੀਦ ਦੀ ਗਾਰੰਟੀ ਨਾ ਹੋਣ ਕਰਕੇ ਪੰਜਾਬ ਦੇ ਕਿਸਾਨ ਕਣਕ ਅਤੇ ਝੋਨੇ ਦੇ ਫ਼ਸਲੀ ਚੱਕਰ ਵਿਚ ਫਸੇ ਹੋਏ ਹਨ। ਤਿੰਨ ਦਹਾਕਿਆਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਕੇਂਦਰ ਅਤੇ ਰਾਜ ਸਰਕਾਰਾਂ ਨੇ ਇਸ ਪਾਸੇ ਕੋਈ ਠੋਸ ਯਤਨ ਨਹੀਂ ਕੀਤੇ। ਕਾਰਖਾਨਿਆਂ ਤੋਂ ਨਿਕਲਦੇ ਜ਼ਹਿਰੀਲੇ ਮੁਆਦ ਤੇ ਸ਼ਹਿਰਾਂ ਦੇ ਸੀਵਰੇਜ 'ਚੋਂ ਨਿਕਾਸ ਕਰਦੇ ਪਾਣੀ ਨੂੰ ਨਾਲਿਆਂ ਤੇ ਦਰਿਆਵਾਂ ਵਿਚ ਸੁੱਟੇ ਜਾਣ ਕਾਰਨ, ਕੁਦਰਤੀ ਨਾਲਿਆਂ ਤੇ ਦਰਿਆਵਾਂ ਦਾ ਪਾਣੀ ਗੰਦੇ ਨਾਲਿਆਂ ਵਰਗਾ ਹੋ ਗਿਆ ਹੈ। 'ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ' ਦੇ ਮਹਾਂਵਾਕ ਦਾ ਪਾਠ ਕਰਨ ਵਾਲੇ ਲੋਕ ਇਸ ਉੱਤੇ ਅਮਲ ਕਰਨ ਦੇ ਬਜਾਇ ਆਪਣੇ ਪੈਰ ਖ਼ੁਦ ਕੁਹਾੜਾ ਮਾਰਨ ਉੱਤੇ ਤੁਲੇ ਹੋਏ ਹਨ। ਪੰਜ ਪਾਣੀਆਂ ਦੀ ਧਰਤੀ ਦਾ ਰੇਗਿਸਤਾਨ ਬਣ ਜਾਣ ਦਾ ਤਸੱਵਰ ਆਪਣੇ ਆਪ ਵਿਚ ਹੀ ਡਰਾਉਣਾ ਹੈ। ਸਰਕਾਰਾਂ ਨੂੰ ਪਾਣੀ ਬਚਾਉਣ ਲਈ ਗੰਭੀਰ ਫ਼ੈਸਲੇ ਲੈਣ ਦੀ ਲੋੜ ਹੈ। ਇਸ ਦੇ ਨਾਲ ਨਾਲ ਦਰਿਆਈ ਪਾਣੀਆਂ ਦੀ ਨਿਆਂਇਕ ਵੰਡ, ਧਰਤੀ ਹੇਠਲੇ ਪਾਣੀ ਦੀ ਸੰਜਮ ਨਾਲ ਵਰਤੋਂ ਅਤੇ ਸਰਕਾਰਾਂ ਉੱਤੇ ਨੀਤੀਗਤ ਤਬਦੀਲੀ ਲਈ ਦਬਾਅ ਲਾਮਬੰਦ ਕਰਨ ਲਈ ਵਿਆਪਕ ਮੁਹਿੰਮ ਦੀ ਲੋੜ ਹੈ।

# ਆਪਣੇ ਹੀ ਘਰ 'ਚ ਬਿਗਾਨੀ ਹੁੰਦੀ ਜਾ ਰਹੀ ਹੈ ਪੰਜਾਬੀ

**ਅਮਰਜੀਤ ਸਿੰਘ ਵੜੈਚ**

ਸਿਆਸਤ, ਸਰਕਾਰ, ਪਰਿਵਾਰ, ਰੁਜ਼ਗਾਰ ਅਤੇ ਵਪਾਰ ਭਾਸ਼ਾਵਾਂ ਦਾ ਭਵਿੱਖ ਤੈਅ ਕਰਦੇ ਹਨ। ਲੋਕ ਸਿਆਸੀ ਤੌਰ 'ਤੇ ਸ਼ਕਤੀਸ਼ਾਲੀ ਭਾਸ਼ਾ ਨੂੰ ਜਲਦੀ ਅਪਣਾ ਲੈਂਦੇ ਹਨ। ਅੰਗਰੇਜ਼ੀ ਇਸ ਕਰਕੇ ਪਸੰਦ ਕੀਤੀ ਜਾਂਦੀ ਹੈ ਕਿਉਂਕਿ ਅੰਗਰੇਜ਼ਾਂ ਨੇ ਦੁਨੀਆਂ ਉੱਤੇ ਰਾਜ ਕੀਤਾ ਹੈ। ਅੱਜਕੱਲ੍ਹ ਚੀਨੀ ਭਾਸ਼ਾ ਵੱਲ ਰੁਝਾਨ ਵਧ ਰਿਹਾ ਹੈ ਕਿਉਂਕਿ ਚੀਨ ਸੰਸਾਰ ਵਪਾਰ ਤੈਅ ਵੀ ਕਰ ਰਿਹਾ ਹੈ ਅਤੇ ਇਸ ਉੱਤੇ ਅਸਰ-ਅੰਦਾਜ਼ ਵੀ ਹੋ ਰਿਹਾ ਹੈ।

ਯੂਨੈਸਕੋ ਅਨੁਸਾਰ ਅੱਜ ਦੁਨੀਆਂ ਦੇ 196 ਮੁਲਕਾਂ ਵਿਚ 7097 ਭਾਸ਼ਾਵਾਂ ਬੋਲੀਆਂ ਜਾ ਰਹੀਆਂ ਹਨ। ਇਨ੍ਹਾਂ ਵਿਚੋਂ ਹਰ 14 ਦਿਨਾਂ ਮਗਰੋਂ ਇਕ ਭਾਸ਼ਾ ਖ਼ਤਮ ਹੋ ਰਹੀ ਹੈ; ਭਾਵ, ਹਰ ਸਾਲ ਸੰਸਾਰ ਵਿਚ 25 ਭਾਸ਼ਾਵਾਂ ਮਰ ਜਾਂਦੀਆਂ ਹਨ। ਇਸ ਹਿਸਾਬ ਨਾਲ਼ 21ਵੀਂ ਸਦੀ ਦੇ ਅੰਤ ਤੱਕ ਤਕਰੀਬਨ 3500 ਭਾਸ਼ਾਵਾਂ ਦੁਨੀਆਂ ਦੇ ਨਕਸ਼ੇ ਤੋਂ ਖਤਮ ਹੋ ਜਾਣਗੀਆਂ।



ਸੰਯੁਕਤ ਰਾਸ਼ਟਰ ਦਾ ਮੰਨਣਾ ਹੈ ਕਿ ਜਿਸ ਭਾਸ਼ਾ ਦੇ ਲੋਕ ਘਰਾਂ ਵਿਚ ਮਾਤ-ਭਾਸ਼ਾ ਨਹੀਂ ਬੋਲਦੇ ਅਤੇ ਆਪਣੇ ਬੱਚਿਆਂ ਨੂੰ ਨਹੀਂ ਸਿਖਾਉਂਦੇ, ਉਹ ਭਾਸ਼ਾ ਹੌਲ਼ੀ ਹੌਲ਼ੀ ਮਰ ਜਾਂਦੀ ਹੈ। ਜਦੋਂ ਕੋਈ ਭਾਸ਼ਾ ਮਰਦੀ ਹੈ ਤਾਂ ਉਹਦੇ ਨਾਲ਼ ਨਾਲ਼ ਉਹਦੇ ਲੋਕਗੀਤ, ਕਹਾਣੀਆਂ, ਸਭਿਆਚਾਰ, ਵਿਰਸਾ, ਉਸ ਭਾਸ਼ਾ ਵਿਚ ਦੁਨੀਆਂ ਦਾ ਗਿਆਨ-ਵਿਗਿਆਨ ਅਤੇ ਉਸ ਭਾਸ਼ਾ ਦੇ ਲੋਕਾਂ ਦਾ ਦੁਨੀਆਂ ਨੂੰ ਦੇਖਣ-ਸਮਝਣ ਦਾ ਦ੍ਰਿਸ਼ਟੀਕੋਣ ਵੀ ਨਸ਼ਟ ਹੋ ਜਾਂਦਾ ਹੈ। ਹਰ ਸਭਿਆਚਾਰ ਦੇ ਲੋਕਾਂ ਦਾ ਦੁਨੀਆਂ ਨੂੰ ਵੇਖਣ ਅਤੇ ਪਰਿਭਾਸ਼ਿਤ ਕਰਨ ਦਾ ਢੰਗ ਵੱਖੋ-ਵੱਖਰਾ ਹੁੰਦਾ ਹੈ।

ਜਿਥੇ ਜ਼ਿਆਦਾ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਉੱਥੇ ਹੀ ਘੱਟਗਿਣਤੀ ਭਾਸ਼ਾਵਾਂ ਨੂੰ ਖ਼ਤਰਾ ਹੁੰਦਾ ਹੈ। ਭਾਰਤ ਵਿਚ ਵੀ ਇਹੋ ਹਾਲਾਤ ਹਨ। 1961 ਵਾਲੀ ਮਰਦਮਸ਼ੁਮਾਰੀ ਅਨੁਸਾਰ, ਭਾਰਤ ਵਿਚ 103 ਵਿਦੇਸ਼ੀ ਭਾਸ਼ਾਵਾਂ ਸਮੇਤ 1652 ਭਾਸ਼ਾਵਾਂ ਬੋਲੀਆਂ ਜਾਂਦੀਆਂ ਸਨ। ਇਨ੍ਹਾਂ ਵਿਚੋਂ ਤਕਰੀਬਨ 150 ਭਾਸ਼ਾਵਾਂ ਨੂੰ ਛੱਡ ਕੇ ਬਾਕੀਆਂ ਦੇ ਬੋਲਣ ਵਾਲ਼ਿਆਂ ਦੀ ਆਬਾਦੀ 10 ਹਜ਼ਾਰ ਤੋਂ ਵੀ ਘੱਟ ਸੀ। ਸਾਡੇ ਮੁਲਕ ਵਿਚੋਂ ਵੀ ਪਿਛਲੇ 50 ਵਰ੍ਹਿਆਂ ਦੌਰਾਨ 250 ਭਾਸ਼ਾਵਾ-ਉਪ-ਭਾਖ਼ਾਵਾਂ ਲੋਪ ਹੋ ਚੁੱਕੀਆਂ ਹਨ। ਅੱਜ ਵੀ ਇਕੱਲੇ ਬੰਗਾਲ ਵਿਚ ਹੀ 38 ਮਾਤ-ਭਾਸ਼ਾਵਾਂ ਖ਼ਤਰੇ ਵਿਚ ਹਨ। ਭਾਰਤ ਵਿਚ ਅੱਜ 780 ਮੁੱਖ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਜਿਨ੍ਹਾਂ ਵਿਚੋਂ 122 ਅਜਿਹੀਆਂ ਹੀ ਹਨ ਜਿਨ੍ਹਾਂ ਨੂੰ ਬੋਲਣ ਵਾਲ਼ਿਆਂ ਦੀ ਗਿਣਤੀ 10 ਹਜ਼ਾਰ ਤੋਂ ਵੱਧ ਹੈ। ਇਹ ਭਾਸ਼ਾਵਾਂ 66 ਲਿਪੀਆਂ ਵਿਚ ਲਿਖੀਆਂ ਜਾਂਦੀਆਂ ਹਨ।

ਪੰਜਾਬੀ ਇਕ ਮਜ਼ਬੂਤ ਭਾਸ਼ਾ ਹੈ ਪਰ ਪਿਛਲੇ ਸਮੇਂ ਵਿਚ ਇਸ ਨੂੰ ਵੀ ਸੰਸਾਰੀਕਰਨ ਦੀ ਸਿਓਂਕ ਆਣ ਲੱਗੀ ਹੈ ਜਿਸ ਕਰਕੇ ਇਹਦੀ ਪਛਾਣ ਅਤੇ ਉਚਾਰਨ ਵਿਚ ਰ਼ਲਾ ਹੋ ਚੁਕਿਆ ਹੈ। ਇਸ ਦਾ ਵੱਡਾ ਨੁਕਸਾਨ ਮੀਡੀਆ ਨੂੰ ਹੋ ਰਿਹਾ ਹੈ। ਨਵੀਂ ਪੀੜ੍ਹੀ ਦੇ ਅਧਿਆਪਕ ਅਤੇ ਵਿਦਿਆਰਥੀ ਦੋਵੇਂ ਹੀ ਇਸ ਦੀ ਮਾਰ ਹੇਠ ਹਨ। ਪੰਜਾਬੀ ਦੇ ਸਹੀ ਉਚਾਰਨ ਲਈ ਲੋਕ ਆਕਾਸ਼ਵਾਣੀ ਜਲੰਧਰ ਦੀਆਂ ਮਿਸਾਲਾਂ ਦਿੰਦੇ ਹੁੰਦੇ ਸਨ ਪਰ ਅੱਜ ਹਾਲਾਤ ਇਹ ਹਨ ਕਿ ਆਕਾਸ਼ਵਾਣੀ ਨੂੰ ਪੰਜਾਬ, ਜੰਮੂ ਕਸ਼ਮੀਰ ਅਤੇ ਦਿੱਲੀ ਵਿਚ ਸਹੀ ਪੰਜਾਬੀ ਉਚਾਰਨ ਕਰਨ ਵਾਲ਼ੇ ਸ਼ਖ਼ਸ ਲੱਭਣ ਲਈ ਵੱਡੀ ਜੱਦੋ-ਜਹਿਦ ਕਰਨੀ ਪੈਂਦੀ ਹੈ। ਅੱਜ ਦੇ 95% ਨੌਜਵਾਨ ਗੋਲੀ ਤੇ ਗੋਲ਼ੀ, ਬੋਲੀ ਤੇ ਬੋਲ਼ੀ, ਬੌਲ਼ੀ ਤੇ ਬੌਲ਼ੀ, ਹੱਲ ਤੇ ਹਲ਼, ਕੰਨ ਤੇ ਕਣ ਵਰਗੇ ਸ਼ਬਦਾਂ ਦਾ ਨਾ ਸਿਰਫ ਉਚਾਰਨ ਹੀ ਨਹੀਂ ਕਰ ਸਕਦੇ ਬਲਕਿ ਇਨ੍ਹਾਂ ਵਿਚ ਫ਼ਰਕ ਵੀ ਨਹੀਂ ਦੱਸ ਸਕਦੇ।

ਸੰਸਾਰ ਵਿਚ ਤਕਰੀਬਨ 13 ਕਰੋੜ ਲੋਕ ਪੰਜਾਬੀ ਬੋਲਦੇ ਹਨ। ਭਾਰਤੀ ਪੰਜਾਬ, ਹਰਿਆਣਾ, ਜੰਮੂ ਕਸ਼ਮੀਰ ਆਦਿ ਵਿਚ ਤਕਰੀਬਨ 3 ਕਰੋੜ, ਲਹਿੰਦੇ ਪੰਜਾਬ ਵਿਚ 7 ਕਰੋੜ ਅਤੇ ਤਕਰੀਬਨ 3 ਕਰੋੜ ਬਾਕੀ ਮੁਲਕਾਂ ਜਿਵੇਂ ਇੰਗਲੈਂਡ, ਕੈਨੇਡਾ, ਅਮਰੀਕਾ, ਅਸਟਰੇਲੀਆ, ਨਿਊਜ਼ਲੈਂਡ, ਸਿੰਗਾਪੁਰ ਆਦਿ ਮੁਲਕਾਂ ਵਿਚ ਪੰਜਾਬੀ ਬੋਲਣ ਵਾਲ਼ੇ ਹਨ। ਭਾਰਤੀ ਪੰਜਾਬ ਵਿਚ ਪੰਜਾਬੀ ਦੀ ਲਿੱਪੀ ਗੁਰਮੁਖੀ ਅਤੇ ਲਹਿੰਦੇ ਪੰਜਾਬ ਵਿਚ ਸ਼ਾਹਮੁਖੀ ਹੈ। ਭਾਰਤ ਵਿਚ ਪੰਜਾਬੀ ਸਰਕਾਰੀ ਜ਼ੁਬਾਨ ਦਾ ਦਰਜਾ ਤਾਂ ਹਾਸਿਲ ਕਰ ਚੁੱਕੀ ਹੈ (ਭਾਵੇਂ ਇਹ ਦਰਜਾ ਸਿਰਫ਼ ਕਾਗਜ਼ਾਂ ਤੱਕ ਹੀ ਹੈ) ਪਰ ਪਾਕਿਸਤਾਨ ਵਿਚ ਇਸ ਦਾ ਕੋਈ ਰੁਤਬਾ ਨਹੀਂ ਹੈ ਬਲਕਿ ਲਹਿੰਦੇ ਪੰਜਾਬ ਵਿਚ ਇਹ ਸਰਕਾਰੀ ਭਾਸ਼ਾ ਵੀ ਨਹੀਂ ਹੈ। ਪੰਜਾਬੀ ਭਾਸ਼ਾ ਜਿਸ ਨੂੰ ਬੋਲਣ ਵਾਲ਼ੇ ਵੱਖ ਵੱਖ ਧਰਮਾਂ ਦੇ ਲੋਕ ਹਨ, ਨੂੰ ਆਮ ਕਰਕੇ ਸਿੱਖਾਂ ਦੀ ਭਾਸ਼ਾ ਸਮਝਿਆ ਜਾਂਦਾ ਹੈ; ਹਾਲਾਂਕਿ ਸਮੁੱਚਾ ਪੰਜਾਬ ਪੰਜਾਬੀ ਬੋਲਦਾ ਹੈ ਪਰ ਤਕਰੀਬਨ ਅੱਧਾ ਪੰਜਾਬ ਇਹਨੂੰ ਮਾਂ-ਬੋਲੀ ਮੰਨਣ ਤੋਂ ਇਨਕਾਰੀ ਹੈ।


1991 ਦੀ ਮਰਦਮਸ਼ੁਮਾਰੀ ਦੇ ਮੁਕਾਬਲੇ ਭਾਵੇਂ 2011 ਵਿਚ ਪੰਜਾਬੀ

(ਬਾਕੀ ਸਫਾ 22 'ਤੇ)

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਸ. ਦੀਦਾਰ ਸਿੰਘ ਬੈਂਸ
(2) ਅਵਤਾਰ ਸਿੰਘ ਸਹੋਤਾ
(3) ਗੈਰੀ ਬਸਰਾਏ
(4) ਹਰਦੀਪ ਸਿੰਘ ਢਾਡਲੀ
(5) ਡਾ. ਚਰਨਜੀਤ ਸਿੰਘ ਉਪਲ
(6) ਸੱਬਾ ਥਿਆੜਾ
(7) ਕੁਲਦੀਪ ਸਿੰਘ ਅਟਵਾਲ
(8) ਸੁਰਜੀਤ ਸਿੰਘ ਅਟਵਾਲ
(9) ਬਘੇਲ ਸਿੰਘ ਜਸਵਾਲ
(10) ਗੁਰਵਿੰਦਰ ਸਿੰਘ ਮਾਵੀ
(11) ਡਾ ਦਲਵੀਰ ਪੰਨੂ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਅਵਤਾਰ ਸਿੰਘ ਤਾਰੀ
(15) ਕਸ਼ਮੀਰ ਸਿੰਘ ਧੁੱਗਾ
(16) ਅਮੋਲਕ ਸਿੰਘ ਗਾਖਲ
(17) ਹਰਨੇਕ ਸਿੰਘ ਅਟਵਾਲ
(18) ਬਲਦੇਵ ਸਿੰਘ ਮਾਨ
(19) ਸ੍ਰੀ ਸੁੱਚਾ ਰਾਮ ਜੀ
(20) ਜੌਹਨ ਸਿੰਘ ਗਿੱਲ
(21) ਉਂਕਾਰ ਸਿੰਘ ਸੈਣੀ
(22) ਕੁਲਵੰਤ ਸਿੰਘ ਨਿਜਰ
(23) ਸੁਖਵੀਰ ਸਿੰਘ ਨਿਜਰ
(24) ਹੈਰੀ ਸਿੱਧੂ
(25) ਜਸਵੀਰ ਸਿੰਘ ਕੁਲਾਰ
(28) ਰਾਜ ਬਡਵਾਲ
(27) ਕਮਲਜੀਤ ਅਟਵਾਲ
(28) ਡਾ. ਭੁਪਿੰਦਰ ਭੰਡਾਰੀ
(29) ਅਜੈਬ ਸਿੰਘ ਮੱਲੀ
(30) ਹਰਜੀਤ ਗਿੱਲ

# ਮਨਮੋਹਨ ਸਿੰਘ ਗਰੇਵਾਲ ਵਾਸ਼ਿੰਗਟਨ 'ਚ ਭਾਰਤੀ ਸਫੀਰ ਨਾਲ





ਵਾਸ਼ਿੰਗਟਨ- ਪਿਛਲੇ ਹਫਤੇ ਮਨਮੋਹਨ ਗਰੇਵਾਲ ਹੁਰੀ ਵਾਸ਼ਿੰਗਟਨ ਵਿਖੇ ਭਾਰਤ ਦੇ ਨਵੇਂ ਆਈ ਸਫੀਰ (ਅੰਬੈਸਡਰ) ਹਰਸ਼ ਵੀ ਸ਼ਰਿੰਗਾ ਨੂੰ ਮਿਲਣ ਗਏ ਤੇ ਨਾਲ ਉਹਨਾਂ ਦੀ ਧੀਅ ਜੋ ਕਿ ਡਿਪਾਰਟਮੈਂਟ ਆਫ ਜਸਟਿਸ ਟਾਲਾਹਾਸੀ ਫਲੋਰੀਡਾ ਵਿਚ ਹੈ ਕੰਮ ਕਰਨ ਲਈ ਆਈ ਹੈ।

ਜਿਹੜੇ ਲੋਕ ਮੌਤ ਦੀ ਸਜ਼ਾ ਪਾ ਚੁੱਕੇ ਹਨ, ਉਹਨਾਂ ਨਾਲ ਗੱਲਬਾਤ ਕਰਕੇ ਉਹਨਾਂ ਨੂੰ ਕਈ ਗੱਲਾਂ ਸਮਝਾਉਣੀਆਂ ਤਾਂ ਕਿ ਜੇ ਉਹ ਲੰਮੇ ਸਮੇਂ ਤੱਕ ਜੇਲ੍ਹ 'ਚ ਰਹਿੰਦੇ ਹਨ ਤਾਂ ਕਿਵੇਂ ਵਰਤਣਾ ਹੈ। ਸੈਹਨੂਰ ਗਰੇਵਾਲ ਹੁਣੇ ਜਿਹੇ ਸਿਟੀ ਆਫ ਟਾਲਾਹਾਸੀ ਵਿਚ ਆਜ਼ਾਦ ਐਥਿਕ ਬੋਰਡ ਲਈ ਚੁਣੀ ਗਈ ਹੈ, ਜਿਸ ਨਾਲ ਉਹ ਤਰੱਕੀ ਦੀਆਂ ਪੌੜੀਆਂ ਨੂੰ ਛੂਹਣ ਲੱਗੀ ਹੋਈ ਹੈ। ਮਨਮੋਹਨ ਸਿੰਘ ਗਰੇਵਾਲ ਹੁਰਾਂ ਨਾਲ ਅਮਰੀਕਾ 'ਚ ਭਾਰਤ ਦੇ ਅੰਬੈਸਡਰ (ਸਫੀਰ) ਹਰਸ਼ ਵੀ ਸ਼ਰਿੰਗਾ ਖੜ੍ਹੇ ਦਿਖਾਈ ਦੇ ਰਹੇ ਹਨ, ਨਾਲ ਹੀ ਇਹਨਾਂ ਦੀ ਲੜਕੀ ਸ਼ੈਹਨੂਰ ਗਰੇਵਾਲ ਨਾਲ ਹੀ ਕਾਂਸਲੇਟ ਜਨਰਲ ਸਾਨ ਫਰਾਂਸਿਸਕੋ ਸੰਜੇ ਪਾਂਡਾ ਵੀ ਖੜ੍ਹੇ ਹਨ। ਵਾਸ਼ਿੰਗਟਨ ਵਿਚ ਪਹੁੰਚਣ ਤੇ ਭਾਰਤੀ ਲੋਕਾਂ ਵੱਲੋਂ ਇਹਨਾਂ ਦਾ ਸਵਾਗਤ ਕੀਤਾ ਤੇ ਜਿਸ ਵਿਚ ਉਟਾਹ ਸਟੇਟ ਤੋਂ ਉਚੇਚੇ ਤੌਰ ਤੇ ਮਨਮੋਹਨ ਸਿੰਘ ਗਰੇਵਾਲ ਤੇ ਉਹਨਾਂ ਦੀ ਪੁੱਤਰੀ ਸੈਹਨੂਰ ਗਰੇਵਾਲ ਵੀ ਪਹੁੰਚੇ।

# ਗੁਲ ਪਨਾਗ ਨੇ ਕਿਰਨ ਖੇਰ ਦੇ ਗਾਏ ਸੋਹਲੇ; ਕੇਜਰੀਵਾਲ ਨੂੰ ਝੁਠਲਾਇਆ

**ਚੰਡੀਗੜ੍ਹ-** 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ (ਆਪ) ਦੀ ਟਿੱਕਟ 'ਤੇ ਚੰਡੀਗੜ੍ਹ ਤੋਂ ਚੋਣ ਲੜਨ ਵਾਲੀ ਮਾਡਲ ਸੁੰਦਰੀ ਗੁਲ ਪਨਾਗ ਨੇ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਰੈਲੀ 'ਚ ਦਿੱਤੇ ਬਿਆਨ ਦੇ ਉਲਟ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸੰਸਦ ਮੈਂਬਰ ਕਿਰਨ ਖੇਰ ਦੇ ਗੁਣਗਾਣ ਕਰਕੇ ਨਵੀਂ ਚਰਚਾ ਛੇੜ ਦਿੱਤੀ ਹੈ। ਜਿਸ ਕਾਰਨ ਚੰਡੀਗੜ੍ਹ ਦੇ ਸਿਆਸੀ ਪਿੜ 'ਚ ਨਵੇਂ ਸਮੀਕਰਨ ਬਣ ਦੇ ਆਸਾਰ ਬਣ ਗਏ ਹਨ। ਦੱਸਣਯੋਗ ਹੈ ਕਿ ਕੱਲ੍ਹ ਸ੍ਰੀ ਕੇਜਰੀਵਾਲ ਨੇ ਆਪਣੀ ਪਾਰਟੀ ਦੇ ਉਮੀਦਵਾਰ ਤੇ ਸਾਬਕਾ ਕੇਂਦਰੀ ਮੰਤਰੀ ਹਰਮੋਹਨ ਧਵਨ ਦੇ ਹੱਕ 'ਚ ਹੋਈ ਰੈਲੀ 'ਚ ਕਿਹਾ ਸੀ ਕਿ ਕਿਰਨ ਖੇਰ ਇਕ ਫਿਲਮੀ ਅਭਿਨੇਤਰੀ ਹੈ ਤੇ ਉਸ ਦਾ ਕੰਮ ਕੇਵਲ ਪੈਸੇ ਕਮਾਉਣਾ ਹੈ। ਉਨ੍ਹਾਂ ਕਿਹਾ ਸੀ ਕਿ ਕਿਰਨ ਖੇਰ ਚੰਡੀਗੜ੍ਹ ਦੀ ਥਾਂ ਮੁੰਬਈ ਰਹਿੰਦੀ ਹੈ ਤੇ ਜਿਥੇ ਉਹ ਲੋਕਾਂ ਨੂੰ ਮਿਲਦੀ ਨਹੀਂ ਉਥੇ ਪਾਰਲੀਮੈਂਟ 'ਚ ਵੀ ਘੱਟ ਹੀ ਜਾਂਦੀ ਹੈ। ਦੂਸਰੇ ਪਾਸੇ 2014 'ਚ 'ਆਪ' ਦੀ ਟਿਕਟ 'ਤੇ ਚੋਣ ਨੜ ਕੇ ਤੇ ਸ੍ਰੀ ਕੇਜਰੀਵਾਲ ਦੇ ਗੁਣਗਾਣ ਕਰਕੇ ਹੈਰਾਨੀਜ਼ਨਕ ਢੰਗ ਨਾਲ 1.08 ਲੱਖ ਵੋਟਾਂ ਲੈ ਕੇ ਤੀਸਰੇ ਨੰਬਰ 'ਤੇ ਰਹਿਣ ਵਾਲੀ ਗੁਲ ਪਨਾਗ ਨੇ ਅੱਜ ਇਸੇ ਆਗੂ ਨੂੰ ਗਲਤ ਕਰਾਰ ਦੇ ਕੇ ਜਿਸ ਹੱਥੋਂ ਉਹ ਹਾਰੀ (ਕਿਰਨ ਖੇਰ), ਉਸੇ ਦੇ ਗੁਣਗਾਣ ਕਰਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਗੁਲ ਪਨਾਗ ਨੇ ਅੱਜ ਟਵੀਟ ਕਰਕੇ ਕਿਹਾ ਕਿ ਇਹ ਸੱਚ ਹੈ ਕਿ ਕਿਰਨ ਖੇਰ ਇਕ ਫਿਲਮੀ ਅਭਿਨੇਤਰੀ ਹੈ ਪਰ ਇਸ ਦੇ ਬਾਵਜੂਦ ਉਹ ਇਕ ਜ਼ਿੰਮੇਵਾਰ ਸੰਸਦ ਮੈਂਬਰ ਵੀ ਸਾਬਤ ਹੋਈ ਹੈ। ਪਨਾਗ ਨੇ ਕਿਹਾ ਕਿ ਕਿਰਨ ਖੇਰ ਦੀ ਪਾਰਲੀਮੈਂਟ 'ਚ ਹਾਜ਼ਰੀ ਵੀ 75 ਫੀਸਦ ਤੋਂ ਵੱਧ ਹੈ ਤੇ ਉਹ ਜਿਆਦਤਰ ਚੰਡੀਗੜ੍ਹ 'ਚ ਹੀ ਰਹਿੰਦੀ ਹੈ। ਉਸ ਨੇ ਕਿਹਾ ਕਿ ਫਿਲਮ ਉਦਯੋਗ ਨਾਲ ਜੁੜੇ ਕਈ ਕਲਾਕਾਰ ਬੜੇ ਸਮਰੱਥ ਸਾਂਸਦ ਸਾਬਤ ਹੋਏ ਹਨ ਤੇ ਉਨ੍ਹਾਂ 'ਚੋਂ ਇਕ ਕਿਰਨ ਖੇਰ ਵੀ ਹੈ। ਪਨਾਗ ਦੇ ਇਸ ਬਿਆਨ ਮਗਰੋਂ ਚਰਚਾ ਛਿੜ ਗਈ ਸੀ ਕਿ ਉਹ ਭਾਜਪਾ 'ਚ ਸ਼ਾਮਲ ਹੋ ਸਕਦੀ ਹੈ। ਇਸ ਚਰਚਾ 'ਤੇ ਰੋਕ ਲਾਉਂਦਿਆਂ ਗੁਲ ਪਨਾਗ ਨੇ ਕਿਹਾ ਕਿ ਉਸ ਦੀ ਭਾਜਪਾ 'ਚ ਸ਼ਾਮਲ ਹੋਣ ਦੀ ਕੋਈ ਯੋਜਨਾ ਨਹੀਂ। ਇਸ ਬਿਆਨ ਤੋਂ ਗੱਦਗੱਦ ਹੋਈ ਕਿਰਨ ਖੇਰ ਨੇ ਕਿਹਾ ਕਿ 5 ਸਾਲ ਪਹਿਲਾਂ ਉਸ ਵਿਰੁੱਧ ਚੋਣ ਲੜਨ ਵਾਲੀ ਗੁੱਲ ਪਨਾਗ ਨੇ ਸਾਰਿਆਂ ਸਾਹਮਣੇ ਸੱਚ ਲਿਆ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਰਲੀਮੈਂਟ 'ਚ ਉਸ ਦੀ ਹਾਜ਼ਰੀ 85 ਫੀਸਦ ਤੋਂ ਵੱਧ ਹੈ ਤੇ ਇਸ ਦਾ ਸ੍ਰੀ ਕੇਜਰੀਵਾਲ ਪਤਾ ਕਰ ਸਕਦੇ ਹਨ। ਸੰਸਦ ਮੈਂਬਰ ਨੇ ਕਿਹਾ ਕਿ ਸੰਸਦ ਮੈਂਬਰ ਭਗਵੰਤ ਮਾਨ ਦੀ ਪਾਰਲੀਮੈਂਟ 'ਚ ਹਾਜ਼ਰੀ ਮਹਿਜ਼ 56 ਫੀਸਦ ਹੈ ਜੋ ਕੌਮੀ ਔਸਤ ਤੋਂ ਵੀ ਘੱਟ ਹੈ। ਸ੍ਰੀ ਕੇਜਰੀਵਾਲ ਜਦੋਂ ਰੈਲੀ ਨੂੰ ਸੰਬੋਧਨ ਕਰ ਰਹੇ ਸਨ ਤਾਂ ਉਸ ਵੇਲੇ ਕੋਲ ਖੜੇ ਸ੍ਰੀ ਮਾਨ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਕਿਰਨ ਖੇਰ ਪਾਰਲੀਮੈਂਟ ਵਿੱਚ ਘੱਟ ਹੀ ਆਉਂਦੀ ਹੈ।

CHARITABLE CARE FOUNDATION CALIFORNIA CCF

CHARITABLE CARE FOUNDATION
SERVICE OF HUMANITY IS WORSHIP OF GOD
Bay'Area's Non-Profit Organization (www.CharitableCF.com)
Announces
TWENTY SEVENTH RAAS-GARBA

FOLK AND FILM DANCE COMPETITION
*Proceeds will go towards Education and Medical Services*
**Saturday, June 29, 2019 – 12:45 pm**
SAN MATEO PERFORMING ART CENTER
600 North Delaware Street, San Mateo, CA 94401
Ticket Entry Donation: VIP/$40.00
Tickets will also be available at the box office.
**For more information, contact:**

Bharat Patel ............(916) 718-1074
Nilesh Pandya ............(408) 972-4554
Bhagirath Desai ............(408) 262-1779
Vinod G. Patel ............(408) 307-6331
Kanti S. Patel ............(408) 710-3743
Ramesh R. Hajari ............(408) 279-3994
Vasant Mistry ............(408) 274-9698
Vasu Gandhi ............(510) 657-7220
Rakesh Kiri ............(510) 659-8113
Dr. Priti Patel ............(408) 323-8720
Kaushik Hazari ............(510) 305-2831
Ramesh Mistry ............(408) 472-2963
Ramancmord Patel ............(650) 520-0021
Ratilal Patel ............(415) 387-9276

For Team Entry or Panel of Judges Forms
Please Call: Vinod Patel (408) 307-6331

SPONSOR
$750 and UP will get 4 VIP Tickets, Free Dinner, ½ page ad and Trophy distribution on stage.
$500 and UP will get 4 VIP Tickets, Free Dinner and Trophy distribution on stage.

DONOR
$250 and UP will get 2 VIP Tickets, Free Dinner and name will be announced during program.

MAJOR CORPORATE SPONSORS
KANU & VASU GANDHI
FREMONT
JAGDISH & REKHA GANDHI
SAN JOSE
RAMESH & URMILE HAJARI
SAN JOSE
SONI & NISHU JAIN
CUPERTINO
RAJU WAKHARIA
GILROY

*In order to promote our cultural heritage, the CCF will award up to two prizes in each categories of Raas and Garba at the upcoming competition, irrespective of participation requirements.*

DONATION TO YOUR CHOICE OF INSTITUTION
CCF will accept your donation and send to the institution of your choice in any foreign country.
For this service, CCF will charge administration fee per CCF guide lines.
For more info, contact Vinod Patel at (408) 307-6331

PARTIAL LIST OF SPONSORS, DONORS & ADVERTISERS 2018/2019

Vasanti Majmundar (Danville)
Ramesh Hajari (SanJose)
Thakor & Kishore Patel (San Jose)
Vinod Patel (Gilroy)
Sandeep Panwala (MH)
Nilesh Pandya (SanJose)
Bipin Kapadia (San Jose)
Nanu Patel (Milpitas)
Mahesh Amin (Belmont)
Dr. Bakul Roy (San Ramon)
Dr. Priti Patel (San Jose)
Dr. Pravin Patel (San Martin)
Dilip Hardev (Red Wood Shore)
Mahendra Patel (Menlo Park)
Mahesh Patel (Chowchilla)
Shirish Desai (San Jose)
Ratilal Patel (SF)
Swati Padia (San Jose)
Kishore Panchal (Gilroy)
Bhagu Patel (Santa Cruz)
Thakor Patel (Merced)
Ashok Desai (Fremont)
Veeral & Mita Hardev (Redwood Shore)
Rakesh Kiri (Fremont)
Bhagrath Desai (Milpitas)
Pravina Indu Patel (San Jose)
Jagdish Patel (San Jose)
Naresh Singh (Morgan Hill)
Dr. Bhanwar Singh (Morgan Hill)
Ramesh Patel (SF)
dara Jilla (Embassy Carpet)
Prakash Patel (SJ)
Gauri Collection (Corona)
Vasant Mistry (San Jose)
Viren Pal (Raniya Tours)
Bhindi Jeweler (Fremont)
Raman Patel (MORI. So. SF)
Ramesh Mistry (Cupertino)
Magan Patel (San Jose)
Babubhai M. Patel (Pleasanton)
Ajay Singhal (San Jose)
Basis Independ School (San Jose)
Jagdish & Rekha Gandhi (San Jose)
Girish & Dipika Chokshi (Gilroy)
Hemand Patel (Tulare)
Rama Patel (Millbrae)
Vipin (Bawaji) Patel (LA)
Sirish Patel (San Jose)
Manoj Tripathi (Oakland)
Kanti Patel (Menlo Park)
Arvind Patel (Castro Valley)
Pramod Patel (San Carlos)
Dipti Desai (San Jose)
Mona Patel (San Jose)
Chandrakant Patel (San Jose)
Thakor & Bharti Desai (San Jose)
Pramod Mistry (PKT Tours)
Nayan Naik (Colorado)
Anil Khatri (Modesto)
Navin Tailor (Weed)
Dhanji Patel (Salinas)
Dr. Jasu & Ilaben Patel (Arroyo Grande)
Dilip & Purnima Haedev (Redwood City)

THANK YOU!
C.C.F. HAS SUCCESSFULLY FUNDED MORE THAN 18 MILLION U.S. DOLLARS IN HUMANITARIAN PROJECTS THANKS TO ALL DONORS.

# ਸਿੱਖੀ ਰਹਿਤ ਅਨੁਸਾਰ ਫਰਜ਼ ਨਿਭਾਉਣ ਵਾਲੇ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਾਹਿਬਾਨ

ਡਾ. ਗੁਰਦੇਵ ਸਿੰਘ ਸਿੱਧੂ

ਅੰਗਰੇਜ਼ੀ ਰਾਜ ਸਮੇਂ ਵੱਖ ਵੱਖ ਸਰਬਰਾਹਾਂ ਦੀ ਸਰਬਰਾਹੀ ਦੌਰਾਨ ਦਰਬਾਰ ਸਾਹਿਬ ਦੇ ਗ੍ਰੰਥੀਆਂ, ਪੁਜਾਰੀਆਂ ਆਦਿ ਦੇ ਚਲਨ ਦਾ ਜ਼ਿਕਰ ਕਰਦਿਆਂ ਹਰ ਛੋਟੇ ਵੱਡੇ ਲਿਖਾਰੀ ਨੇ ਇਹੋ ਲਿਖਿਆ ਹੈ ਕਿ ਇਨ੍ਹੀਂ ਦਿਨੀਂ ਗੁਰੂ ਘਰ ਦੇ ਇਹ ਸੇਵਕ ਸਿੱਖੀ ਰਹਿਤ ਬਹਿਤਅਨੁਸਾਰ ਆਪਣੇ ਬਣਦੇ ਫਰਜ਼ ਦੀ ਅਦਾਇਗੀ ਵਿਚ ਹੱਦ ਦਰਜੇ ਦੇ ਅਵੇਸਲੇ ਅਤੇ ਲਾਪਰਵਾਹ ਹੋ ਗਏ ਸਨ। ਕਾਰਨ ਇਹ ਸੀ ਕਿ ਪਹਿਲਾਂ ਸਿੱਖ ਮਿਸਲਾਂ ਅਤੇ ਫਿਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਮਿਲੀ ਸਰਪ੍ਰਸਤੀ ਕਾਰਨ ਦਰਬਾਰ ਸਾਹਿਬ ਦੀ ਆਮਦਨ ਵਿਚ ਬੇਅਥਾਹ ਵਾਧਾ ਹੋਇਆ। ਜਦ ਤੱਕ ਸਿੱਖ ਰਾਜ ਕਾਇਮ ਰਿਹਾ, ਦਰਬਾਰ ਸਾਹਿਬ ਦੇ ਗ੍ਰੰਥੀ, ਪੁਜਾਰੀ ਅਤੇ ਹੋਰ ਸੇਵਾਦਾਰ ਪੰਥਕ ਭੈਅ ਮੰਨਦੇ ਰਹੇ ਪਰ ਜਿਉਂ ਹੀ ਰਾਜ ਪ੍ਰਬੰਧ ਅੰਗਰੇਜ਼ਾਂ ਦੇ ਹੱਥ ਆਇਆ, ਉਪਰਲਾ ਡਰ ਖ਼ਤਮ ਹੋ ਗਿਆ ਅਤੇ ਸੇਵਾਦਾਰ ਆਪਹੁਦਰੀਆਂ ਕਰਨ ਲੱਗ ਪਏ। 'ਰਿਪੋਰਟ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ' ਵਿਚ ਇਸ ਵੇਲੇ ਦੀ ਸਥਿਤੀ ਦਾ ਬਿਆਨ ਇਉਂ ਕੀਤਾ ਗਿਆ ਹੈ ਕਿ ਸਿੱਖ ਰਾਜ ਦੇ ਜਾਣ ਮਗਰੋਂ ਹੋਰ ਗੁਰਦੁਆਰਿਆਂ ਵਾਂਗ ਇਥੋਂ (ਦਰਬਾਰ ਸਾਹਿਬ) ਦੀ ਹਾਲਤ ਵੀ ਵਿਗੜ ਗਈ। ਪੁਜਾਰੀ ਤੇ ਜਥੇਦਾਰ ਕੇਵਲ ਨਾਮਧਰੀਕ ਹੀ ਰਹਿ ਗਏ ਸਨ। ਹੋਰਨਾਂ ਵਾਂਗ ਇਨ੍ਹਾਂ ਵਿਚ ਵੀ ਲੋਭ ਤੇ ਹੋਰ ਕਈ ਤਰ੍ਹਾਂ ਦੇ ਐਬ ਆ ਗਏ ਸਨ। ਅੰਮ੍ਰਿਤ ਪਰਚਾਰ ਨੂੰ ਕੇਵਲ ਪੈਸੇ ਇਕੱਠੇ ਕਰਨ ਦਾ ਜ਼ਰੀਆ ਬਣਾਇਆ ਹੋਇਆ ਸੀ। ਨਾ ਰਹਿਤਾਂ ਦੱਸੀਆਂ ਜਾਂਦੀਆਂ ਸਨ ਤੇ ਨਾ ਪੂਰੀ ਸਿੱਖਿਆ ਦਿੱਤੀ ਜਾਂਦੀ ਸੀ। ਅਰਦਾਸੇ ਦੇ ਰੁਪਏ ਲੈ ਕੇ ਬੇ-ਮਰਯਾਦਾ ਹੀ ਅੰਮ੍ਰਿਤ ਛਕਾ ਦਿੱਤਾ ਜਾਂਦਾ ਸੀ। ਸੇਵਾਦਾਰਾਂ ਦੇ ਜੀਵਨ ਵਿਚ ਆਈ ਇਸ ਗਿਰਾਵਟ ਦੀ ਉਦਾਹਰਨ ਦਿੰਦਿਆਂ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, ਜੋ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਆਉਣ ਪਿੱਛੋਂ ਹਰਿਮੰਦਰ ਸਾਹਿਬ ਦੇ ਗ੍ਰੰਥੀ ਨਿਯੁਕਤ ਹੋਏ, ਨੇ ਆਪਣੀ ਕਾਵਿ ਪੁਸਤਕ 'ਸੁਧਾਰ ਖਾਲਸਾ' ਦੀ ਇਕ ਪਦ-ਟਿੱਪਣੀ ਵਿਚ ਲਿਖਿਆ ਹੈ ਕਿ ''ਭਾਈ ਹਰਨਾਮ ਸਿੰਘ ਵੱਡੇ ਗ੍ਰੰਥੀ ਦਾ ਭਰਾ ਜਵਾਹਰ ਸਿੰਘ ਸ਼ਰਾਬ ਪੀ ਕੇ ਤਾਬਿਆ ਬੈਠਾ ਹੋਇਆ ਸੀ, ਉਸ ਨੂੰ ਜ਼ਿਆਦਾ ਸ਼ਰਾਬ ਦੇ ਸਬੱਬ ਉਲਟੀ ਆਈ ਜਿਹੜੀ ਉਸ ਨੇ ਹੇਠ ਰੱਖੇ ਪਰਸ਼ਾਦ ਵਾਲੇ ਛੰਨੇ ਵਿਚ ਹੀ ਕਰ ਦਿੱਤੀ।'' ਪਰ ਅਜਿਹੇ ਮਾਹੌਲ ਵਿਚ ਵੀ ''ਕੋਈ ਹਰਿਓ ਬੂਟ ਰਹਿਓ ਰੀ'' ਦੇ ਵਾਕ ਅਨੁਸਾਰ ਗੁਰੂ ਦਾ ਭੈਅ ਮੰਨਣ ਅਤੇ ਜਾਗਦੀ ਜ਼ਮੀਰ ਵਾਲੇ ਗ੍ਰੰਥੀ ਵੀ ਹੋਏ ਹਨ, ਜਿਨ੍ਹਾਂ ਦਾ ਕਿਸੇ ਵਿਸ਼ੇਸ਼ ਪਰਸਥਿਤੀ ਵਿਚ ਧਾਰਨ ਕੀਤਾ ਪੈਂਤੜਾ ਵਰਤਮਾਨ ਸਮੇਂ ਵੀ ਪ੍ਰੇਰਨਾ ਦੇਣ ਵਾਲਾ ਅਤੇ ਅਨੁਕਰਨਯੋਗ ਹੈ।

ਹਰਿਮੰਦਰ ਸਾਹਿਬ ਦੇ ਅਜਿਹੇ ਸਤਿਕਾਰਯੋਗ ਗ੍ਰੰਥੀਆਂ ਵਿਚ ਪ੍ਰਥਮ ਨਾਂ ਭਾਈ ਭਗਤ ਸਿੰਘ ਦਾ ਆਉਂਦਾ ਹੈ। 1878 ਈ. ਵਿਚ ਵਾਇਸਰਾਇ ਹਿੰਦ ਲਾਰਡ ਲਿਟਨ ਪੰਜਾਬ ਦੇ ਦੌਰੇ ਸਮੇਂ 9 ਦਸੰਬਰ, ਸੋਮਵਾਰ, ਨੂੰ ਦਰਬਾਰ ਸਾਹਿਬ ਦੀ ਯਾਤਰਾ ਲਈ ਵੀ ਆਇਆ। ਦੌਰੇ ਦਾ ਪ੍ਰਬੰਧ ਕਰਨ ਵਾਲੇ ਅਧਿਕਾਰੀਆਂ ਨੇ ਗੁਰੂ ਘਰ ਦੀ ਯਾਤਰਾ ਦੌਰਾਨ ਨਿਭਾਏ ਜਾਣ ਵਾਲੇ ਸ਼ਿਸ਼ਟਾਚਾਰ ਦੀ ਜਾਣਕਾਰੀ ਨਾ ਲਈ, ਜਿਸ ਕਾਰਨ ਗਵਰਨਰ ਜਨਰਲ ਦੇ ਨਾਲ ਆਏ ਲਾਮ ਲਸ਼ਕਰ ਵਿਚੋਂ ਕੁੱਝ ਨੇ ਬਿਨਾਂ ਬੂਟ ਉਤਾਰੇ ਦਰਬਾਰ ਸਾਹਿਬ ਵਿਚ ਦਾਖਲ ਹੋਣ ਦੀ ਅਵੱਗਿਆ ਕੀਤੀ। ਪ੍ਰਬੰਧਕਾਂ ਨੇ ਮਹਿਮਾਨਾਂ ਨੂੰ ਕੀਰਤਨ ਸੁਣਨ ਸਮੇਂ ਬੈਠਣ ਦੀ ਸਹੂਲਤ ਦੇਣ ਲਈ ਦਰਬਾਰ ਸਾਹਿਬ ਦੇ ਅੰਦਰ ਕੁਰਸੀਆਂ ਵੀ ਲਗਵਾ ਰੱਖੀਆਂ ਸਨ ਭਾਵੇਂ ਇਨ੍ਹਾਂ ਦੀ ਵਰਤੋਂ ਕਿਸੇ ਨਾ ਕੀਤੀ। ਗੁਰੂ ਘਰ ਦੀ ਪ੍ਰਚੱਲਤ ਮਰਿਆਦਾ ਨੂੰ ਇਉਂ ਅਣਡਿੱਠ ਕੀਤੇ ਜਾਣ ਤੋਂ ਦੁਖੀ ਡਿਊਟੀ 'ਤੇ ਹਾਜ਼ਰ ਗ੍ਰੰਥੀ ਭਾਈ ਭਗਤ ਸਿੰਘ ਨੇ ਇਸ ਬਾਰੇ ਗਵਰਨਰ ਜਨਰਲ ਕੋਲ ਰੋਸ ਪ੍ਰਗਟ ਕੀਤਾ। ਭਾਵੇਂ ਗਵਰਨਰ ਜਨਰਲ ਭਾਈ ਭਗਤ ਸਿੰਘ ਵੱਲੋਂ ਬੋਲੀ ਜਾ ਰਹੀ ਭਾਸ਼ਾ ਪੰਜਾਬੀ ਤੋਂ ਅਣਜਾਣ ਹੋਣ ਕਾਰਨ ਉਨ੍ਹਾਂ ਦੇ ਬਿਆਨ ਨੂੰ ਸਮਝਣ ਵਿਚ ਅਸਮਰੱਥ ਸੀ ਪਰ ਭਾਈ ਭਗਤ ਸਿੰਘ ਦੇ ਚਿਹਰੇ ਮੋਹਰੇ ਅਤੇ ਬੋਲਣ ਦੇ ਅੰਦਾਜ਼ ਤੋਂ ਉਸ ਨੂੰ ਕੋਈ ਨਾ ਕੋਈ ਅਵੱਗਿਆ ਹੋ ਜਾਣ ਦਾ ਅਹਿਸਾਸ ਹੋ ਗਿਆ। ਭਾਈ ਭਗਤ ਸਿੰਘ ਜਾਣਦੇ ਸਨ ਕਿ



ਉਸ ਦੀ ਅਜਿਹੀ ਕਾਰਵਾਈ ਸਰਕਾਰੀ ਅਧਿਕਾਰੀਆਂ ਦੇ ਗੁੱਸੇ ਦਾ ਕਾਰਨ ਬਣ ਸਕਦੀ ਹੈ ਪਰ ਉਸ ਨੇ ਨਤੀਜਿਆਂ ਦੀ ਪਰਵਾਹ ਨਾ ਕਰਦੇ ਹੋਏਤੋਂ ਬੇਹਪ੍ਰਵਾਹ ਹੋ ਕੇ ਆਪਣਾ ਇਤਰਾਜ਼ ਪ੍ਰਗਟ ਕੀਤਾ।

ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਦੀ ਪਦਵੀ ਨੂੰ ਠੇਸ ਲੱਗਣ ਤੋਂ ਬਚਾਉਣ ਦਾ ਦੂਜਾ ਮਾਮਲਾ 1883 ਈਸਵੀ ਵਿਚ ਵਾਪਰਿਆ। ਪੰਜਾਬੀ ਵਿਚ ਗੁਰੂ ਗ੍ਰੰਥ ਸਾਹਿਬ ਦਾ ਕੋਈ ਟੀਕਾ ਨਹੀਂ ਸੀ ਮਿਲਦਾ। ਰਿਆਸਤ ਫਰੀਦਕੋਟ ਦੇ ਰਾਜਾ ਬਿਕਰਮਾ ਸਿੰਘ ਨੇ ਇਹ ਘਾਟ ਦੂਰ ਕਰਨ ਲਈ ਗਿਆਨੀ ਬਦਨ ਸਿੰਘ ਡੇਰਾ ਸੇਖਵਾਂ ਨੂੰ ਬੇਨਤੀ ਕੀਤੀ ਤਾਂ ਉਸ ਨੇ ਸਾਢੇ ਛੇ ਸਾਲ ਦੀ ਮਿਹਨਤ ਨਾਲ 1883 ਵਿਚ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਮੁਕੰਮਲ ਕਰ ਲਿਆ। ਰਾਜਾ ਬਿਕਰਮਾ ਸਿੰਘ ਨੇ ਇਹ ਟੀਕਾ ਪ੍ਰਕਾਸ਼ਿਤ ਕੀਤੇ ਜਾਣ ਤੋਂ ਪਹਿਲਾਂ ਤਤਕਾਲੀਨ ਸਿੱਖ ਵਿਦਵਾਨਾਂ ਤੋਂ ਇਸ ਦੀ ਪੜਤਾਲ ਕਰਵਾ ਲੈਣੀ ਚਾਹੀ ਅਤੇ ਇਸ ਮਨੋਰਥ ਲਈ ਤਖਤ ਸ੍ਰੀ ਪਟਨਾ ਸਾਹਿਬ ਦੇ ਮਹੰਤ ਸੁਮੇਰ ਸਿੰਘ ਦੀ ਸਲਾਹ ਨਾਲ ਸਮੇਂ ਦੇ ਪ੍ਰਸਿੱਧ ਸਿੱਖ ਵਿਦਵਾਨਾਂ ਉੱਤੇ ਆਧਾਰਿਤ ਸੋਧ ਕਮੇਟੀ ਦੀ ਸਥਾਪਨਾ ਕੀਤੀ। ਇਸ ਕਮੇਟੀ ਵਿਚ ਭਾਈ ਹਰਨਾਮ ਸਿੰਘ (ਗ੍ਰੰਥੀ, ਹਰਿਮੰਦਰ ਸਾਹਿਬ), ਗਿਆਨੀ ਸੰਤ ਸਿੰਘ ਕਪੂਰਥਲਾ, ਗਿਆਨੀ ਝੰਡਾ ਸਿੰਘ ਨਨਕਿਆਣਾ ਸਾਹਿਬ, ਗਿਆਨੀ ਰਾਇ ਸਿੰਘ ਜੰਗੀਰਾਣਾ, ਬਾਬਾ ਬਖਤਾਵਰ ਸਿੰਘ ਗਿਆਨੀ ਅਤੇ ਗਿਆਨੀ ਧਿਆਨ ਸਿੰਘ ਸੇਖਵਾਂ ਦੇ ਨਾਲ ਨਾਲ ਸੰਸਕ੍ਰਿਤ ਵਿਦਿਆ ਦੇ ਮਾਹਰ ਪੰਡਤ ਹਮੀਰ ਸਿੰਘ ਅਤੇ ਪੰਡਤ ਬਾਲਕ ਰਾਮ ਉਦਾਸੀ ਨੂੰ ਸ਼ਾਮਲ ਕੀਤਾ ਗਿਆ। ਉਨ੍ਹੀਂ ਦਿਨੀਂ ਬਾਬਾ ਖੇਮ ਸਿੰਘ ਬੇਦੀ ਸਿੱਖ-ਸਮੂਹ ਦੇ ਪ੍ਰਤਿਸ਼ਠਿਤ ਵਿਅਕਤੀ ਸਨ ਅਤੇ ਗੁਰੂ ਨਾਨਕ ਦੇਵ ਦੇ ਬੰਸ ਵਿਚੋਂ ਹੋਣ ਕਾਰਨ ਸਿੱਖ ਉਨ੍ਹਾਂ ਦੀ ਇੱਜ਼ਤ ਕਰਦੇ ਸਨ। ਰਾਜਾ ਬਿਕਰਮਾ ਸਿੰਘ ਨੇ ਉਨ੍ਹਾਂ ਨੂੰ ਵੀ ਕਮੇਟੀ ਦੀ ਇਕੱਤਰਤਾ ਵਿਚ ਹਾਜ਼ਰ ਹੋਣ ਦਾ ਸੱਦਾ ਦਿੱਤਾ। ਇਕੱਤਰਤਾ ਰਿਆਸਤ ਦੀ ਰਾਜਧਾਨੀ ਫਰੀਦਕੋਟ ਦੇ ਪ੍ਰਸਿੱਧ ਦਰਬਾਰ ਹਾਲ ਵਿਚ ਹੋਈ। ਮੈਂਬਰ ਆਉਂਦੇ ਗਏ ਅਤੇ ਆਪਣੇ ਲਈ ਨਿਸ਼ਚਿਤ ਸਥਾਨ 'ਤੇ ਬੈਠਦੇ ਗਏ। ਜਦ ਭਾਈ ਹਰਨਾਮ ਸਿੰਘ ਮੁੱਖ ਗ੍ਰੰਥੀ, ਹਰਿਮੰਦਰ ਸਾਹਿਬ ਆਏ ਤਾਂ ਉਨ੍ਹਾਂ ਨੇ ਵੇਖਿਆ ਕਿ ਉਨ੍ਹਾਂ ਦੇ ਬੈਠਣ ਵਾਸਤੇ ਕੁਰਸੀ ਰਾਜਾ ਬਿਕਰਮਾ ਸਿੰਘ ਦੇ ਖੱਬੇ ਹੱਥ ਲਾਈ ਹੋਈ ਸੀ ਜਦ ਕਿ ਸੱਜੇ ਹੱਥ ਰੱਖੀ ਕੁਰਸੀ ਬਾਬਾ ਖੇਮ ਸਿੰਘ ਬੇਦੀ ਲਈ ਰਾਖਵੀਂ ਕੀਤੀ ਹੋਈ ਸੀ। ਧਾਰਮਿਕ ਸ਼ਿਸ਼ਟਾਚਾਰ ਅਨੁਸਾਰ ਭਾਈ ਹਰਨਾਮ ਸਿੰਘ ਅਤੇ ਬਾਬਾ ਖੇਮ ਸਿੰਘ ਬੇਦੀ ਲਈ ਕੁਰਸੀਆਂ ਦਾ ਕ੍ਰਮ ਇਸ ਤੋਂ ਉਲਟ ਹੋਣਾ ਚਾਹੀਦਾ ਸੀ। ਭਾਈ ਹਰਨਾਮ ਸਿੰਘ ਨੇ ਇਸ ਨੂੰ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਪਦਵੀ ਦੀ ਤੌਹੀਨ ਮੰਨਿਆ ਅਤੇ ਉਨ੍ਹਾਂ ਮੀਟਿੰਗ ਵਿਚ ਭਾਗ ਲੈਣ ਤੋਂ ਇਨਕਾਰ ਕਰ ਦਿੱਤਾ। ਗਿਆਨੀ ਕਿਰਪਾਲ ਸਿੰਘ ਦੇ ਸ਼ਬਦਾਂ ਵਿਚ, ਉਨ੍ਹਾਂ ਦਾ ਕਹਿਣਾ ਸੀ, ''ਤੁਸਾਂ ਮੇਰੀ ਜ਼ਾਤ ਦਾ ਨਹੀਂ ਸਗੋਂ ਇਸ ਮਹਾਨ ਪਦਵੀ ਦਾ ਤ੍ਰਿਸਕਾਰ ਕੀਤਾ ਹੈ, ਜੋ ਪਦਵੀ ਖਾਲਸਾ ਪੰਥ ਵਿਚ ਸਭ ਤੋਂ ਮਹਾਨ ਹੈ। ਮੈਂ ਆਪਣਾ ਨਿਰਾਦਰ ਤਾਂ ਸਹਿ ਸਕਦਾ ਹਾਂ ਪਰ ਇਸ ਮਹਾਨ ਪਦਵੀ ਦੀ ਨਿਰਾਦਰੀ ਬਰਦਾਸ਼ਤ ਨਹੀਂ ਕਰ ਸਕਦਾ'' ਰਾਜਾ ਬਿਕਰਮਾ ਸਿੰਘ ਅਤੇ ਇਕੱਤਰਤਾ ਵਿਚ ਸ਼ਾਮਲ ਪਤਵੰਤਿਆਂ ਨੇ ਭਾਈ ਹਰਨਾਮ ਸਿੰਘ ਨੂੰ ਸ਼ਾਂਤ ਕਰ ਕੇ ਮੀਟਿੰਗ ਵਿਚ ਬੈਠਾਉਣ ਦੀ ਕੋਸ਼ਸ਼ ਕੀਤੀ ਪਰ ਉਹ ਨਹੀਂ ਮੰਨੇ ਅਤੇ ਦਰਬਾਰ ਹਾਲ ਵਿਚੋਂ ਬਾਹਰ ਆ ਗਏ। ਯਾਦ ਰਹੇ, ਭਾਈ ਹਰਨਾਮ ਸਿੰਘ ਦੀਦਾਰੀ ਸ਼ਖਸੀਅਤ ਦੇ ਮਾਲਕ ਅਤੇ ਰਾਗ ਵਿਦਿਆ ਤੇ ਗੁਰਬਾਣੀ ਦੇ ਗਿਆਤਾ ਸਨ।

1887 ਵਿਚ ਇਕ ਵਾਰ ਫਿਰ ਭਾਈ ਭਗਤ ਸਿੰਘ ਨੇ ਆਪਣੇ ਅਮਲ ਦੁਆਰਾ ਕਿਸੇ ਲੋਭ ਲਾਲਚ ਤੋਂ ਬੇਪਰਵਾਹ ਹੋ ਕੇ ਬਾਬਾ ਖੇਮ ਸਿੰਘ ਬੇਦੀ ਵੱਲੋਂ ਗੁਰੂ ਗਬਿੰਦ ਸਿੰਘ ਜੀ ਵੱਲੋਂ ਖਾਲਸਾ ਪੰਥ ਲਈ ਦਰਸਾਏ ਮਾਰਗ ਨੂੰ ਆਪਣੇ ਢੰਗ ਨਾਲ ਰੂਪ ਦੇਣ ਦੇ ਯਤਨ ਵਿਚ ਭਾਈਵਾਲ ਬਣਨ ਤੋਂ ਇਨਕਾਰ ਕਰ ਕੇ ਇਸ ਪਦਵੀ ਦਾ ਮਾਣ ਰੱਖਿਆ।

ਬਾਬਾ ਖੇਮ ਸਿੰਘ ਬੇਦੀ ਗੁਰੂ ਘਰ ਦੀ ਮਰਯਾਦਾ ਨੂੰ ਪ੍ਰਭਾਵਿਤ ਕਰ ਕੇ ਗੁਰੂ ਡੰਮ ਸਥਾਪਤ ਕਰਨ ਵਿਚ ਯਤਨਸ਼ੀਲ ਸਨ ਪਰ ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ ਆਦਿ ਦੀ ਅਗਵਾਈ ਵਿਚ ਸਿੰਘ ਸਭਾ ਦੇ ਸੇਵਕ ਉਨ੍ਹਾਂ ਦਾ ਵਿਰੋਧ ਕਰਦੇ ਸਨ।

ਇਸ ਵਿਰੋਧ ਨੂੰ ਖਤਮ ਕਰਵਾਉਣ ਲਈ ਬਾਬਾ ਖੇਮ ਸਿੰਘ ਬੇਦੀ ਨੇ 18 ਮਾਰਚ 1887 ਨੂੰ ਅਕਾਲ ਤਖਤ ਸਾਹਿਬ 'ਤੇ ਦਰਬਾਰ ਸਾਹਿਬ ਸਮੂਹ ਦੇ ਸਤਾਰਾਂ ਗ੍ਰੰਥੀਆਂ, ਪੁਜਾਰੀਆਂ ਆਦਿ ਨੂੰ ਇਕੱਠੇ ਕਰ ਕੇ ਪ੍ਰੋਫੈਸਰ ਗੁਰਮੁਖ ਸਿੰਘ ਨੂੰ ਸਿੱਖ ਪੰਥ ਵਿਚੋਂ ਖਾਰਜ ਕਰਨ ਲਈ ਹੁਕਮਨਾਮਾ ਜਾਰੀ ਕਰਵਾਉਣ ਦੀ ਯੋਜਨਾ ਬਣਾਈ। ਇਸ ਸਮੇਂ ਬਾਬਾ ਖੇਮ ਸਿੰਘ ਦੀ ਈਨ ਨਾ ਮੰਨਦਿਆਂ ਜਿਹੜੇ ਦੋ ਗ੍ਰੰਥੀਆਂ ਨੇ ਇਸ ਹੁਕਮਨਾਮੇ ਉੱਤੇ ਦਸਤਖਤ ਕਰਨ ਤੋਂ ਇਨਕਾਰ ਕੀਤਾ ਇਨ੍ਹਾਂ ਵਿਚੋਂ ਇਕ ਭਾਈ ਭਗਤ ਸਿੰਘ ਅਤੇ ਦੂਜਾ ਭਾਈ ਗੰਗਾ ਸਿੰਘ ਅਰਦਾਸੀਆ ਸੀ।

ਇਸ ਤਰ੍ਹਾਂ ਦੀ ਇਕ ਹੋਰ ਘਟਨਾ 1948 ਵਿਚ ਬੀਤੀ। ਪਟਿਆਲਾ ਅਤੇ ਪੂਰਬੀ ਪੰਜਾਬ ਦੀਆਂ ਰਿਆਸਤਾਂ ਦਾ ਸੰਘ, ਪੈਪਸੂ, ਬਣ ਚੁੱਕਾ ਸੀ ਅਤੇ ਇਸ ਦੇ ਰਾਜ ਪ੍ਰਮੁੱਖ ਦੀ ਪਦਵੀ ਪਟਿਆਲਾ ਰਿਆਸਤ ਦੇ ਮਾਹਾਰਾਜਾ ਯਾਦਵਿੰਦਰ ਸਿੰਘ ਨੂੰ ਦਿੱਤੀ ਗਈ। ਮਹਾਰਾਜਾ ਯਾਦਵਿੰਦਰ ਸਿੰਘ ਹਰਿਮੰਦਰ ਸਾਹਿਬ ਦੇ ਦਰਸ਼ਨ ਲਈ ਆਏ। ਦਰਬਾਰ ਸਾਹਿਬ ਵਿਚ ਨਤਮਸਤਕ ਹੋਣ ਪਿੱਛੋਂ ਮਹਾਰਾਜੇ ਨੇ ਛੋਟੀ ਪਰਕਰਮਾ ਕਰਦਿਆਂ ਹਰਿ ਕੀ ਪੌੜੀ ਵੱਲ ਦੇ ਦਰਵਾਜ਼ੇ ਰਾਹੀਂ ਮੁੜ ਦਰਬਾਰ ਸਾਹਿਬ ਵਿਚ ਪ੍ਰਵੇਸ਼ ਕੀਤਾ ਤਾਂ ਉਸ ਦੇ ਮਨ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੀੜ 'ਤੇ ਚੌਰ ਕਰਨ ਦੀ ਤਾਂਘ ਉਤਪੰਨ ਹੋਈ। ਰਾਜ ਪ੍ਰਮੁੱਖ ਨੇ ਆਪਣੀ ਇੱਛਾ ਇਸ ਸਮੇਂ ਚੌਰ ਕਰ ਰਹੇ ਗਿਆਨੀ ਚੇਤ ਸਿੰਘ ਨੂੰ ਦੱਸੀ।

ਸ਼ਾਇਦ ਉਸ ਨੂੰ ਨਹੀਂ ਸੀ ਪਤਾ ਕਿ ਧਾਰਮਿਕ ਮਰਿਆਦਾ ਅਨੁਸਾਰ ਅਜਿਹਾ ਕਰਨ ਦੀ ਜ਼ਿੰਮੇਵਾਰੀ ਡਿਊਟੀ 'ਤੇ ਹਾਜ਼ਰ ਗ੍ਰੰਥੀ ਸਿੰਘ ਦੀ ਬਣਦੀ ਹੈ ਅਤੇ ਉਸ ਨਾਲ ਨਿਯੁਕਤ ਚੌਰ ਬਰਦਾਰ ਵੀ ਉਦੋਂ ਹੀ ਅਜਿਹਾ ਕਰ ਸਕਦਾ ਹੈ ਜਦ ਗ੍ਰੰਥੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਪਾਠ ਕਰ ਰਿਹਾ ਹੋਵੇ।

ਗਿਆਨੀ ਚੇਤ ਸਿੰਘ ਨੇ ਬੜੀ ਨਿਮਰਤਾ ਨਾਲ ਮਹਾਰਾਜਾ ਯਾਦਵਿੰਦਰ ਸਿੰਘ ਨੂੰ ਗੁਰੂ ਘਰ ਦੀ ਮਰਯਾਦਾ ਤੋਂ ਜਾਣੂ ਕਰਵਾਉਂਦਿਆਂ ਚੌਰ ਉਨ੍ਹਾਂ ਨੂੰ ਸੌਂਪਣ ਤੋਂ ਅਸਮਰੱਥਾ ਪ੍ਰਗਟਾਈ ਤਾਂ ਪੈਪਸੂ ਪ੍ਰਮੁੱਖ ਬਿਨਾਂ ਕੁੱਝ ਬੋਲਿਆਂ ਸ਼ਰਧਾ ਨਾਲ ਮੱਥਾ ਟੇਕ ਕੇ ਪਰਕਰਮਾ ਪੂਰੀ ਕਰਨ ਵਾਸਤੇ ਅੱਗੇ ਚਲੇ ਗਏ।ਬੇਸ਼ੱਕ ਅਜਿਹੀਆਂ ਉਦਾਹਰਨਾਂ ਭਾਵੇਂ ਉਂਗਲਾਂ 'ਤੇ ਗਿਣੇ ਜਾਣ ਜੋਗੀਆਂ ਹਨ ਪਰ ਇਨ੍ਹਾਂ ਦੀ ਸਾਰਥਕਤਾ ਵਰਤਮਾਨ ਸਮੇਂ ਵੀ ਬਣੀ ਹੋਈ ਹੈ।

# ਅਜੋਕੇ ਸਮੇਂ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ 'ਤੇ ਸੰਭਾਵਨਾਵਾਂ



ਪ੍ਰੋ. ਗੁਰਵੀਰ ਸਿੰਘ ਸਰੌਦ
ਹਰਫ਼ ਕਾਲਜ,ਮਲੇਰਕੋਟਲਾ

ਭਾਸ਼ਾ ਉਹ ਸ਼ਕਤੀਸ਼ਾਲੀ ਮਾਧਿਅਮ ਹੈ। ਜੋ ਕਿਸੇ ਕੌਮੀਅਤ ਦੇ ਲੋਕਾਂ ਦੇ ਹਾਵਾਂ-ਭਾਵਾਂ ਤੇ ਵਿਚਾਰਾਂ ਦਾ ਆਪਸੀ ਅਦਾਨ-ਪ੍ਰਦਾਨ ਕਰਦੀ ਹੈ। ਭਾਸ਼ਾ ਰਾਹੀ ਅਸੀ ਸਮਾਜ ਦੇ ਵਰਤਾਰੇ ਨੂੰ ਚੰਗੀ ਤਰ੍ਹਾਂ ਸਮਝਦੇ ਹਾਂ। ਹਰ ਭਾਸ਼ਾ ਦੀ ਧੁਨੀ ਉਸ ਦੀ ਸੰਸਕ੍ਰਿਤੀ, ਸਮਾਜ ਤੇ ਇਤਿਹਾਸ ਮੁਤਾਬਿਕ ਸਿਰਜਿਤ ਹੁੰਦੀ ਹੈ। ਪੰਜਾਬੀ ਭਾਸ਼ਾ ਪੰਜਾਬੀਆਂ ਦੀ ਮਾਂ ਬੋਲੀ ਹੈ। ਜਿਸ ਨੂੰ ਅਸੀਂ ਮਾਂ ਦੀ ਨਿੱਘੀ ਗੋਦ ਵਿੱਚ ਬੈਠ ਕੇ ਸਿੱਖਦੇ ਹਾਂ। ਜਿਸ ਦਾ ਰਿਸ਼ਤਾ ਜਨਮ ਤੋਂ ਮੌਤ ਤੱਕ ਹੁੰਦਾ ਹੈ।ਪੰਜਾਬੀ ਭਾਸ਼ਾ ਕਈ ਪੜਾਵਾਂ ਵਿੱਚੋਂ ਹੁੰਦੀ ਹੋਈ ਆਪਣੇ ਨਿਵੇਕਲੇ ਰੂਪ ਨੂੰ ਧਾਰਨ ਕਰਦੀ ਹੈ। ਜਿਸ ਵਿੱਚ ਨਾਥ ਜੋਗੀਆਂ ਨੇ ਬਾਣੀ ਰਚੀ। ਬਾਬਾ ਫਰੀਦ ਨੇ ਮਿਸ਼ਰੀ ਵਰਗੇ ਸਲੋਕ ਲਿਖਕੇ ਪੰਜਾਬੀ ਭਾਸ਼ਾ ਵਿੱਚ ਮਿਠਾਸ ਭਰ ਦਿੱਤੀ। ਗੁਰੂ ਕਾਲ ਵਿੱਚ ਪੰਜਾਬੀ ਭਾਸ਼ਾ ਸੰਵਾਰੀ ਤੇ ਸਜਾਈ ਗਈ। ਸੂਫੀਆਂ ਅਤੇ ਕਿੱਸਾਕਾਰਾਂ ਨੇ ਇਸ ਦੇ ਸਿਰ ਦੀ ਫੁਲਕਾਰੀ ਗੁੰਦੀ। ਇਸ ਦੀ ਮਹਿਮਾ ਦੂਰ ਦੂਰ ਤੱਕ ਫੈਲ ਗਈ। ਆਧੁਨਿਕ ਸਮੇਂ ਵਿੱਚ ਭਾਈ ਵੀਰ ਸਿੰਘ, ਪ੍ਰੋ. ਮੋਹਨ ਸਿੰਘ, ਗੁਰਬਖਸ਼ ਸਿੰਘ, ਐਸ. ਐਸ. ਰੰਧਾਵਾ, ਨਾਨਕ ਸਿੰਘ, ਸੰਤ ਸਿੰਘ ਸੇਖੋਂ, ਸ਼ਿਵ ਕੁਮਾਰ ਬਟਾਲਵੀ, ਪਾਸ਼, ਅੰਮ੍ਰਿਤਾ ਪ੍ਰਤੀਮ ਵਰਗੇ ਲੇਖਕਾਂ ਤੇ ਕਵੀਆਂ ਨੇ ਆਪਣੀ ਕਲਮ ਅਜਮਾਈ ਨਾਲ ਪੰਜਾਬੀ ਦੇ ਖੇਤਰ ਨੂੰ ਹੋਰ ਵੀ ਵਿਸ਼ਾਲ ਕੀਤਾ ਹੈ। ਪੰਜਾਬੀ ਭਾਸ਼ਾ ਭਾਰਤੀ ਆਰਿਆਈ ਪਰਿਵਾਰ ਨਾਲ ਸੰਬੰਧਤ ਹੈ। ਪੂਰੇ ਵਿਸ਼ਵ ਵਿੱਚ ਪੰਜਾਬੀ ਨੂੰ ਬੋਲਣ ਵਾਲਿਆਂ ਦੀ ਸੰਖਿਆ ਲਗਭਗ 13 ਕਰੋੜ ਹੈ। ਪੰਜਾਬੀ ਬੋਲਣ ਵਾਲੇ ਪੰਜਾਬ ਤੋਂ ਇਲਾਵਾ ਪੂਰੇ ਭਾਰਤ, ਪਾਕਿਸਤਾਨ ਅਤੇ ਵਿਸ਼ਵ ਦੇ ਕੋਨੇ-ਕੋਨੇ ਵਿੱਚ ਵਸੇ ਹੋਏ ਹਨ। ਕੁੱਲ ਪੰਜਾਬੀਆਂ ਦੀ ਗਿਣਤੀ ਪੂਰੇ ਵਿਸ਼ਵ ਦੀ ਜਨਸੰਖਿਆ ਦੇ ਮੁਕਾਬਲੇ 12ਵੇਂ ਸਥਾਨ 'ਤੇ ਆਉਂਦੀ ਹੈ।

ਪੰਜਾਬੀ ਭਾਸ਼ਾ ਦੀ ਸਥਿਤੀ ਤੇ ਸੰਭਾਵਨਾਵਾਂ ਵਿਸ਼ਾ ਅਜੋਕੇ ਸਮੇਂ ਦੀ ਚਰਚਾ ਦਾ ਵਿਸ਼ਾ ਹੀ ਨਹੀਂ ਬਲਕਿ ਪੰਜਾਬੀ ਭਾਸ਼ਾਂ ਨੂੰ ਤਾਂ, ਜਦੋਂ ਅੰਗਰੇਜ਼ ਰਾਜ ਪੰਜਾਬ ਵਿੱਚ ਸਥਾਪਿਤ ਹੋਇਆਂ, ਉਸ ਸਮੇਂ ਤੋਂ ਹੀ ਕਈ ਤਰ੍ਹਾਂ ਦੇ ਉਤਾਰ-ਚੜਾਅ ਦਾ ਸਾਹਮਣਾ ਕਰਨਾ ਪਿਆ ਹੈ।ਅਸਲੀ ਸੱਟ ਦੇਸ਼ ਦੀ 1947 ਦੀ ਵੰਡ ਨੇ ਮਾਰੀ। ਜਦੋਂ ਇੱਕ ਦੇਸ਼ ਨੂੰ ਹੀ ਨਹੀਂ ਬਲਕਿ ਇੱਕ ਭਾਸ਼ਾ ਨੂੰ ਵੀ ਤਕਸੀਮ ਕਰ ਦਿੱਤਾ ਗਿਆ। ਪੰਜਾਬੀ ਬੋਲਦੇ ਅਨੇਕਾਂ ਹੀ ਲੋਕ ਪਾਕਿਸਤਾਨ ਵਿੱਚ ਭੇਜ ਦਿੱਤੇ ਗਏ। ਭਾਵੇਂ ਕੁਝ ਸਮੇਂ ਬਾਅਦ ਪੰਜਾਬ ਵਿੱਚ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਘੋਸ਼ਿਤ ਕਰ ਦਿੱਤਾ ਗਿਆ। ਪਰ ਪੰਜਾਬੀ ਭਾਸ਼ਾ ਨੂੰ ਬਣਦਾ ਸਤਿਕਾਰ ਨਾ ਪ੍ਰਾਪਤ ਹੋਇਆ। ਦੁਨੀਆਂ ਭਰ ਦੀ ਪ੍ਰਤੀਨਿਧ ਸੰਸਥਾਂ ਯੂਨਿਸਕੋ ਨੇ ਇਕ ਰਿਪੋਰਟ ਜਾਰੀ ਕੀਤੀ ਸੀ। ਜਿਸ ਵਿੱਚ ਪੰਜਾਬੀ ਸਮੇਤ ਅਨੇਕਾਂ ਖੇਤਰੀ ਭਾਸ਼ਾਵਾਂ ਦੇ ਆਉਂਦੇ 50 ਸਾਲਾਂ ਵਿੱਚ ਖ਼ਤਮ ਹੋਣ ਦਾ ਖ਼ਦਸ਼ਾ ਪ੍ਰਗਟਾਇਆ ਗਿਆ ਸੀ। ਭਾਸ਼ਾ ਸੰਬਧੀ ਇੱਕ ਖਦਸ਼ਾ ਡਾ. ਡੇਵਿਡ ਹੈਰੀਸਨ ਨੇ ਆਪਣੀ ਰਚਨਾ ਉ ਵੈਨੰ ਲੈਂਗੁਏਜ਼ਿਜ਼ ਡਾਈ'' ਵਿੱਚ ਭਾਸ਼ਾਵਾਂ ਦੇ ਇਸ ਖ਼ਾਤਮੇ ਲਈ ਇੱਕ ਦੇਸ਼ ਤੋਂ ਦੂਜੇ ਦੇਸ਼ ਜਾ ਵੱਸਣ ਦੀ ਪਰਵਾਸ ਦੀ ਪ੍ਰਕਿਰਿਆਂ ਨੂੰ ਪ੍ਰਮੁੱਖ ਕਾਰਨ ਗਿਣਦਾ ਹੈ। ਇਸ ਤੋਂ ਇਲਾਵਾ 1990 ਵਿੱਚ ਯੂਰਪੀਅਨ ਚਾਰਟਰ ਫਾਰ ਰਿਜਨਲ ਔਰ ਮਾਈਨੌਰਟੀ ਲੈਂਗੁਏਜਿਜ ਅਤੇ 1996 ਵਿੱਚ ਬਾਰਸੀਲੋਨਾ ਡੈਕਲਰੇਸ਼ਨ ਆਫ਼ ਲਿੰਗੁਇਸਟਿਕ ਹਾਈਟਸ ਨੇ ਭਸ਼ਾਵਾਂ ਦੀ ਮੌਤ ਦੀ ਗੱਲ ਕੀਤੀ ਹੈ।




ਪੰਜਾਬੀ ਸੂਬੇ ਨੂੰ ਘੋਸ਼ਿਤ ਹੋਏ 52 ਸਾਲ ਪੂਰੇ ਹੋਣ ਅਤੇ ਪੰਜਾਬ ਰਾਜ ਭਾਸ਼ਾ ਐਕਟ 1967 ਨੂੰ ਸੋਧ ਬਿਲ 2008 ਅਨੁਸਾਰ ਉ ਕੋਈ ਵੀ ਕਾਨੂੰਨ ਪੰਜਾਬ ਦੀਆਂ ਅਦਾਲਤਾਂ, ਦਫ਼ਤਰਾਂ, ਸਕੂਲਾਂ, ਅਤੇ ਸਰਕਾਰੀ ਆਦਰਿਆਂ ਵਿੱਚ ਪੰਜਾਬੀ ਬੋਲੀ ਨੂੰ ਲਾਗੂ ਕਰਨ ਵਿੱਚ ਕੋਈ ਰੁਕਾਵਟ ਨਹੀ ਬਣਦਾ।'' ਲਾਗੂ ਹੋਣ ਦੇ ਬਾਵਜੂਦ ਫਿਰ ਵੀ ਪੰਜਾਬੀ ਭਾਸ਼ਾ ਦੀ ਵਰਤਮਾਨ ਸਥਿਤੀ ਵਿੱਚ ਕੋਈ ਸਕਾਰਾਤਮਕ ਵਿਕਾਸ ਦੇਖਣ ਨੂੰ ਸਾਹਮਣੇ ਨਹੀਂ ਅਇਆ। ਆਧੁਨਿਕ ਵਰਤਮਾਨ ਤਕਨੀਕੀ ਖੋਜਾਂ ਨੇ ਇੱਕ ਪਾਸੜ ਵਿਸ਼ਵੀਕਰਨ ਦੇ ਨਆਰੇ ਨੂੰ ਜਨਮ ਦਿੱਤਾ ਹੈ। ਜਿਸ ਦਾ ਮੁੱਖ ਉਦੇਸ਼ ਇੱਕ ਭਾਸ਼ਾ, ਇੱਕ ਧਰਮ, ਇੱਕ ਸੰਸਾਰ ਹੈ। ਜਿਸ ਨੇ ਪੰਜਾਬੀ ਅਤੇ ਪੰਜਾਬੀਅਤ ਨੂੰ ਕਾਫ਼ੀ ਹੱਦ ਤੱਕ ਪ੍ਰਭਾਵਿਤ ਕੀਤਾ ਹੈ।

ਰਸੂਲ ਹਮਜ਼ਾਤੋਵ ਦੇ ਸ਼ਬਦਾਂ ਵਿੱਚ ਉਮੇਰੇ ਲਈ ਕੌਮਾਂ ਦੀਆਂ ਬੋਲੀਆਂ ਆਕਾਸ਼ ਵਿਚਲੇ ਸਿਤਾਰਿਆਂ ਵਾਂਗ ਹਨ। ਮੈਂ ਨਹੀਂ ਚਾਹੁੰਦਾ, ਕਿ ਸਾਰੇ ਸਿਤਾਰੇ ਇੱਕ ਵੱਡੇ ਸਾਰੇ ਸਿਤਾਰੇ ਵਿੱਚ ਮਿਲ ਕਿ ਇੱਕ ਹੋ ਜਾਣ, ਜਿਸ ਨੇ ਅੱਧਾ ਆਕਾਸ਼ ਘੇਰਿਆ ਹੋਵੇ। ਇਸ ਕੰਮ ਲਈ ਸੂਰਜ ਹੈ। ਪਰ ਆਕਾਸ਼ ਵਿੱਚ ਤਾਰੇ ਚਮਕਣੇ ਚਾਹੀਦੇ ਹਨ। ਹਰ ਕੌਮ ਨੂੰ ਆਪਣਾ ਸਿਤਾਰਾ ਰੱਖਣ ਦਿਉ।'' ਜੋ ਸਤਿਕਾਰ ਪੰਜਾਬੀ ਭਾਸ਼ਾ ਨੂੰ ਇੱਕ ਰਾਜ ਭਾਸ਼ਾ ਹੋਣ ਦੇ ਨਾਂ ਤੇ ਮਿਲਣਾ ਚਾਹੀਦਾ ਸੀ, ਉਹ ਨਹੀਂ ਮਿਲ ਰਿਹਾ। ਇਸ ਸੰਬਧੀ ਕੁਝ ਹੋਰ ਤੱਤ ਵੀ ਜਿੰਮੇਵਾਰ ਵੀ ਹਨ:- ਪੰਜਾਬੀ ਭਾਸ਼ਾ ਪ੍ਰਤੀ ਸਰਕਾਰ ਦੀ ਬੇਰੁਖੀ,ਪ੍ਰਈਵੇਟ ਸਕੂਲਾਂ ਦੀ ਅਣਦੇਖੀ, ਪੱਛਮੀ ਸਭਿਆਚਾਰ ਦੀ ਰੀਸੋ-ਰੀਸ ਹੋਂਦ ਵਿੱਚ ਆਏ ਸ਼ਾਪਿੰਗ ਮਾਲ, ਧਾਰਮਿਕ ਫਿਰਕਾਪ੍ਰਸਤੀ, ਸਾਹਿਤ ਸਭਾਵਾਂ ਦਾ ਕਿਰਦਾਰ, ਗੁਆਂਢੀ ਰਾਜ ਜੋ ਪੰਜਾਬ ਵਿਚੋਂ ਹੀ ਪੈਦਾ ਹੋਏ, ਸੰਚਾਰ ਦੇ ਸਾਧਨ-ਅਖ਼ਬਾਰ, ਟੈਲੀਵਿਜ਼ਨ, ਇੰਟਰਨੈੱਟ, ਲੱਚਰ ਗੀਤਕਾਰੀ (ਰੈਪ), ਰਹਿਣ-ਸਹਿਣ ਦੇ ਸੁਭਾਅ ਵਿੱਚ ਤਬਦੀਲੀ, ਆਤਮਿਕ ਅਤੇ ਆਰਥਿਕ ਨਿਰਭਰਤਾ, ਖੇਤਰੀ ਭਾਸ਼ਾਵਾਂ ਦਾ ਪ੍ਰਭਾਵ ਆਦਿ ਸਭ ਕੁਝ ਤੋਂ ਇਲਾਵਾ ਪੰਜਾਬੀ ਭਾਸ਼ਾ ਦੀ ਵਰਤਮਾਨ ਨਿੱਘਰੀ ਹੋਈ ਅਵਸਥਾ ਲਈ ਸਭ ਤੋਂ ਵੱਧ ਜਿੰਮੇਵਾਰ ਅਸੀ ਪੰਜਾਬੀ ਆਪ ਹਾਂ। ਜਿੱਥੇ ਬਾਲੀਵੁਡ ਨੇ ਪੰਜਾਬੀ ਗੀਤਾਂ ਰਾਹੀਂ ਸਮੁੱਚੇ ਭਾਰਤ ਅਤੇ ਵਿਦੇਸ਼ਾਂ ਵਿੱਚ ਪੰਜਾਬੀ ਭਾਸ਼ਾਂ ਨੂੰ ਪਹਿਚਾਣ ਦਿੱਤੀ ਹੈ, ਉੱਥੇ ਅਸੀਂ ਪੰਜਾਬੀ ਆਪਣੀ ਹੀ ਭਾਸ਼ਾ ਨੂੰ ਨਕਾਰਦੇ ਹਾਂ। ਕਹਿੰਦੇ ਹਨ, ਕਿ ਵਿਰਸੇ ਵਿੱਚ ਜਾਂ ਮੁਫ਼ਤ

(ਬਾਕੀ ਸਫਾ 22 'ਤੇ)

## ਆਸਾ ਦੀ ਵਾਰ

# ਸਮਾਜ, ਸਭਿਆਚਾਰਕ ਪਰਪੇਕ



ਸੁਰਿੰਦਰ ਸੁੱਨੜ
(530) 691-6378

(ਦੂਜੀ ਕਿਸਤ)

ਇਹ ਅਡੋਲਤਾ ਦਾ ਗੁਣ ਤੂੰ ਆਪ ਹੀ ਬਖਸ਼ਿਸ਼ ਕਰਕੇ ਦੇਂਦਾ ਹੈਂ। ਤੇਰੀ ਬਖਸ਼ਿਸ਼ ਦੀ ਬਰਕਤ ਨਾਲ ਜੀਵਨ ਵਿੱਚ ਖੇੜਾ ਆਉਂਦਾ ਹੈ। ਮੂਰਖ ਲੋਕ ਸੱਚ ਨਹੀਂ ਜਾਣਦੇ ਤੇ ਜੀਵਨ ਵਿਅਰਥ ਗੰਵਾ ਲੈਂਦੇ ਹਨ,'' ਮੂਰਖ ਸੱਚੁ ਨ ਜਾਣਨੀ ਮਨਮੁਖੀ ਜਨਮ ਗਵਾਇਆ''। ਸਾਰਾ ਜੀਵਨ ਪੜ੍ਹਦਿਆਂ ਰਹਿਣ ਨਾਲ ਕੋਈ ਸੱਚ ਪਰਾਪਤ ਨਹੀਂ ਹੁੰਦਾ ਭਾਵੇਂ ਜਿੰਨੀਆਂ ਮਰਜ਼ੀ ਪੁਸਤਕਾਂ ਪੜ੍ਹੀ ਜਾਵੇ ਕੋਈ। ਪ੍ਰਭੂ ਉਸਤਤ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਹੈ। ਬਾਕੀ ਸਾਰੇ ਉੱਦਮ ਹੌਮੇਂ ਦੀ ਭਟਕਣਾਂ ਹੀ ਹਨ। ਆਪਣੀ ਵਿਦਵਤਾ ਤੇ ਮਾਣ ਕਰਨ ਵਾਲੇ, ਮਨਮਤੀਏ ਹਨ, ਭੁੱਲੇ ਹੋਏ ਹਨ, ਗਲਤ ਰਸਤੇ ਜੋ ਤੁਰ ਪਿਆ, ਪੁੱਠੇ ਪਾਸੇ ਤੁਰ ਪਿਆ, ਉਹ ਜਿਨਾਂ ਜ਼ਿਆਦਾ ਭੱਜੇਗਾ ਮੰਜ਼ਿਲ ਤੋਂ ਦੂਰ ਹੁੰਦਾ ਜਾਵੇਗਾ। ਅੰਨ ਤਿਆਗਣਾ ਜਾਂ ਸਰੀਰ ਨੂੰ ਕਿਸੇ ਤਰਾਂ ਦਾ ਹੋਰ ਕਸ਼ਟ ਦੇਣਾਂ ਵੀ ਪੁੱਠੇ ਰਾਹ ਭੱਜਣਾਂ ਹੈ। ਗੁਰੁ ਦੇ ਦੱਸੇ ਰਾਹ ਤੇ ਚੱਲਣ ਵਾਲੇ ਹੀ ਸਹੀ ਮੰਜ਼ਿਲ ਤੇ ਪਹੁੰਚਦੇ ਹਨ। ਪਰ ਗੁਰੁ ਉਸਨੂੰ ਹੀ ਮਿਲਦਾ ਹੈ ਜਿਸਤੇ ਉਸਦੀ ਮੇਹਰ ਹੋਵੇ, ਉਨਾਨਕ ਨਦਰ ਕਰੇ ਸੋ ਪਾਇ''।

ਨੌਂਵੀਂ ਪੌੜੀ ਵਿੱਚ ਨਾਨਕ ਉਨ੍ਹਾਂ ਭਗਤਾਂ ਤੋਂ ਨਾਮ ਪਰਾਪਤੀ ਲੋਚਦੇ ਹਨ ਜੋ ਜਨ ਪ੍ਰਭੂ ਨੂੰ ਪਰਵਾਨ ਹਨ। ਭਾਗਾਂ ਵਾਲੇ ਹਨ ਜੋ ਪਰਮਾਤਮਾਂ ਨੂੰ ਚੰਗੇ ਲਗਦੇ ਹਨ। ਜੋ ਤੇਰੀ ਸਿਫਤ ਸਲਾਹ ਕਰਦੇ ਹਨ ਤੇ ਪ੍ਰਭੂ ਦੇ ਦਰ ਤੇ ਸ਼ੋਭਦੇ ਹਨ। ਭਟਕਦੇ ਤਾਂ ਭਾਗਹੀਣ ਹਨ। ਜੋ ਜਨ ਆਪਣੇ ਆਪ ਨੂੰ ਵੱਢਾ ਸਮਝਦੇ ਹਨ ਉਹ ਪ੍ਰਭੂ ਦੀ ਨਜ਼ਰੇ ਨਹੀਂ ਚੜ੍ਹਦੇ। ਜੋ ਭਗਤ ਤੈਨੂੰ ਧਿਆ ਕੇ ਤੇਰੇ ਪਰਵਾਣ ਹੋ ਗਏ ਹਨ ਉਹ ਤਾਂ ਬਖਸ਼ਿਸ਼ ਕਰਨ ਦੇ ਕਾਬਲ ਬਣ ਗਏ ਹਨ। ਕੁਝ ਦੇ ਸਕਣ ਦੇ, ਨਾਮ ਜਪਉਣ ਦੇ ਕਾਬਲ ਹੋ ਗਏ ਹਨ, ''ਤਿਨ ਮੰਗਾ ਜਿ ਤੁਝੈ ਧਿਆਇਦੈ''। ਰਾਜਾ ਵੀ ਝੂਠ ਹੈ ਤੇ ਪਰਜਾ ਵੀ ਝੂਠ, ਸੋਨਾਂ ਵੀ ਝੂਠ ਹੈ ਤੇ ਸੋਨੇ ਨੂੰ ਪਹਿਨਣਵਾਲਾ ਵੀ ਝੂਠ, ਇਸਤਰੀ ਮਰਦ ਵੀ ਝੂਠ ਤੇ ਆਪਸੀ ਸੰਬੰਧ ਰਿਸ਼ਤੇ ਵੀ ਝੂਠ ਹਨ। ਝੂਠ ਨੂੰ ਝੂਠ ਨਾਲ ਮੋਹ ਪੈ ਗਿਆ ਹੈ ਤੇ ਵਿਚਾਰਾ ਸੱਚ ਨੂੰ ਵਿਸਾਰ ਬੈਠਾ ਹੈ, ''ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰ''। ਸੱਚਪ੍ਰਸਤ ਹੋ ਕੇ ਹੀ ਸੱਚ ਦੀ ਸਮਝ ਲੱਗ ਸਕਦੀ ਹੈ। ਸੱਚ ਜਿਸਦੇ ਮਨ ਵਿੱਚ ਵੱਸ ਜਾਂਦਾ ਹੈ ਤਾਂ ਝੂਠ ਆਪੇ ਖਤਮ ਹੋ ਜਾਂਦਾ ਹੈ। ਸੱਚ ਨਾਲ ਜੁੜਕੇ ਹੀ ਸੱਚ ਦੀ ਸਮਝ ਲਗਦੀ ਹੈ। ਜੀਵਨ ਵਿੱਚ ਸੱਚ ਪਰਾਪਤੀ ਲਈ ਸਰੀਰ ਰੂਪੀ ਧਰਤੀ ਨੂੰ ਸੰਵਾਰ ਕੇ ਉਸ ਵਿੱਚ ਸੱਚ ਬੀਜ ਬੀਜਣੇ ਪੈਂਦੇ ਹਨ। ਸੱਚ ਚਾਨਣ ਪਰਗਟ ਹੋਵੇਗਾ ਤਾਂ ਝੂਠ ਅੰਧੇਰਾ ਮਿਟ ਜਾਵੇਗਾ। ਦਸਵੀਂ ਪੌੜੀ ਵਿੱਚ ਗੁਰੂ ਸੱਚਪ੍ਰਤਾਂ ਸੰਤਾਂ ਦੀ ਚਰਨ ਧੂੜ ਆਪਣੇ ਮਸਤਕ ਤੇ ਲਾਉਣ ਦੀ ਰੀਝ ਪਰਗਟਾਉਂਦੇ ਹਨ। ਦੁਨਿਆਵੀ ਮਾਇਆ ਜਾਲ ਵਿੱਚੋਂ ਨਿਕਲਣ ਦੀ ਗੱਲ ਹੈ। ਮੋਹ ਮਮਤਾ ਲਾਲਚ ਤਿਆਗ ਕੇ ਪ੍ਰਭੂ ਚਰਨਾਂ ਨਾਲ ਲਗਨ ਲਾਉਣ ਦੀ ਪ੍ਰੇਰਨਾ ਹੈ। ਕਿਉਂਕਿ ਅਸੀਂ ਜਿਸ ਤਰਾਂ ਦੀ ਕਿਰਤ ਕਰਾਂਗੇ ਫਲ ਵੀ ਉਸੇ ਤਰਾਂ ਦਾ ਹੀ ਮਿਲੇਗਾ, ''ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ''। ਚੰਗੇ ਕਰਮ ਕਮਾਉਣ ਵਾਲਿਆਂ ਨੂੰ ਹੀ ਸਚਿਆਰਿਆਂ ਦੀ ਚਰਨ ਧੂੜ ਮਲਿਦੀ ਹੈ। ਥੋੜੀ ਮੱਤ ਵਾਲਿਆਂ ਦੀ ਸੇਵਾ ਵੀ ਥਾਂਏਂ ਨਹੀਂ ਪੈਂਦੀ। ਦੁਨੀਆਂ ਵਿੱਚ ਸੱਚ ਦਾ ਤਾਂ ਕਾਲ ਪੈ ਰਿਹਾ ਲਗਦਾ ਹੈ, ਕੂੜ ਪਸਰ ਰਿਹਾ ਹੈ ਚਾਰ ਚੁਫੇਰੇ। ਕਲਜੁਗੀ ਲੋਕ ਭੂਤਨੇ ਬਣਦੇ ਜਾਂਦੇ ਹਨ। ਜੋ ਬਿਨ ਸੇਵੈ ਖਾਂਦੇ ਪਹਿਨਦੇ ਹਨ ਸੋ ਮੋਏ ਹਨ, ਮਰ ਜੰਮੇਂ ਕੋਹੜੇ ਹਨ, ਦੋ ਫਾੜ ਹੋ ਗਏ ਹਨ। ਬੀਜ ਤਾਂ ਉਹ ਹੀ ਉੱਗ ਸਕਦਾ ਹੈ ਜੋ ਸਾਬਤ ਹੋਵੇ, ਦੋਫਾੜ ਹੋਈ ਦਾਲ ਕਦੇ ਨਹੀਂ ਓਗਿਆ ਕਰਦੀ। ਬੀਜ ਸਾਬਤ ਹੋਵੇ ਤੇ ਬੀਜ ਬੀਜਣ ਦੀ ਰੁੱਤ ਵੀ ਹੋਵੇ, ਕਰੁੱਤਾ ਬੀਜ ਬੀਜਿਆ ਕਦੇ ਨਹੀਂ ਜਨਮਦਾ। ਜੋ ਜਨ ਸਾਬਤ ਹਨ ਤੇ ਸਹੀ ਸਮੇਂ ਸਿਮਰਣ ਕਰਨ ਲੱਗ ਪਏ ਉਹਨਾਂ ਅੰਦਰ ਹੀ ਨਾਮ ਅੰਕੁਰ ਫੁੱਟਦਾ ਹੈ। ਪੂਰਾ ਰੰਗ ਚੜ੍ਹਾਉਣ ਲਈ ਭੈਅ ਦੀ ਖੁੰਬ ਵੀ ਚਾੜ੍ਹਨੀਂ ਪੈਂਦੀ ਹੈ।

ਜ਼ੀਬ ਦਾ ਚਸਕਾ ਰਾਜਾ, ਪਾਪ ਵਜੀਰ ਤੇ ਜਿੱਥੇ ਝੂਠ ਚੌਧਰੀ ਹੋਵੇ, ਕਾਮ ਸਲਾਹਕਾਰ ਹੋਵੇ, ਪਰਜਾ ਗਿਆਨ ਵਿਹੂਣੀ ਹੋਵੇ, ਅੱਨ੍ਹੀਂ ਹੋਵੇ, ਤ੍ਰਿਸ਼ਨਾ ਅੱਗ ਬਲ ਰਹੀ ਹੋਵੇ ਓਥੇ ਸਹਿਜ ਸੰਤੋਖ ਹੋ ਹੀ ਨਹੀਂ ਸਕਦਾ। ਐਸੇ ਲੋਕਾਂ ਦਾ ਕੀਤਾ ਕੱਤਰਿਆ ਸਭ ਵਿਅਰਥ ਜਾਂਦਾ ਹੈ। ਜੇ ਕੋਈ ਧਰਮੀਂ ਧਰਮ ਕਰੇ ਪਰ ਇਵਜਾਨੇ ਵਜੋਂ ਮੁਕਤੀ ਦੀ ਮੰਗ ਕਰੇ ਤਾਂ ਉਹ ਸਭ ਕੁਝ ਗੰਵਾ ਬੈਠਦਾ ਹੈ। ਜਤੀ ਸਤੀ ਲੋਕ ਵੀ ਜੀਵਨ ਜੁਗਤੀ ਨਹੀਂ ਜਾਣਦੇ, ਅੰਜਨਿ ਮਾਹਿ ਨਿਰੰਜਨ ਰਿਹਾ ਜਾ ਸਕਦਾ ਹੈ। ਜਤੀ ਹੋਣ ਦੀ ਲੋੜ ਨਹੀਂ। ਜੋ ਪਰਵਾਣਤ ਹੈ ਉਹ ਹੀ ਪੂਰਾ ਹੈ। ਪਰਮਾਤਮਾਂ ਸਭ ਕੁਝ ਵੇਖ ਰਿਹਾ ਹੈ, ਜੋ ਮਰਜੀ ਯਤਨ ਕਰੀ ਜਾਓ ਪਰ ਹੋਣਾ ਉਹ ਹੀ ਹੈ ਜੋ ਉਸਨੂੰ ਮੰਨਜ਼ੂਰ ਹੈ, ''ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ''। ਗਿਆਰਵੀਂ ਪੌੜੀ ਵਿੱਚ ਨਾਨਕ ਲਿਖਦੇ ਹਨ ਕਿ ਜਿਸ ਕਿਸੇ ਤੇ ਤੇਰੀ ਮੇਹਰ ਹੈ ਉਸਨੇ ਹੀ ਤੇਰਾ ਸਿਮਰਣ ਕੀਤਾ ਹੈ। ਕਿਸੇ ਵੀ ਜੀਵ ਦੇ ਆਪਣੇ ਅਖਤਿਆਰ ਵਿੱਚ ਕੁਝ ਨਹੀਂ ਹੈ। ਦਾਤਾ ਤੇਰੀਆਂ ਤੂੰ ਜਾਣੇ, ਕਿਸਨੂੰ ਆਪਣੇ ਚਰਨਾਂ ਨਾਲ ਜੋੜਨਾਂ ਹੈ ਤੇ ਕਿਸਨੂੰ ਵਿੱਛੜਿਆਂ ਰਹਿਣ ਦੇਣਾਂ ਹੈ।ਤੇਰੀ ਮੇਹਰ ਚਾਹੀਦੀ ਹੈ ''ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧ ਆਪੁ ਬੁਝਾਇਆ'' ਤੇਰੀ ਅਜਬ ਕੁਦਰਤ ਹੈ, ਉਦੁਖੁ ਦਾਰੂ ਸੁਖੁ ਰੋਗ ਭਇਆ'' ਪਰ ਜੇ ਕਿਧਰੇ ਉਸਦੀ ਕਿਰਪਾ ਨਾਲ ਆਤਮਕ ਸੁਖ ਮਿਲ ਜਾਏ ਤਾਂ ਸਭ ਦੁੱਖ ਕੱਟੇ ਜਾਂਦੇ ਹਨ। ਹੇ ਕਰਤਾਪੁਰਖ ਤੈਥੋਂ ਬਲਿਹਾਰ ਜਾਵਾਂ ਤੇਰਾ ਅੰਤ ਪਾਇਆ ਹੀ ਨਹੀਂ ਜਾ ਸਕਦਾ। ਸਾਰੀ ਸ੍ਰਿਸ਼ਟੀ ਵਿੱਚ ਤੇਰਾ ਹੀ ਨੂਰ ਵੱਸ ਰਿਹਾ ਹੈ, ਤੂੰ ਸਰਬ ਵਿਆਪਕ ਹੈਂ, ਸਦੀਵੀ ਹੈਂ ਤੂੰ, ਤੇਰੀਆਂ ਵਡਿਆਈਆਂ ਤਾਂ ਬਹੁਤ ਵੱਢੀਆਂ ਹਨ। ਤੇਰੇ ਗੁਣ ਗਾਉਣ ਵਾਲੇ ਸੰਸਾਰ ਸਾਗਰ ਨੂੰ ਤਰ ਜਾਂਦੇ ਹਨ। ਜੋਗ ਕਰਕੇ ਜੋਗੀ ਗਿਆਨ ਪ੍ਰਾਪਤ ਕਰਦੇ ਹਨ, ਬ੍ਰਾਹਮਣ ਵੇਦ ਪੜ੍ਹਦੇ ਹਨ, ਖੱਤਰੀ ਸੂਰਬੀਰਤਾ ਸਿੱਖਦੇ ਤੇ ਸ਼ੂਦਰ ਸੇਵਾ ਭਾਵਨਾ ਰੱਖਦੇ ਆਪਣਾ ਧਰਮ ਕਰਮ ਸਮਝਦੇ ਹਨ ਲੇਕਿਨ ਸਾਰਿਆਂ ਦਾ ਸਰਬਸਾਂਝਾ ਧਰਮ ਪ੍ਰਭੂ ਦੀ ਰਜ਼ਾ ਵਿੱਚ ਰਹਿਣਾ ਹੈ। ਉਸਦੀ ਰਜ਼ਾ ਵਿੱਚ ਰਹਿਣ ਵਾਲਾ ਪ੍ਰਭੂ ਦਾ ਰੂਪ ਹੈ, ਗੁਰੁ ਵੀ ਐਸੇ ਵਿਅਕਤੀ ਨੂੰ ਨਮਸਕਾਰ ਕਰਦੇ ਹਨ। ਪਰਮਾਤਮਾਂ ਸਰਬ ਦੇਵਾਂ ਦੀ ਆਤਮਾਂ ਹੈ, ਜੋ ਜਨ ਪਰਮ ਆਤਮਾਂ ਦਾ ਭੇਦ ਜਾਣ ਲੈਂਦਾ ਹੈ ਉਹ ਜਨ ਪਰਮਾਤਮਾਂ ਦਾ ਹੀ ਰੂਪ ਬਣ ਜਾਂਦਾ ਹੈ। ਪਰ ਜਿਵੇਂ ਕੁੰਭ ਵਾਲਾ ਘੜਾ ਪਾਣੀ ਬਿਨਾਂ ਨਹੀਂ ਬਣਦਾ ਤਿਵੇਂ ਹੀ ਗੁਰੂ ਤੋਂ ਬਿਨਾ ਗਿਆਨ ਨਹੀਂ ਹੋ ਸਕਦਾ।

12ਵੀਂ ਪੌੜੀ ਵਿੱਚ ਗੁਰੁ ਫਰਮਾਉਂਦੇ ਹਨ ਕਿ ਮਨੁੱਖ ਭਾਵੇਂ ਪੜ੍ਹਿਆ ਲਿਖਿਆ ਗਿਆਨਵਾਨ ਹੋਵੇ ਤੇ ਭਾਵੇਂ ਅਨਪੜ੍ਹ ਅਗਿਆਨੀ ਹੋਵੇ ਪ੍ਰਭੂ ਦੀ ਦਰਗਾਹ ਵਿੱਚ ਕੇਵਲ ਉਸਦੀ ਰੱਬਪ੍ਰਸਤੀ ਹੀ ਕਬੂਲੀ ਜਾਂਦੀ ਹੈ। ਮਨਮਤੀਏ ਦਰਗਾਹ ਵਿੱਚ ਮਾਰ ਖਾਂਦੇ ਹਨ। ਇਨਸਾਨੀ ਜਿਸਮ ਦਾ ਜੋ ਰਥ ਹੈ ਉਸਦੇ ਜਿਵੇਂ ਜਿਵੇਂ ਰਥਵਾਨ ਬਦਲਦੇ ਹਨ, ਤਿਵੇਂ ਤਿਵੇਂ ਮਾਨੋ ਯੁਗ ਬਦਲਦੇ ਹਨ। ਸਤਜੁਗਿ ਰਥ ਸੰਤੋਖ ਦਾ ਤੇ ਉਸਦਾ ਰਥਵਾਨ ਧਰਮ ਹੈ, ਤ੍ਰੇਤੇ ਜੁਗਿ ਵਿੱਚ ਜੋਗੀ ਜਤੀ ਰਥ ਦਾ ਰਥਵਾਨ ਸੂਰਮਤਾਈ ਹੈ। ਦੁਆਪਰ ਜੁਗ ਵਿੱਚ ਸਾਧਨਾਂ, ਤਪ ਰਥ ਹੈ ਅਤੇ ਸਤਿ ਰਥਵਾਨ ਹੈ। ਜਦ ਤ੍ਰਿਸ਼ਨਾ ਦੀ ਅੱਗ ਰਥ ਹੋਵੇ ਤੇ ਰਥਵਾਨ ਝੂਠ ਹੋਵੇ ਤਾਂ ਸਮਝੋ ਕਲਜੁਗ ਹੈ। ਸੰਸਾਰ ਦਾ ਆਚਰਣ ਬਦਲਣ ਨਾਲ ਹੀ ਜੁੱਗ ਬਦਲਦੇ ਹਨ। ਚਾਰ ਵੇਦਾਂ ਨੂੰ ਚਾਰ ਜੁੱਗਾਂ ਨਾਲ ਤੁਲਨਾਤਮਕ ਗੱਲ ਕੀਤੀ ਹੈ। ਸਮਵੇਦ ਨੂੰ ਸਤਿਜੁਗ, ਰਿਗਵੇਦ ਨੂੰ ਰਾਮ ਰਾਮ ਕਰਣ ਵਾਲੇ ਤ੍ਰੇਤੇਜੁਗ ਨਾਲ ਜੋੜਿਆ ਹੈ, ਯਜੁਰਵੇਦ ਦੁਆਪਰ ਦੇ ਕ੍ਰਿਸ਼ਨ ਮੁਰਾਰੀ ਦੇ ਕ੍ਰਿਸ਼ਮੇਂ ਦੀ ਗੱਲ ਹੈ, ਅਥਰਬਵੇਦ ਕਲਯੁਗੀ ਕਾਲਖ ਨਾਲ ਸੰਬੋਧਿਤ ਹੈ। ਚਾਰਾਂ ਵੇਦਾਂ ਨੂੰ ਸੱਚ ਲਿਖਿਆ ਹੈ, ਉਚਾਰੇ ਵੇਦ ਹੋਏ ਸਚਿਆਰ''। ਭੈ ਭਾਓ ਵਿੱਚ ਨਿਮਰਤਾ ਨਾਲ ਚੱਲਣ ਦੀ ਗੁੜ੍ਹਤੀ ਹੈ। ਤ੍ਰੇਰਵੀਂ ਪੌੜੀ ਵਿੱਚ ਲਿਖਿਆ ਹੈ ਕਿ ਜੋ ਖਸਮ ਨੂੰ ਛੱਡ ਕੇ ਦੂਜੇ ਕਿਸੇ ਦੇ ਲੜ ਲੱਗੀ ਫਿਰਦੇ ਹਨ ਉਹ ਤਾਂ ਫਿਰ ਡੁੱਬੇ ਕਿ ਡੁੱਬੇ। ਸਤਿਗੁਰੂ ਹੀ ਪਾਰ ਲੰਘਾ ਸਕਦਾ ਹੈ, ''ਸਤਿਗੁਰੂ ਹੈ ਬੋਹਿਥਾ ਵਿਰਲੇ ਕਿਨੈ ਵੀਚਾਰਿਆ''। ਬਹੁਤੇ ਉੱਚੇ ਸਿੰਮਲ ਰੁੱਖ ਦੇ ਫਲ ਫਿੱਕੇ ਫੁੱਲ ਬਕਬਕੇ ਹੁੰਦੇ ਹਨ, ਸਿੰਮਲ ਦੇ ਪੱਤੇ ਵੀ ਕਿਸੇ ਕੰਮ ਨਹੀਂ ਆਉਂਦੇ। ਕਹਿਣ ਤੋਂ ਭਾਵ ਫਲ ਨੀਵਿਆਂ ਰੁੱਖਾਂ ਨੂੰ ਮਿੱਠੇ ਲਗਦੇ, ਸਿੰਮਲਾ ਗਮ੍ਹਾਨ ਨਾਂ ਕਰੀਂ। ਤੱਕੜੀ ਦਾ ਜੋ ਪਾਸਾ ਨੀਵਾਂ ਹੁੰਦਾ ਹੈ, ਝੁਕਦਾ ਹੈ ਉਹ ਹੀ ਵਜਨਦਾਰ ਹੁੰਦਾ ਹੈ। ਸਿਰਫ ਸਿਰ ਨਿਵਾਉਣ ਨਾਲ ਵੀ ਗੱਲ ਨਹੀਂ ਬਣਦੀ ਨਿਵਣ ਗੁਣ ਆਉਣ ਤਾਂ ਹੀ ਗੱਲ ਬਣਦੀ ਹੈ। ਬਗਲੇ ਭਗਤ ਬਣਕੇ ਜੋ ਤਿਲਕ ਜੰਜੂ ਧਾਰਣ ਕਰਕੇ, ਪਾਠ ਪੂਜਾ ਕਰਦੇ ਫਿਰਦੇ ਹਨ ਇਹ ਸਭ ਵਿਅਰਥ ਹੈ, ਉਸਭ ਫੋਕਟ ਨਿਸਚਉ ਕਰਮੰ''। ਗੁਰੁ ਬਿਨਾਂ ਗਤੀ ਨਹੀਂ ਹੋ ਸਕਦੀ, ਉਵਿਣੁ ਸਤਿਗੁਰ ਵਾਟ ਨ ਪਾਵੈ''।

14ਵੀਂ ਪੌੜੀ ਵਿੱਚ ਸੁਹਾਵਣੇ ਕੱਪੜ ਰੂਪ ਨੂੰ ਵਿਛਾ ਬਣਾਇਆ ਹੈ। ਇਹ ਸੋਹਣਾਂ ਰੂਪ ਤੇ ਦੁਨਿਆਵੀ ਵਸਤਰ ਨਾਲ ਨਹੀਂ ਜਾਣੇ, ਦੁਨੀਆਂ ਵਿੱਚ ਹੀ ਛੱਡ ਜਾਣੇ ਹਨ। ਇਨਸਾਨ ਆਪਣੇ ਜੀਵਨ ਵਿੱਚ ਜੋ ਜੋ ਚੰਗੇ ਮੰਦੇ ਕਰਮ ਕਰਦਾ ਹੈ, ਉਸਦਾ ਫਲ ਉਸਨੂੰ ਭੋਗਣਾਂ ਪੈਂਦਾ ਹੈ, ''ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅੱਗੇ ਜਾਵਣਾ'' ''ਕਰਿ ਅਉਗਣ ਪਛੋਤਾਵਣਾ''। ਪੰਡਤ ਨੂੰ ਗੁਰੁ ਨਾਨਕ ਐਸਾ ਜਨੇਊ ਪਾਉਣ ਲਈ ਆਖਦੇ ਹਨ ਜਿਹੜਾ ਜਨੇਊ ਦਇਆ ਕਪਾਹ ਦਾ ਬਣਿਆਂ ਹੋਵੇ, ਸੰਤੋਖ ਸੂਤ ਹੋਵੇ, ਜਤ ਦੀਆਂ ਗੰਢਾਂ ਹੋਣ ਅਤੇ ਜੋ ਜਨੇਊ ਆਚਰਣ ਨਾਲ ਵੱਟਿਆ ਹੋਵੇ। ਜੋ ਨਾ ਟੁੱਟੇ ਨਾ ਉਸਨੂੰ ਮੈਲ ਲੱਗੇ, ਨਾ ਸੜੇ ਤੇ ਨਾ ਗਵਾਚੇ। ਪੰਡਤਾਂ ਦੇ ਪੈਸੇ ਬਦਲੇ ਲਏ ਦਿੱਤੇ ਜਨੇਊ ਨੇ ਨਾਲ ਨਹੀਂ ਜਾਣਾ, ਸੜ ਜਾਣਾ ਹੈ ਝੜ ਜਾਣਾ ਹੈ। ਬੰਦਾ ਇੱਕ ਪਾਸੇ ਤਾਂ ਚੋਰੀਆਂ ਯਾਰੀਆਂ ਕਰਦਾ ਫਿਰਦਾ ਹੈ, ਝੂਠ ਬੋਲਦਾ ਠੱਗੀਆਂ ਮਾਰਦਾ ਫਿਰਦਾ ਹੈ, ਦੂਜੇ ਪਾਸੇ ਬਾਹਮਣ ਕੋਲੋਂ ਬਣਵਾ ਕੇ ਪਾਏ ਜਨੇਊ ਦੀ ਖੁਸ਼ੀ ਕਰਦਾ ਫਿਰਦਾ ਹੈ, ਬੱਕਰੇ ਰਿੰਨ੍ਹ ਕੇ ਖਾਂਦੇ ਫਿਰਦੇ ਹਨ। ਫਿਰ ਜਦ ਉਹ ਜਨੇਊ ਪੁਰਾਣਾ ਹੋ ਜਾਂਦਾ ਹੈ ਤਾਂ ਸਿੱਟ ਦੇਂਦੇ ਹਨ ਤੇ ਨਵਾਂ ਬਣਵਾ ਲੈਂਦੇ ਹਨ। ਨਾਨਕ ਲਿਖਦੇ ਹਨ ਕਿ ਜਨੇਊ ਸਹੀ ਹੈ ਤਾਂ ਉਹ ਫਿਰ ਖਰਾਬ ਹੋਇਆ ਸਿੱਟਣਾ ਕਿਉਂ ਪਵੇ, ''ਨਾਨਕ ਤਗੁ ਨਾ ਤੁਟਈ ਜੇ ਤਗੁ ਹੋਵੈ ਜੋਰੁ'' ਮਨ ਅੰਦਰ ਜੇ ਅਕਾਲ ਉਸਤਤ ਦਾ ਜਨੇਊ ਪਾ ਲਈਏ ਤਾਂ ਉਹ ਕਦੇ ਨਹੀਂ ਟੁੱਟਦਾ। ਇੰਦਰੀਆਂ ਵੱਸ ਕਰਨ ਵਾਲਾ ਜਨੇਊ ਤਾਂ ਪਾਉਂਦੇ ਨਹੀਂ ਭਾਵੇਂ ਜਿਨੀਂ ਮਰਜ਼ੀ ਬੇਜ਼ਤੀ ਹੋਵੇ। ਗਲਤ ਪਾਸੇ ਲਿਜਾਣ ਤੋਂ ਰੋਕਣ ਲਈ ਪੈਰਾਂ ਨੂੰ ਤਾਂ ਕੋਈ ਜਨੇਊ ਪਾਇਆ ਨਹੀਂ। ਹੱਥਾਂ ਨੂੰ, ਅੱਖਾਂ ਨੂੰ, ਜ਼ੀਭ ਨੂੰ ਤਾਂ ਕੋਈ ਜਨੇਊ ਨਹੀਂ ਪਾਇਆ ਗਲਤੀਆਂ ਤੋਂ ਰੋਕਣ ਲਈ। ਆਪ ਪੰਡਤ ਨੂੰ ਦਿਸਦਾ ਨਹੀਂ ਪਰ ਲੋਕਾਂ ਨੂੰ ਰਾਹ ਦਰਸਾਉਂਦਾ ਫਿਰਦਾ ਹੈ ਪੱਤਰੀ ਵੇਖ ਕੇ, ਉਮਨਿ ਅੰਧਾ ਨਾਉ ਸੁਜਾਣੁ''।

15ਵੀਂ ਪੌੜੀ ਵਿਚ ਲਿਖਿਆ ਹੈ ਕਿ ਦਇਆ ਕਰਕੇ ਤੁਠ ਕੇ, ਕਿਰਪਾ ਕਰਕੇ ਰੱਬ ਬੰਦੇ ਨੂੰ ਆਪਣੀ ਰਜ਼ਾ ਵਿੱਚ ਤੋਰਦਾ ਹੈ ਪਰਮਾਤਮਾਂ ਜਿਸ ਕੋਲੋਂ ਚਾਹੇ ਉਸੇ ਕੋਲੋਂ ਹੀ ਸੇਵਾ ਕਰਵਾਉਂਦਾ ਹੈ। ਹੁਕਮ ਰਜਾਈ ਚੱਲ ਕੇ ਹੀ, ''ਖਸਮੈ ਕਾ ਮਹਲੁ ਪਾਇਸੀ''। ਨਮਾਜ਼ ਪੜ੍ਹਨ ਵਾਲੇ ਜੇ ਵੱਡੀਖੋਰ ਹਨ, ਗਲ ਜਨੇਊ ਪਾਉਣ ਵਾਲੇ ਖੱਤਰੀ ਜੇ ਗਰੀਬਾਂ ਤੇ ਜ਼ੁਲਮ ਕਰਦੇ ਹਨ, ਰੱਤ ਚੂਸਦੇ ਹਨ, ਪਰ ਜੇ ਬ੍ਰਾਹਮਣ ਕਿਸੇ ਵੱਡੀਖੋਰ ਖੱਤਰੀ ਦੇ ਘਰ ਜਾ ਕੇ ਪੂਜਾ ਕਰਦਾ ਹੈ ਤੇ ਬ੍ਰਾਹਮਣ ਰੱਤ ਚੂਸ ਕੇ ਕੱਠੀ ਕੀਤੀ ਦੌਲਤ ਵਿੱਚੋਂ ਛਕਦਾ ਹੈ ਤਾਂ ਫਿਰ ਉਹ ਵੀ ਪਲੀਤ ਹੋਇਆ।

ਇਹ ਸਭ, ''ਕੂੜੀ ਰਾਸਿ ਕੂੜਾ ਵਾਪਾਰੁ'' ਹੈ ਚੌਕਾ ਲਿੱਪਿਆ ਪੋਚਿਆ ਕੀ ਕਰੂ ਜੇਕਰ, ''ਉਪਰਿ ਆਇ ਬੈਠੇ ਖੂੜਿਆਰ''। ਜੂਠੇ ਬਰਤਨਾਂ ਵਿੱਚ ਸੱਚ ਪਾਉਣ ਦਾ ਯਤਨ ਕਰੀਏ ਤਾਂ ਸੁੱਚਮ ਨਹੀਂ ਰਹਿੰਦੀ, ਉ ਸੁਚਿ ਹੋਵੈ ਤਾ ਸਚੁ ਪਾਈਐ''। ਮਾਣਸ ਖਾਣੇ ਜੇ ਨਵਾਜ ਕਰਨ, ਕਤਲ ਕਰ ਰਹੇ ਕਾਤਲ ਨੇਂ ਜੇ ਜਨੇਊ ਪਾਇਆ ਹੋਵੇ ਤਾਂ ਉਹ ਸੱਚਪ੍ਰਸਤ ਕਿਵੇਂ ਗਿਣੀਏਂ।

ਲੋਕਾਂ ਦਾ ਲਹੂ ਪੀ ਕੇ ਜੇ ਕਿਸੇ ਖੱਤਰੀ ਨੇ ਧਨ ਦੌਲਤ ਬਣਾਈ ਹੋਵੇ ਤੇ ਬ੍ਰਾਹਮਣ ਕੋਲੋਂ ਪੂਜਾ ਕਰਵਾ ਕੇ ਬ੍ਰਾਹਮਣ ਨੂੰ ਜ਼ੁਲਮ ਕਰਕੇ ਇਕੱਠੇ ਕੀਤੇ ਧਨ ਵਿੱਚੋਂ ਮਾਇਆ ਭੇਂਟ ਕਰੇ ਤਾਂ ਉਹ ਲਹੂ ਪੀ ਕੇ ਕਮਾਈ ਹੋਈ ਦੌਲਤ ਨਾਲ ਖਰੀਦੀਆਂ ਵਸਤਾਂ ਚੋਂ ਬ੍ਰਾਹਮਣ ਨੂੰ ਵੀ ਉਹ ਹੀ ਸਵਾਦ ਆਏਗਾ।

(ਚਲਦਾ)

# ਆਖਰ ਆ ਹੀ ਗਏ ਜੱਸੀ ਕਾਂਡ ਦੇ ਆਖਰੀ ਮੁਲਜ਼ਮ ਕਾਨੂੰਨ ਦੀ ਗ੍ਰਿਫਤ ਵਿੱਚ



ਬਲਰਾਜ ਸਿੰਘ ਸਿੱਧੂ
ਐਸ. ਪੀ.
9815124449

ਜਸਵਿੰਦਰ ਕੌਰ ਸਿੱਧੂ ਉਰਫ ਜੱਸੀ ਦਾ ਕਤਲ ਕੇਸ ਫਿਰ ਚਰਚਾ ਵਿੱਚ ਹੈ। ਉਸ ਨੂੰ ਅਣਖ ਦੀ ਖਾਤਰ ਮਾਰਨ ਦਾ ਹੁਕਮ ਦੇਣ ਵਾਲੀ ਉਸ ਦੀ ਮਾਂ ਮਲਕੀਤ ਕੌਰ ਅਤੇ ਮਾਮਾ ਸੁਰਜੀਤ ਸਿੰਘ ਬਦੇਸ਼ਾਂ ਨੂੰ ਕੈਨੇਡੀਅਨ ਅਦਾਲਤ ਦੇ ਹੁਕਮਾਂ ਅਨੁਸਾਰ 25 ਜਨਵਰੀ ਨੂੰ ਵਾਪਸ ਭਾਰਤ ਭੇਜਿਆ ਹੈ। ਹੁਣ ਭਾਰਤੀ ਅਦਾਲਤਾਂ ਵਿੱਚ ਉਹਨਾਂ ਦੇ ਗੁਨਾਹਾਂ ਬਾਰੇ ਫੈਸਲਾ ਹੋਵੇਗਾ। ਜੱਸੀ ਦਾ ਜਨਮ 4 ਅਗਸਤ 1975 ਨੂੰ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਮੈਪਲ ਰਿੱਜ ਸ਼ਹਿਰ (ਫਰੇਜ਼ਰ ਵੈਲੀ) ਵਿੱਚ ਹੋਇਆ ਸੀ। ਉਸ ਦੇ ਬਾਪ ਦਾ ਨਾਮ ਬਖਤੌਰ ਸਿੰਘ ਹੈ ਤੇ ਉਸ ਦੇ ਦੋ ਭਰਾ ਹਨ। ਬਖਤੌਰ ਸਿੰਘ ਦਾ ਜੱਦੀ ਪਿੰਡ ਲੰਡੇਕੇ ਮੋਗਾ ਲਾਗੇ ਪੈਂਦਾ ਹੈ, ਪਰ ਉਸ ਦੇ ਪਰਿਵਾਰ ਦਾ ਜਿਆਦਾ ਆਉਣ ਜਾਣ ਉਸ ਦੇ ਸਹੁਰੇ ਪਿੰਡ ਕਾਉਂਕੇ ਖੋਸਾ (ਜਗਰਾਉਂ) ਸੀ। ਆਪਣੇ ਪਿੰਡ ਉਹ ਕਦੇ ਕਦਾਈਂ ਹੀ ਜਾਂਦੇ ਸਨ। ਜੱਸੀ ਵੀ ਆਮ ਹੀ ਕਾਉਂਕੇ ਆਉਂਦੀ ਜਾਂਦੀ ਰਹਿੰਦੀ ਸੀ। ਦਸੰਬਰ 1994 ਵਿੱਚ ਜਦੋਂ ਜੱਸੀ ਪਰਿਵਾਰ ਸਮੇਤ ਨਾਨਕੇ ਆਈ ਹੋਈ ਸੀ ਤਾਂ ਉਸ ਦੀ ਮੁਲਾਕਾਤ ਪਿੰਡ ਦੇ ਹੀ ਇੱਕ ਆਟੋ ਰਿਕਸ਼ਾ ਡਰਾਈਵਰ ਸੁਖਵਿੰਦਰ ਸਿੰਘ ਸਿੱਧੂ ਉਰਫ ਮਿੱਠੂ ਨਾਲ ਹੋਈ ਜੋ ਜਲਦੀ ਹੀ ਗੂੜ੍ਹੇ ਪਿਆਰ ਵਿੱਚ ਬਦਲ ਗਈ।

1999 ਵਿੱਚ ਜੱਸੀ ਆਪਣੇ ਪਰਿਵਾਰ ਨਾਲ ਦੁਬਾਰਾ ਪੰਜਾਬ ਆਈ। ਇਸ ਵਾਰ ਪਰਿਵਾਰ ਉਸ ਦੇ ਵਿਆਹ ਵਾਸਤੇ ਲੜਕਾ ਵੇਖਣ ਆਇਆ ਸੀ। ਜੱਸੀ ਨੇ ਕਿਸੇ ਤਰਾਂ ਬਹਾਨੇ ਮਾਰ ਕੇ ਵਿਆਹ ਟਾਲ ਦਿੱਤਾ ਤੇ ਚੁੱਪ ਚਾਪ 15 ਮਾਰਚ 1999 ਨੂੰ ਮਿੱਠੂ ਨਾਲ ਅਦਾਲਤੀ ਵਿਆਹ ਕਰਵਾ ਲਿਆ। ਉਸ ਦੇ ਪਰਿਵਾਰ ਨੂੰ ਇੱਕ ਸਾਲ ਬਾਅਦ ਇਸ ਵਿਆਹ ਬਾਰੇ ਪਤਾ ਲੱਗਾ ਤਾਂ ਸਾਰੇ ਪਰੇਸ਼ਾਨ ਹੋ ਗਏ। ਮਾਪਿਆਂ ਕੋਲੋਂ ਉਸ ਵੱਲੋਂ ਇੱਕ ਗਰੀਬ ਵਿਅਕਤੀ ਨਾਲ ਕਰਵਾਇਆ ਵਿਆਹ ਬਰਦਾਸ਼ਤ ਨਾ ਹੋਇਆ। ਇਸ ਦੇ ਦੋ ਕਾਰਨ ਸਨ। ਇੱਕ ਤਾਂ ਮਿੱਠੂ ਜੱਸੀ ਦੇ ਨਾਨਕਿਆਂ ਦੇ ਪਿੰਡ ਦਾ ਸੀ ਤੇ ਦੂਸਰਾ ਉਸ ਦੀ ਗੋਤਰ ਵੀ ਜੱਸੀ ਵਾਲਾ ਸਿੱਧੂ ਸੀ। ਜੱਟਾਂ ਵਿੱਚ ਆਮ ਤੌਰ 'ਤੇ ਇੱਕ ਹੀ ਗੋਤਰ ਵਿੱਚ ਵਿਆਹ ਨਹੀਂ ਹੁੰਦੇ। ਘਰ ਵਿੱਚ ਤੂਫਾਨ ਆ ਗਿਆ। ਕੈਨੇਡਾ ਲਿਜਾ ਕੇ ਜੱਸੀ 'ਤੇ ਕਈ ਤਰਾਂ ਦੀਆਂ ਪਾਬੰਦੀਆਂ ਲਗਾਈਆਂ ਗਈਆਂ, ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ, ਮਾਰ ਕੁੱਟ ਕੀਤੀ ਗਈ, ਪਰ ਉਹ ਆਪਣੇ ਫੈਸਲੇ 'ਤੇ ਅਡਿੱਗ ਰਹੀ। ਉਸ ਨੂੰ ਮਿੱਠੂ ਨੂੰ ਤਲਾਕ ਦੇਣ ਲਈ ਮਨਾਉਣ ਲਈ ਕਈ ਤਰਾਂ ਦੇ ਲਾਲਚ ਅਤੇ ਡਰਾਵੇ ਦਿੱਤੇ ਗਏ। ਜਦੋਂ ਉਹ ਨਾ ਮੰਨੀ ਤਾਂ ਉਸ ਨੂੰ ਧੋਖੇ ਵਿੱਚ ਰੱਖ ਕੇ ਮਿੱਠੂ ਦੇ ਖਿਲਾਫ ਝੂਠਾ ਪਰਚਾ ਦਰਜ਼ ਕਰਾਉਣ ਲਈ ਦਰਖਾਸਤ 'ਤੇ ਦਸਖਤ ਕਰਵਾ ਲਏ ਗਏ। ਉਸ ਦੀ ਇਸ ਦਰਖਾਸਤ ਦੇ ਅਧਾਰ 'ਤੇ ਥਾਣਾ ਜਗਰਾਉਂ ਵਿੱਚ ਮੁਕੱਦਮਾ ਨੰਬਰ 38 ਮਿਤੀ 23.2.2000 ਦਰਜ਼ ਕਰਵਾ ਦਿੱਤਾ ਗਿਆ। ਇਹ ਮੁਕੱਦਮਾ ਬਾਅਦ ਵਿੱਚ ਜੱਸੀ ਨੇ ਅਦਾਲਤ ਵਿੱਚ ਮਿੱਠੂ ਦੇ ਹੱਕ ਵਿੱਚ ਬਿਆਨ ਦੇ ਕੇ ਖਾਰਜ਼ ਕਰਵਾ ਦਿੱਤਾ।



ਜਦੋਂ ਗੱਲ ਕਿਸੇ ਤਣ ਪੱਤਣ ਨਾ ਲੱਗੀ ਤਾਂ ਹਾਰ ਕੇ ਜੱਸੀ ਨੇ ਖੁਲ੍ਹਮ ਖੁਲ੍ਹੀ ਬਗਾਵਤ ਕਰ ਦਿੱਤੀ। ਉਸ ਨੇ ਕੈਨੇਡੀਅਨ ਪੁਲਿਸ ਦੀ ਮਦਦ ਨਾਲ ਘਰ ਛੱਡ ਦਿੱਤਾ ਤੇ ਕਿਸੇ ਦੋਸਤ ਕੋਲੋਂ ਟਿਕਟ ਜੋਗੇ ਪੈਸੇ ਉਧਾਰੇ ਲੈ ਕੇ 12 ਮਈ 2000 ਨੂੰ ਪੰਜਾਬ ਪਹੁੰਚ ਗਈ। ਉਹ ਆਪਣੇ ਪਤੀ ਮਿੱਠੂ ਨਾਲ ਖੁਸ਼ੀ ਖੁਸ਼ੀ ਉਸ ਦੇ ਨਾਨਕੇ ਪਿੰਡ ਨਾਰੀਕੇ ਰਹਿਣ ਲੱਗ ਪਈ। ਪਰ ਹੋਣੀ ਨੂੰ ਕੁਝ ਹੋਰ ਮੰਨਜ਼ੂਰ ਸੀ। 12 ਮਈ 2000 ਨੂੰ ਜਦੋਂ ਉਹ ਤੇ ਮਿੱਠੂ ਰਾਤ ਨੌਂ ਵਜੇ ਮਲੇਰਕੋਟਲੇ ਤੋਂ ਆ ਰਹੇ ਸਨ ਤਾਂ ਰਸਤੇ ਵਿੱਚ ਘਾਤ ਲਗਾਈ ਬੈਠੇ ਉਸ ਦੇ ਮਾਮੇ ਵੱਲੋਂ ਭੇਜੇ ਭਾੜੇ ਦੇ ਕਾਤਲਾਂ ਨੇ ਦੋਵਾਂ ਨੂੰ ਅਗਵਾ ਕਰ ਲਿਆ। ਉਹ ਮਿੱਠੂ ਨੂੰ ਆਪਣੇ ਵੱਲੋਂ ਵੱਢ ਟੁੱਕ ਕੇ ਮਾਰ ਕੇ ਸੁੱਟ ਗਏ ਪਰ ਬਾਅਦ ਵਿੱਚ ਉਹ ਇਲਾਜ ਕਰਨ 'ਤੇ ਬਚ ਗਿਆ। ਜੱਸੀ ਨੂੰ ਕਾਰ ਵਿੱਚ ਸੁੱਟ ਕੇ ਅਗਵਾਕਾਰ ਉਸ ਨੂੰ ਬੁਲਾਰਾ ਨੇੜੇ ਇੱਕ ਫਾਰਮ ਹਾਊਸ 'ਤੇ ਲੈ ਗਏ। ਉਥੇ ਸਮਝਾਉਣ ਦੇ ਆਖਰੀ ਯਤਨ ਵੱਜੋਂ ਉਸ ਦੀ ਮਲਕੀਤ ਕੌਰ ਅਤੇ ਸੁਰਜੀਤ ਸਿੰਘ ਬਦੇਸ਼ਾਂ ਨਾਲ ਗੱਲ ਕਰਵਾਈ ਗਈ। ਆਪਣੇ ਸਾਹਮਣੇ ਵੱਢੇ ਗਏ ਮਿੱਠੂ ਅਤੇ ਮੌਤ ਸਿਰ 'ਤੇ ਨੱਚਦੀ ਵੇਖ ਕੇ ਵੀ ਜੱਸੀ ਨਾ ਡਰੀ। ਉਸ ਨੇ ਆਪਣੀ ਮਾਂ ਅਤੇ ਮਾਮੇ ਨੂੰ ਬਹੁਤ ਬੁਰਾ ਭਲਾ ਕਿਹਾ ਤੇ ਪੁਲਿਸ ਕੋਲ ਜਾ ਕੇ ਉਹਨਾਂ ਨੂੰ ਫਾਂਸੀ ਲਗਵਾਉਣ ਲਈ ਲਲਕਾਰਿਆ। ਇਸ 'ਤੇ ਉਸ ਦੀ ਮਾਂ ਅਤੇ ਮਾਮੇ ਨੇ ਰੋਜ ਰੋਜ ਦੀ ਕਿੱਚ ਕਿੱਚ ਮੁਕਾਉਣ ਲਈ ਢਿੱਡੋਂ ਜੰਮੀ ਧੀ ਦਾ ਵੀ ਫਸਤਾ ਵੱਢਣ ਦਾ ਹੁਕਮ ਅਗਵਾਕਾਰਾਂ ਨੂੰ ਸੁਣਾ ਦਿੱਤਾ। ਬੇਰਹਿਮ ਕਾਤਲਾਂ ਨੇ ਸਿਰਫ ਪੈਸੇ ਦੇ ਲਾਲਚ ਕਾਰਨ ਜੱਸੀ ਨੂੰ ਗਲਾ ਵੱਢ ਕੇ ਮਾਰ ਦਿੱਤਾ ਅਤੇ ਲਾਸ਼ ਨਜ਼ਦੀਕੀ ਨਹਿਰ ਵਿੱਚ ਸੁੱਟ ਦਿੱਤੀ। ਉਸ ਦੀ ਲਾਸ਼ ਕੁਝ ਦਿਨਾਂ ਬਾਅਦ ਪਿੰਡ ਬੁਲਾਰਾ ਦੇ ਨਜ਼ਦੀਕ ਬਰਾਮਦ ਹੋਈ ਸੀ। ਮਿੱਠੂ ਦੇ ਬਿਆਨਾਂ 'ਤੇ ਥਾਣਾ ਅਮਰਗੜ੍ਹ, ਸੰਗਰੂਰ ਵਿੱਚ ਅਣਪਛਾਤੇ ਕਾਤਲਾਂ ਦੇ ਖਿਲਾਫ ਮੁਕੱਦਮਾ ਨੰਬਰ 48, ਮਿਤੀ 9.6.2000 ਦਰਜ਼ ਹੋਇਆ।

ਜਦੋਂ 15-20 ਦਿਨ ਤੋਂ ਬਾਅਦ ਵੀ ਕੇਸ ਹੱਲ ਨਾ ਹੋਇਆ ਤਾਂ ਅੰਤਰਰਾਸ਼ਟਰੀ ਪੱਧਰ 'ਤੇ ਹੱਲਾ ਮੱਚ ਗਿਆ। ਭਾਰਤ ਸਰਕਾਰ 'ਤੇ ਕੈਨੇਡਾ ਸਰਕਾਰ ਨੇ ਆਪਣੇ ਨਾਗਰਿਕ ਦੇ ਕਤਲ ਦਾ ਕੇਸ ਹੱਲ ਕਰਨ ਲਈ ਭਾਰੀ ਦਬਾਅ ਪਾਇਆ। ਇਸ 'ਤੇ ਤਫਤੀਸ਼ ਥਾਣਾ ਧੂਰੀ ਦੇ ਐਸ.ਐਚ.ਉ. ਤੇਜ਼ ਤਰਾਟ ਇੰਸਪੈਕਟਰ ਸਵਰਨ ਸਿੰਘ ਖੰਨਾ (ਹੁਣ ਐਸ.ਪੀ.ਡੀ. ਬਠਿੰਡਾ) ਦੇ ਹਵਾਲੇ ਕਰ ਦਿੱਤੀ ਗਈ। ਸਵਰਨ ਸਿੰਘ ਨੇ ਕਾਲ ਡਿਟੇਲਾਂ ਤੋਂ ਪਤਾ ਲੱਗਾ ਲਿਆ ਕਿ ਜੱਸੀ ਦਾ ਮਾਮਾ ਅਤੇ ਮਾਂ ਕਾਤਲਾਂ ਨਾਲ ਲਗਾਤਾਰ ਸੰਪਰਕ ਵਿੱਚ ਸਨ। ਸਵਰਨ ਸਿੰਘ ਦੀਆਂ ਅਣਥੱਕ ਤੇ ਇਮਾਨਦਾਰੀ ਨਾਲ ਕੀਤੀਆਂ ਕੋਸ਼ਿਸ਼ਾਂ ਸਦਕਾ ਸਾਰੇ ਭਾੜੇ ਦੇ ਕਾਤਲ (ਅਸ਼ਵਨੀ ਕੁਮਾਰ ਉਰਫ ਆਸ਼ੂ ਹੈਬੋਵਾਲ, ਅਨਿਲ ਕੁਮਾਰ ਮਾਡਲ ਟਾਊਨ ਲੁਧਿਆਣਾ, ਰਵਿੰਦਰ ਸਿੰਘ ਲੀਲੂ ਹੈਬੋਵਾਲ, ਜਸਵੰਤ ਸਿੰਘ ਸੋਨੀ ਹੈਬੋਵਾਲ, ਦਰਸ਼ਨ ਸਿੰਘ

(ਬਾਕੀ ਸਫਾ 22 'ਤੇ)

# ਸਤਿਕਾਰਯੋਗ ਸਰਦਾਰ ਭਰਪੂਰ ਸਿੰਘ ਜੀ (ਦਾਰਜੀ) ਨੂੰ ਨਿੱਘੀ ਸ਼ਰਧਾਂਜਲੀ

**ਐਡਵੋਕੇਟ ਸੁਰਿੰਦਰ ਸਿੰਘ ਕੰਵਰ, ਮੈਲਬੌਰਨ**

ਸਰਦਾਰ ਭਰਪੂਰ ਸਿੰਘ ਜੀ ਸਾਡੇ ਪਿਤਾ ਜੀ ਜਿਨ੍ਹਾ ਨੂੰ ਅਸੀਂ ਦਾਰਜੀ ਕਹਿ ਕੇ ਬੁਲਾਂਦੇ ਸੀ 10 ਜਨਵਰੀ 2019 ਨੂੰ ਆਪਣੀ ਜੀਵਨ ਯਾਤਰਾ ਸਮਾਪਤ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਸਾਨੂੰ ਇਹ ਕਹਿਣ 'ਤੇ ਮਾਣ ਪ੍ਰਾਪਤ ਹੁੰਦਾ ਹੈ ਕਿ ਉਹ ਇਕ ਅਦੁੱਤੀ ਸ਼ਖਸ਼ੀਅਤ ਦੇ ਮਾਲਕ ਸਨ। ਉਨ੍ਹਾਂ ਨੇ ਪੋਤੇ-ਪੋਤੀਆਂ ਦੇ ਇਲਾਵਾ ਪੜਪੋਤੇ-ਪੜਪੋਤੀਆਂ ਦੇ ਸਾਥ ਦਾ ਵੀ ਨਿੱਘ ਮਾਣਿਆ ਅਤੇ ਸਭ ਪਰਿਵਾਰਾਂ ਨੂੰ ਇਕ ਕੜੀ ਦੇ ਵਿਚ ਜੋੜ ਕੇ ਰੱਖਿਆ ਜਿਸ ਕਾਰਨ ਸਭ ਪਰਿਵਾਰਾਂ ਦਾ ਉਨ੍ਹਾਂ ਪ੍ਰਤੀ ਬਹੁਤ ਹੀ ਪ੍ਰੇਮ ਅਤੇ ਸਤਿਕਾਰ ਬਣਿਆ ਰਿਹਾ।ਦਾਰਜੀ ਦੇ ਨਾਮ 'ਤੇ ਵਟਸਅਪ ਉਤੇ ਫੈਮਲੀ ਗਰੁੱਪ ਬਣਿਆ ਹੋਇਆ ਸੀ।103 ਸਾਲ ਤੋਂ ਵੱਧ ਉਮਰ ਹੋਣ ਦੇ ਬਾਵਜੂਦ ਵੀ ਆਖਰੀ ਦਿਨਾਂ ਤੱਕ ਦਾਰਜੀ ਵਟਸਅਪ ਦੇ ਜ਼ਰੀਏ ਫੈਮਲੀ ਦੇ ਹਰ ਪਰਿਵਾਰ ਨਾਲ ਜੁੜੇ ਰਹਿੰਦੇ ਅਤੇ ਆਪਣੇ ਮੈਸਿਜਸ ਭੇਜਦੇ ਰਹਿੰਦੇ ਸਨ। ਇਤਨਾ ਹੀ ਨਹੀਂ ਉਹ ਫੇਸ ਬੁੱਕ ਉਤੇ ਆਪਣੇ ਮਿੱਤਰਾਂ ਨਾਲ ਵੀ ਪੂਰੀ ਤਰ੍ਹਾਂ ਜੁੜੇ ਰਹਿੰਦੇ ਸਨ ਅਤੇ ਆਪਣੇ ਵਿਚਾਰ ਸਾਂਝੇ ਕਰਦੇ ਰਹਿੰਦੇ ਸਨ। ਆਈ ਫੋਨ ਨੂੰ ਉਹ ਆਪਣੀ ਲਾਇਫ ਲਾਇਨ ਕਹਿ ਕੇ ਹਮੇਸ਼ਾ ਆਪਣੇ ਨਾਲ ਰੱਖਦੇ ਤੇ ਸਭ ਨਾਲ ਲਿੰਕ ਬਣਾਈ ਰਖਦੇ ਸਨ।





ਇਹ ਉਨ੍ਹਾਂ ਦੀ ਆਪਣੀ ਅਦੁੱਤੀ ਸ਼ਖਸ਼ੀਅਤ ਦਾ ਕਰਨਾਮਾ ਹੀ ਸੀ ਕਿ ਨਾ ਸਿਰਫ ਆਪਣੇ ਧੀਆ ਪੁੱਤਰਾਂ ਵਿਚ ਅਤੇ ਉਨ੍ਹਾਂ ਦੇ ਪਰਿਵਾਰਾਂ ਵਿਚ ਹੀ ਉਨ੍ਹਾਂ ਦਾ ਮਾਣ ਸਤਿਕਾਰ ਸੀ ਸਗੋਂ ਜਿਤਨੇ ਵੀ ਸਾਕ ਸੰਬੰਧੀ ਤੇ ਹੋਰ ਰਿਸ਼ਤੇਦਾਰ ਸਨ ਉਹ ਸਾਰੇ ਹੀ ਦਾਰ ਜੀ ਦਾ ਪੂਰਾ ਸਤਿਕਾਰ ਅਤੇ ਮਾਣ ਇਜ਼ਤ ਕਰਦੇ ਸਨ। ਹਰ ਕੋਈ ਉਨ੍ਹਾਂ ਬਾਰੇ ਕੋਈ ਨਾ ਕੋਈ ਗੱਲ ਜ਼ਰੂਰ ਕਰਦਾ ਰਹਿੰਦਾ।

ਦਾਰਜੀ ਦੀ ਅਦੁੱਤੀ ਸ਼ਖਸ਼ੀਅਤ ਇਸ ਤਰ੍ਹਾਂ ਵੀ ਸਾਕਾਰ ਹੁੰਦੀ ਹੈ, ਕਿ ਇਕ ਵਾਰ ਵੀ ਜਿਸ ਨੂੰ ਉਹ ਮਿਲਦੇ ਸਨ, ਉਸ ਉਤੇ ਉਹ ਐਸਾ ਪ੍ਰਭਾਵ ਛੱਡਦੇ ਸਨ ਕਿ ਉਹ ਦਾਰਜੀ ਨੂੰ ਹਮੇਸ਼ਾ ਵਾਸਤੇ ਯਾਦ ਕਰਦਾ ਅਤੇ ਸਤਿਕਾਰ ਕਰਦਾ ਰਹਿੰਦਾ। ਉਨ੍ਹਾਂ ਦੀ ਸ਼ਖਸ਼ੀਅਤ ਦਾ ਪ੍ਰਭਾਵ ਇਤਨਾਂ ਪ੍ਰਬਲ ਰਿਹਾ ਕਿ ਅਸਟ੍ਰੇਲੀਆ ਦੀ ਪਾਰਲੀਮੈਂਟ ਵਿਚ ਵੀ ਉਨ੍ਹਾਂ ਸੰਬੰਧੀ ਜਾਣਕਾਰੀ ਦਿਤੀ ਗਈ ਸੀ ਜੋ ਕਿ ਆਸਟ੍ਰੇਲੀਆ ਦੀ ਪਾਰਲੀਮੈਂਟ ਵਲੋਂ ਇਕ ਸਤਿਕਾਰ ਦੇਣ ਦੀ ਅਨੋਖੀ ਮਿਸਾਲ ਕਹੀ ਜਾ ਸਕਦੀ ਹੈ।

ਦਾਰਜੀ ਦੀ ਆਪਣੀ ਯਾਦਾਸ਼ਤ ਇਤਨੀ ਤੀਖਣ ਸੀ ਕਿ ਉਹ ਆਪਣੇ ਬਚਪਨ ਦੀਆਂ ਗੱਲਾਂ ਵੀ ਬੜੇ ਵਿਸਥਾਰ ਨਾਲ ਬਿਆਨ ਕਰਦੇ ਸਨ। ਸੰਨ 1919 ਦੀ ਵਿਸਾਖੀ ਨੂੰ ਜਦੋਂ ਜਲਿਆ ਵਾਲੇ ਬਾਗ ਵਿਚ ਗੋਲੀ ਚੱਲੀ ਤਾਂ ਦਾਰਜੀ ਉਸ ਵਕਤ ਕਰੀਬ ਚਾਰ ਸਾਲ ਦੇ ਸਨ ਅਤੇ ਆਪਣੇ ਦਾਦਾ ਜੀ ਨਾਲ ਉਸ ਵਕਤ ਜਲਿਆ ਵਾਲੇ ਬਾਗ ਵਿਚ ਹੀ ਸਨ। ਇਸ ਹਾਦਸੇ ਨੂੰ ਉਹ ਬਾਖੂਬੀ ਬਿਆਨ ਕਰਦੇ ਸਨ ਅਤੇ ਇਸ ਸੰਬੰਧੀ ਦਿੱਤੀ ਜਾਣਕਾਰੀ ਕਈ ਅਖਬਾਰਾਂ ਵਿਚ ਛੱਪ ਚੁੱਕੀ ਹੈ ਅਤੇ ਬੀ:ਬੀ:ਸੀ: ਰੇਡੀਓ ਨੇ ਇਸੇ ਸੰਬੰਧੀ ਵਿਚ ਇਕ ਵੀਡੀਓ ਵੀ ਤਿਆਰ ਕੀਤੀ ਸੀ। ਸਿਰਫ ਇਹ ਹੀ ਨਹੀਂ ਸਾਰੇ ਇਤਿਹਾਸ ਬਾਰੇ ਵੀ ਉਨ੍ਹਾਂ ਨੂੰ ਪੂਰੀ ਜਾਣਕਾਰੀ ਹੁੰਦੀ ਸੀ। ਵਰਲਡ ਵਾਰ ਬਾਰੇ ਵੀ ਉਹ ਬੜੀ ਜਾਣਕਾਰੀ ਵਾਲੀਆਂ ਗੱਲਾਂ ਦਸਿਆ ਕਰਦੇ ਸਨ।ਇਸੇ ਤਰ੍ਹਾਂ ਹਿੰਦੋਸਤਾਨ ਦੀ ਵੰਡ ਤੋਂ ਪਹਿਲਾ ਅੰਮ੍ਰਿਤਸਰ ਵਿਚ ਜਿਸ ਤਰ੍ਹਾਂ ਹਿੰਦੂ ਅਤੇ ਮੁਸਲਮਾਨਾਂ ਦੀਆਂ ਸਭਾਵਾ ਵਿਚ ਜ਼ਹਿਰ ਉਗਲਿਆ ਜਾਂਦਾ ਸੀ ਉਸ ਦਾ ਵੀ ਉਹ ਜ਼ਿਕਰ ਕਰਦੇ ਸਨ ਅਤੇ ਅਫਸੋਸ ਵੀ ਜ਼ਾਹਿਰ ਕਰਦੇ ਸਨ ਕਿ ਕਿਸ ਤਰ੍ਹਾਂ ਧਰਮ ਦੇ ਨਾਮ 'ਤੇ ਜ਼ਹਿਰ ਉਗਲਿਆ ਜਾਂਦਾ ਸੀ। 1947 ਜਦੋਂ ਪਾਕਿ-ਸਤਾਨ ਬਣਿਆ ਤਾ ਉਸ ਵਕਤ ਉਹ ਪੁਲਿਸ ਦੀ ਡਿਉਟੀ 'ਤੇ ਲਾਹੌਰ ਵਿਚ ਸਨ। ਉਸ ਵਕਤ ਜੋ ਕਤਲੇਆਮ ਦਾ ਦ੍ਰਿਸ਼ ਉਹ ਬਿਆਨ ਕਰਦੇ ਸਨ, ਇਕ ਵਾਰ ਤਾਂ ਉਹ ਰੌਂਗਟੇ ਖੜ੍ਹੇ ਹੋ ਜਾਂਦੇ ਸਨ।

ਦਾਰਜੀ ਨੂੰ ਗੁਰਬਾਣੀ ਦੀ ਬਹੁਤ ਜਾਣਕਾਰੀ ਸੀ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਕਈ ਪਾਠ ਕੀਤੇ। ਜਦੋਂ ਉਹ ਬੈਠ ਕੇ ਪਾਠ ਨਹੀਂ ਸਨ ਕਰ ਸਕਦੇ ਤੇ ਉਹ ਸਵੇਰੇ ਸੈਰ ਕਰਨ ਜਾਂਦੇ ਤੇ ਆਪਣੇ ਆਈ ਪੌਡ ਤੋਂ ਜਾਂ ਆਪਣੇ ਫੋਨ ਤੋਂ ਲੜੀ ਵਾਰ ਪਾਠ ਸੁਣਦੇ ਅਤੇ ਇਸ ਤਰ੍ਹਾਂ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣ ਕੇ ਉਸ ਦਾ ਭੋਗ ਪਾਉਂਦੇ ਸਨ। ਉਨ੍ਹਾਂ ਦੇ ਨਿੱਤਨੇਮ ਦਾ ਰੁਟੀਨ ਆਖਰੀ ਦਮ ਤੱਕ ਪੂਰੀ ਤਰ੍ਹਾਂ ਪੱਕਾ ਰਿਹਾ।

ਜਦੋਂ ਕਦੀ ਉਨ੍ਹਾਂ ਨੂੰ ਕੋਈ ਲੰਮੀ ਉਮਰ ਦਾ ਰਾਜ਼ ਪੁਛਦਾ ਤਾਂ ਉਹ ਦੱਸਿਆ ਕਰਦੇ ਸਨ ਕਿ ਜਿਵੇਂ ਸਰਕਾਰੀ ਕਾਨੂੰਨ ਦੀ ਪਾਲਣਾ ਜ਼ਰੂਰੀ ਹੈ ਇਸੇ ਤਰ੍ਹਾਂ ਕੁਦਰਤ ਦੇ ਅਸੂਲਾਂ ਦੀ ਪਾਲਣਾ ਕਰਦੇ ਰਹੋ ਤੇ ਜੀਵਨ ਸੋਖਾ ਹੁੰਦਾ ਹੈ। ਉਹ ਦਸਦੇ ਸਨ ਕਿ ਗੁਰਬਾਣੀ ਵਿਚ ਇਸ ਅਸੂਲ ਨੂੰ ਇਸ ਤਰ੍ਹਾਂ ਦਰਸਾਇਆ ਹੈ: ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥

ਦਾਰਜੀ ਦਾ ਸਮਾਜਕ ਜੀਵਨ ਵੀ ਬਹੁਤ ਉੱਘਾ ਰਿਹਾ ਹੈ। 1975 ਵਿਚ ਅੰਮ੍ਰਿਤਸਰ ਗਰੀਨ ਐਵੀਨਿਊ ਵਿਚ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀ ਸਥਾਪਣਾ ਕੀਤੀ ਅਤੇ ਅੱਜ ਤਕ ਉਥੋਂ ਦੀ ਸੰਗਤ ਦਾਰ ਜੀ ਦਾ ਨਾਮ ਸਤਿਕਾਰ ਨਾਲ ਲੈਂਦੀ ਹੈ ਅਤੇ ਉਨ੍ਹਾਂ ਦੀ ਛਾਪ ਨੂੰ ਯਾਦ ਕਰਦੇ ਹਨ। ਫਿਰ ਜਦੋਂ ਆਸਟ੍ਰੇਲੀਆ ਵਿਚ ਆਏ ਤਾਂ ਇਥੇ ਪਹਿਲਾਂ ਬਲੈਕਬਰਨ ਗੁਰਦਵਾਰੇ ਨਾਲ ਸੰਬੰਧਿਤ ਰਹੇ ਅਤੇ ਫਿਰ ਕਰੇਗੀਬਰਨ ਗੁਰਦਵਾਰੇ ਨੂੰ ਸਥਾਪਤ ਕਰਨ ਵਿਚ ਪੂਰਾ ਸਹਿਯੋਗ ਹੀ ਨਹੀਂ ਦਿਤਾ ਸਗੋਂ ਇਸ ਨੂੰ ਪੂਰੀ ਤਰ੍ਹਾਂ ਪ੍ਰਫੁਲੱਤ ਕਰਨ ਵਿਚ ਬਹੁਤ ਯੋਗਦਾਨ ਪਾਇਆ। ਦਾਰਜੀ ਨੇ ਕੇਵਲ ਗੁਰਦੁਆਰੇ ਜਾਂ ਧਾਰਮਿਕ ਸੁਸਾਇਟੀਆਂ ਨਾਲ ਹੀ ਸੰਬੰਧ ਸੀਮਤ ਨਹੀਂ ਰੱਖਿਆ ਸਗੋਂ ਸੋਸ਼ਿਲ ਸੁਸਾਇਟੀਆਂ ਨੂੰ ਸਥਾਪਤ ਕੀਤਾ ਅਤੇ ਉਨ੍ਹਾਂ ਨੂੰ ਚਲਾਇਆ ਵੀ। ਅਸਟ੍ਰੇਲੀਆ ਵਿਚ ਵੱਖ-ਵੱਖ ਸੀਨੀਅਰ ਸਿਟਿਜ਼ਨ ਸੁਸਾਇਟੀਆਂ ਵਿਚ ਹਰਮਨ ਪਿਆਰੇ ਰਹੇ ਅਤੇ ਉਨ੍ਹਾਂ ਦੀ ਪ੍ਰਧਾਨਗੀ ਵੀ ਕੀਤੀ।ਇਨ੍ਹਾਂ ਸੁਸਾਇਟੀਆਂ ਵਿਚ ਉਨ੍ਹਾਂ ਨੂੰ ਹਮੇਸ਼ਾ ਮਾਣ ਅਤੇ ਸਤਿਕਾਰ ਮਿਲਦਾ ਰਿਹਾ ਹੈ।

ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਮਿਠੀਆਂ ਯਾਦਾਂ ਦੇ ਨਾਲ ਦਾਰਜੀ ਸਾਨੂੰ ਵਿਛੋੜਾ ਦੇ ਗਏ ਹਨ। ਗੁਰਬਾਣੀ ਦੇ ਅਨੁਸਾਰ ਉਨ੍ਹਾਂ ਦੀ ਨਸੀਹਤ ਹੈ ਕਿ ਮੌਤ ਦੇ ਮਗਰੋਂ ਕਿਸੇ ਵਹਿਮ-ਭਰਮ ਵਿਚ ਨਹੀਂ ਪੈਣਾ।

# ਲੋਕ ਸਭਾ ਚੋਣਾਂ 2019: ਚੋਣ ਸਰਵੇਖਣ ਤੇ ਰਾਇਸ਼ੁਮਾਰੀ

**ਪ੍ਰੋ. ਅਭੈ ਕੁਮਾਰ**

ਚੋਣਾਂ ਸਿਰ 'ਤੇ ਹਨ ਅਤੇ ਸਰਵੇਖਣ ਕਰਨ, ਕਰਵਾਉਣ ਵਾਲੀਆਂ ਸੰਸਥਾਵਾਂ ਬੇਹੱਦ ਰੁੱਝੀਆਂ ਹੋਈਆਂ ਹਨ। ਦੇਸ਼ ਦੇ ਲੋਕਾਂ ਦਾ ਰੁਝਾਨ ਪਤਾ ਲਗਾਉਣ ਲਈ ਪੈਮਾਨੇ ਤਿਆਰ ਕੀਤੇ ਜਾ ਰਹੇ ਹਨ ਅਤੇ ਵੋਟਰਾਂ ਤੋਂ ਤਰ੍ਹਾਂ-ਤਰ੍ਹਾਂ ਦੀ ਪੁੱਛ-ਪੜਤਾਲ ਕਰ ਕੇ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਹਵਾ ਕਿਸ ਪਾਸੇ ਵੱਲ ਵਹਿ ਰਹੀ ਹੈ? ਹੁਣ ਤੱਕ ਆਏ ਤਿੰਨ 'ਮੂਡ ਆਫ ਦ ਨੇਸ਼ਨ' ਸਰਵੇਖਣਾਂ ਵਿਚੋਂ ਦੋ ਦੱਸ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ ਅਤੇ ਉਨ੍ਹਾਂ ਦੀ ਅਗਵਾਈ ਵਾਲਾ ਕੌਮੀ ਜਮਹੂਰੀ ਗੱਠਜੋੜ ਮੁੱਖ ਤੌਰ 'ਤੇ ਆਪਣੇ ਪਿਛਲੇ ਪ੍ਰਦਰਸ਼ਨ ਤੋਂ 80 ਤੋਂ 100 ਸੀਟਾਂ ਦੂਰ ਰਹਿ ਸਕਦਾ ਹੈ। ਇਸ ਤੋਂ ਇਹ ਸੰਦੇਸ਼ ਨਿਕਲਦਾ ਹੈ ਕਿ ਜੇਕਰ ਸਭ ਕੁਝ ਇੰਜ ਹੀ ਚਲਦਾ ਰਿਹਾ ਅਤੇ ਨਰਿੰਦਰ ਮੋਦੀ ਨੇ ਛੇਤੀ ਹੀ ਖੇਡ ਦਾ ਰੁਖ਼ ਪਲਟ ਦੇਣ ਵਾਲਾ ਕੋਈ ਕਦਮ ਨਾ ਚੁੱਕਿਆ ਤਾਂ ਸੰਨ 2019 ਵਿਚ ਭਾਵੇਂ ਹੀ ਉਨ੍ਹਾਂ ਦੀ ਚੋਣਾਂ ਵਿਚ ਪੂਰੀ ਤਰ੍ਹਾਂ ਨਾਲ ਹਾਰ ਨਾ ਹੋਵੇ ਪਰ ਉਨ੍ਹਾਂ ਦੀ ਸਰਕਾਰ ਦੀ ਸਥਿਤੀ 90 ਦੇ ਦਹਾਕੇ ਵਿਚ ਬਣੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵਰਗੀ ਹੋ ਜਾਵੇਗੀ ਭਾਵ ਉਹ ਸਰਕਾਰ ਅਸਲ ਵਿਚ ਇਕ ਗੱਠਜੋੜ ਸਰਕਾਰ ਹੋਵੇਗੀ ਅਤੇ ਮੋਦੀ (ਜਾਂ ਉਸ ਸਮੇਂ ਜੋ ਵੀ ਭਾਜਪਾ ਦਾ ਪ੍ਰਧਾਨ ਮੰਤਰੀ ਹੋਵੇਗਾ) ਨੂੰ ਗੱਠਜੋੜ ਦੀਆਂ ਪਾਰਟੀਆਂ 'ਤੇ ਨਿਰਭਰ ਰਹਿਣਾ ਪਵੇਗਾ। ਉਸ ਸਥਿਤੀ ਵਿਚ ਸੰਸਦ ਵਿਚ ਵਿਰੋਧੀ ਧਿਰ ਦੀ ਤਾਕਤ ਵਧਣੀ ਲਾਜ਼ਮੀ ਹੈ ਅਤੇ ਜੇਕਰ ਅਜਿਹੀ ਲੋਕ ਸਭਾ ਦੀ ਕਲਪਨਾ ਕੀਤੀ ਜਾਵੇ ਤਾਂ ਵਿਰੋਧੀ ਧਿਰ ਦੀਆਂ ਕੁਰਸੀਆਂ 'ਤੇ ਕਾਂਗਰਸ ਦੇ 100 ਤੋਂ 125 ਸੰਸਦ ਮੈਂਬਰ ਬੈਠੇ ਦਿਖਾਈ ਦੇਣਗੇ ਅਤੇ ਬਹੁਤ ਸਾਰੀਆਂ ਕੁਰਸੀਆਂ 'ਤੇ ਭਾਜਪਾ ਵਿਰੋਧੀ ਖੇਤਰੀ ਸ਼ਕਤੀਆਂ ਦੇ ਸੰਸਦ ਮੈਂਬਰ ਵੀ ਦਿਖਾਈ ਦੇਣਗੇ। ਭਾਵ ਭਾਜਪਾ ਲਈ ਆਉਣ ਵਾਲਾ ਰਸਤਾ ਮੁਸ਼ਕਿਲ ਜਾਪ ਰਿਹਾ ਹੈ।

ਵੋਟ ਫ਼ੀਸਦੀ ਅਤੇ ਸੀਟਾਂ ਦੀ ਚਰਚਾ ਕਰਨ ਵਾਲੇ ਇਨ੍ਹਾਂ ਪਰੰਪਰਿਕ ਕਿਸਮ ਦੇ ਸਰਵੇਖਣਾਂ ਤੋਂ ਵੱਖ ਹੁੰਦੇ ਹੋਏ ਇਕ ਅਜਿਹੀ ਰਾਇਸ਼ੁਮਾਰੀ ਵੀ ਕੀਤੀ ਗਈ, ਜਿਹੜੀ ਰਾਜਨੀਤਕ ਹਵਾ ਦਾ ਅੰਦਾਜ਼ਾ ਵਿਸ਼ਵਾਸ ਜਾਂ ਭਰੋਸੇ ਦੇ ਸੰਦਰਭ ਵਿਚ ਲਗਾਉਂਦੀ ਹੈ। ਇਹ ਸਰਵੇਖਣ ਲੋਕਾਂ ਤੋਂ ਪੁੱਛਦਾ ਹੈ ਕਿ ਮੁੱਦਿਆਂ (ਮਹਿੰਗਾਈ, ਕਾਨੂੰਨ ਵਿਵਸਥਾ, ਸਰਕਾਰੀ ਨੌਕਰੀ, ਭ੍ਰਿਸ਼ਟਾਚਾਰ, ਫ਼ਿਰਕੂ ਭਾਈਚਾਰਾ), ਹਸਤੀਆਂ (ਨਰਿੰਦਰ ਮੋਦੀ, ਰਾਹੁਲ ਗਾਂਧੀ, ਮਮਤਾ ਬੈਨਰਜੀ ਆਦਿ) ਅਤੇ ਪਾਰਟੀਆਂ (ਭਾਜਪਾ, ਕਾਂਗਰਸ ਅਤੇ ਖੇਤਰੀ ਪਾਰਟੀਆਂ) ਦੇ ਸੰਦਰਭ ਵਿਚ ਉਹ ਕਿਸ 'ਤੇ ਅਤੇ ਕਿੰਨਾ ਕੁ ਵਿਸ਼ਵਾਸ ਕਰਦੇ ਹਨ? ਜ਼ਾਹਰ ਹੈ ਕਿ ਇਸ ਤੋਂ ਇਹ ਤਾਂ ਪਤਾ ਲੱਗ ਹੀ ਸਕਦਾ ਹੈ ਕਿ ਇਸ ਵਾਰ ਲੋਕ ਕਿਸ ਨੂੰ ਵੋਟ ਪਾਉਣੀ ਚਾਹੁੰਦੇ ਹਨ ਅਤੇ ਉਸ ਦੇ ਪਿੱਛੇ ਉਨ੍ਹਾਂ ਦੇ ਕੀ ਕਾਰਨ ਹਨ। ਨੈੱਟਵਰਕ 18 ਦੇ ਚੈਨਲ ਸੀ.ਐਨ.ਬੀ.ਸੀ. ਆਵਾਜ਼ ਅਤੇ 'ਫਸਟ ਪੋਸਟ' ਅਖ਼ਬਾਰ ਲਈ ਇਪਸੋਸ ਸੰਸਥਾ ਵਲੋਂ ਕੀਤੇ ਗਏ ਇਸ ਵਿਸਤਾਰਤ ਸਰਵੇਖਣ ਨੇ ਆਪਣੇ ਨਮੂਨੇ ਅਤੇ ਪ੍ਰਣਾਲੀ ਦੀ ਵੀ ਜਾਣਕਾਰੀ ਮੁਹੱਈਆ ਕਰਵਾਈ ਹੈ, ਜਿਸ ਨਾਲ ਪਹਿਲੀ ਨਜ਼ਰ ਵਿਚ ਇਹ ਜ਼ਿਆਦਾ ਵਿਸ਼ਵਾਸਯੋਗ ਲੱਗਣ ਲਗਦਾ ਹੈ। ਇਸ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ 'ਤੇ ਇਸ ਸਰਵੇਖਣ ਤੋਂ ਕਈ ਹੈਰਾਨ ਕਰਨ ਵਾਲੇ ਨਤੀਜੇ ਸਾਹਮਣੇ ਆਉਂਦੇ ਹਨ। ਜਿਵੇਂ ਕਿ ਆਮ ਮਾਨਤਾ ਹੈ ਕਿ ਕਿਸੇ ਵੀ ਸਰਵੇਖਣ ਵਿਚ ਗਣਿਤ ਦਿਖਾਈ ਦਿੰਦਾ ਹੈ। ਉਸ ਦਾ ਅਸਲ ਨਤੀਜਾ ਉਸ ਦੇ ਅੰਕੜਿਆਂ ਅੰਦਰ ਕਿਤੇ ਲੁਕਿਆ ਰਹਿੰਦਾ ਹੈ ਜਿਵੇਂ ਇਹ ਭਰੋਸਾ ਸਰਵੇਖਣ ਦੱਸਦਾ ਹੈ ਕਿ ਨਰਿੰਦਰ ਮੋਦੀ ਦੀ ਨਿੱਜੀ ਇਮਾਨਦਾਰੀ ਅਤੇ ਵਿੱਤੀ ਪਵਿੱਤਰਤਾ ਵਿਚ ਲੋਕਾਂ ਦਾ ਯਕੀਨ 50 ਫ਼ੀਸਦੀ ਤੋਂ ਕੁਝ ਜ਼ਿਆਦਾ ਹੈ। ਪਹਿਲੀ ਨਜ਼ਰ ਵਿਚ ਭਰੋਸੇਯੋਗ ਲੱਗਣ ਵਾਲੇ ਇਸ ਤੱਥ ਨੂੰ ਜਿਵੇਂ ਹੀ ਰਾਫੇਲ ਸੌਦੇ 'ਤੇ ਉੱਠੇ ਵਿਵਾਦ 'ਤੇ ਲੋਕਾਂ ਦੀ ਸਲਾਹ ਦੇ ਸ਼ੀਸ਼ੇ ਵਿਚ ਦੇਖਿਆ ਜਾਂਦਾ ਹੈ, ਤਾਂ ਇਹ ਅੰਕੜਾ ਕਮਜ਼ੋਰ ਲੱਗਣ ਲਗਦਾ ਹੈ। 55 ਫ਼ੀਸਦੀ ਲੋਕ ਮੰਨਦੇ ਹਨ ਕਿ ਰਾਫੇਲ ਸੌਦਾ 2019 ਦੀਆਂ ਲੋਕ ਸਭਾ ਚੋਣਾਂ ਵਿਚ ਇਕ ਅਹਿਮ ਮੁੱਦੇ ਦੀ ਭੂਮਿਕਾ ਨਿਭਾਏਗਾ। ਜਦੋਂ ਇਹੀ ਸਵਾਲ ਹੋਰ ਵੀ ਠੋਸ ਢੰਗ ਨਾਲ ਪੁੱਛਿਆ ਗਿਆ ਕਿ, ਕੀ ਕਾਂਗਰਸ ਵਲੋਂ ਪ੍ਰਧਾਨ ਮੰਤਰੀ ਮੋਦੀ 'ਤੇ ਲਗਾਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਉਹ ਸਹਿਮਤ ਹਨ, ਤਾਂ ਪਤਾ ਲੱਗਿਆ ਕਿ 43 ਫ਼ੀਸਦੀ ਲੋਕ ਮਜ਼ਬੂਤੀ ਨਾਲ ਅਤੇ 22 ਫ਼ੀਸਦੀ ਲੋਕ ਮਾਮੂਲੀ ਢੰਗ ਨਾਲ ਇਨ੍ਹਾਂ ਦੋਸ਼ਾਂ ਨੂੰ ਸਹੀ ਮੰਨਦੇ ਹਨ। ਸਮਝਣ ਦੀ ਗੱਲ ਹੈ ਕਿ ਜੇਕਰ ਰਾਫੇਲ ਮੁੱਦੇ 'ਤੇ ਕੁੱਲ 65 ਫ਼ੀਸਦੀ ਲੋਕ ਅਜਿਹਾ ਨਾ ਮੰਨਦੇ ਹੁੰਦੇ, ਇਮਾਨਦਾਰੀ ਅਤੇ ਵਿੱਤੀ ਪਵਿੱਤਰਤਾ ਵਾਲੇ ਅੰਕੜੇ ਵਿਚ ਪ੍ਰਧਾਨ ਮੰਤਰੀ ਦੀ ਰੇਟਿੰਗ 80 ਫ਼ੀਸਦੀ ਆਉਂਦੀ ਭਾਵ ਵਿਰੋਧੀ ਧਿਰ ਵਲੋਂ ਲਗਾਇਆ ਗਿਆ 'ਚੌਕੀਦਾਰ ਚੋਰ ਹੈ' ਵਾਲਾ ਨਾਅਰਾ ਕਿਤੇ ਨਾ ਕਿਤੇ ਕੰਮ ਕਰਦਾ ਹੋਇਆ ਦਿਖਾਈ ਦੇ ਰਿਹਾ ਹੈ। ਇਕ ਹੋਰ ਤੱਥ ਜਿਸ ਨਾਲ ਸੱਤਾਧਾਰੀ ਪਾਰਟੀ ਬੇਚੈਨ ਹੋ ਸਕਦੀ ਹੈ, ਨੇਤਾ ਵਜੋਂ ਲੋਕਾਂ ਦੀ ਪਸੰਦ ਨਾਲ ਸਬੰਧਿਤ ਹੈ। 67 ਫ਼ੀਸਦੀ ਲੋਕਾਂ ਨੇ ਪ੍ਰਧਾਨ ਮੰਤਰੀ ਮੋਦੀ ਵਿਚ ਆਪਣਾ ਵਿਸ਼ਵਾਸ ਜਤਾਇਆ ਹੈ। ਇਕ ਵਾਰ ਫਿਰ ਇਹ ਆਕਰਸ਼ਕ ਅੰਕੜਾ ਹੈ। ਪਰ 49 ਫ਼ੀਸਦੀ ਲੋਕ ਅਜਿਹੇ ਵੀ ਹਨ ਜਿਹੜੇ ਰਾਹੁਲ ਗਾਂਧੀ 'ਤੇ ਯਕੀਨ ਰੱਖਦੇ ਹਨ। ਸਪੱਸ਼ਟ ਹੈ ਕਿ 16 ਫ਼ੀਸਦੀ ਲੋਕ ਅਜਿਹੇ ਵੀ ਹਨ ਜਿਹੜੇ ਦੋਵੇਂ ਨੇਤਾਵਾਂ ਨੂੰ ਇਕ-ਦੂਜੇ ਦੇ ਬਦਲ ਵਜੋਂ ਵੇਖ ਰਹੇ ਹਨ ਅਤੇ ਜਿਵੇਂ-ਜਿਵੇਂ ਚੋਣਾਂ ਨਜ਼ਦੀਕ ਆਉਣਗੀਆਂ, ਉਹ ਕਿਸੇ ਨਾ ਕਿਸੇ ਵੱਲ ਤਾਂ ਜ਼ਰੂਰ ਝੁਕਣਗੇ। ਇਹ ਅੰਕੜਾ ਦੱਸਦਾ ਹੈ ਕਿ ਮੋਦੀ ਦਾ ਕੋਈ ਬਦਲ ਨਹੀਂ ਵਾਲੀ ਸਥਿਤੀ ਹੁਣ ਨਹੀਂ ਰਹਿ ਗਈ ਹੈ। ਰਾਹੁਲ ਗਾਂਧੀ ਨੇ ਆਮ ਲੋਕਾਂ ਨੂੰ ਛੋਹਣ ਵਿਚ ਕਾਫੀ ਮੁਹਾਰਤ ਹਾਸਲ ਕੀਤੀ ਹੈ। ਦੂਸਰਾ ਰਾਹੁਲ ਗਾਂਧੀ ਦੱਖਣੀ ਭਾਰਤ ਵਿਚ ਮੋਦੀ ਤੋਂ ਅੱਗੇ ਹਨ ਅਤੇ ਇਥੋਂ ਤੱਕ ਕਿ ਆਸਾਮ ਵਿਚ ਵੀ (ਜਿਥੇ ਭਾਜਪਾ ਪੂਰਨ ਬਹੁਮਤ ਨਾਲ ਜਿੱਤੀ ਸੀ) ਉਨ੍ਹਾਂ 'ਤੇ ਅਤੇ ਉਨ੍ਹਾਂ ਦੀ ਪਾਰਟੀ 'ਤੇ ਲੋਕਾਂ ਦਾ ਯਕੀਨ ਜ਼ਿਆਦਾ ਹੈ।




ਇਹ ਸਰਵੇਖਣ ਅੰਕੜਿਆਂ ਦੀਆਂ ਦੋ ਅਜਿਹੀਆਂ ਸ਼੍ਰੇਣੀਆਂ ਵੀ ਪੇਸ਼ ਕਰਦਾ ਹੈ, ਜੋ ਮੋਦੀ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਕਾਫੀ ਪ੍ਰੇਸ਼ਾਨ ਕਰ ਸਕਦੀਆਂ ਹਨ। ਸ਼ੁਰੂ ਵਿਚ ਹੀ ਸਰਵੇਖਣ ਮੁੱਖ ਮੁੱਦਿਆਂ ਦੇ ਸੰਦਰਭ ਵਿਚ ਦੱਸਦਾ ਹੈ ਕਿ 37 ਤੋਂ 44 ਫ਼ੀਸਦੀ ਵਿਚਕਾਰ ਲੋਕ ਭਾਜਪਾ 'ਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਦੇ ਮਾਮਲੇ ਵਿਚ ਯਕੀਨ ਕਰ ਰਹੇ ਹਨ।

ਜੇਕਰ 56 ਮਹੀਨਿਆਂ ਦੇ ਸ਼ਾਸਨ ਦੇ ਬਾਅਦ ਵੀ ਲੋਕਾਂ ਦਾ ਯਕੀਨ ਸਰਕਾਰ ਵਿਚ 50 ਫ਼ੀਸਦੀ ਤੋਂ ਉੱਤੇ ਨਹੀਂ ਜਾ ਸਕਿਆ ਤਾਂ ਵਿਰੋਧੀ ਧਿਰ ਦੀ ਏਕਤਾ ਦੇ ਬਿਹਤਰ ਸੂਚਕਾਂਕ ਦੀ ਹਾਲਤ ਵਿਚ ਭਾਜਪਾ ਨੂੰ 50 ਫ਼ੀਸਦੀ ਤੋਂ ਜ਼ਿਆਦਾ ਵੋਟ ਕਿਵੇਂ ਮਿਲਣਗੇ? (ਅਮਿਤ ਸ਼ਾਹ ਨੇ ਇਹੋ ਟੀਚੇ ਦਾ ਐਲਾਨ ਕੀਤਾ ਸੀ)। 2014 ਵਿਚ ਜਦੋਂ ਮੋਦੀ ਆਪਣੀ ਹਰਮਨ-ਪਿਆਰਤਾ ਦੇ ਸਿਖ਼ਰ 'ਤੇ ਸਨ ਅਤੇ ਵਿਰੋਧੀ ਧਿਰ ਦੀ ਏਕਤਾ ਦਾ ਸੂਚਕਾਂਕ ਸਿਫ਼ਰ ਸੀ, ਉਸ ਸਮੇਂ ਭਾਜਪਾ 31 ਤੋਂ 38 ਫ਼ੀਸਦੀ ਵੋਟਾਂ ਨਾਲ ਬਹੁਮਤ ਹਾਸਲ ਕਰ ਗਈ ਸੀ। ਮੌਜੂਦਾ ਸਥਿਤੀ ਵਿਚ ਅਜਿਹਾ ਨਹੀਂ ਹੋ ਸਕਦਾ। ਇਸੇ ਤਰ੍ਹਾਂ ਅੰਕੜਿਆਂ ਦੀ ਇਕ ਹੋਰ ਸ਼੍ਰੇਣੀ ਵਿਚ ਲੋਕ ਕੌਮੀ ਜਮਹੂਰੀ ਗੱਠਜੋੜ ਨੂੰ 30 ਤੋਂ 40 ਫ਼ੀਸਦੀ ਵੋਟ ਦੇਣ ਬਾਰੇ ਸੋਚ ਰਹੇ ਹਨ। ਇਸ ਨੂੰ ਅਤੇ ਮੁੱਦਿਆਂ ਵਾਲੇ ਅੰਕੜਿਆਂ ਨੂੰ ਇਕ-ਦੂਜੇ ਦੇ ਸਾਹਮਣੇ ਰੱਖ ਕੇ ਸਪੱਸ਼ਟ ਹੋ ਜਾਂਦਾ ਹੈ ਕਿ ਭਾਜਪਾ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੀ ਹੈ।

## ਵਰ ਦੀ ਲੋੜ

ਸੈਣੀ ਪਰਿਵਾਰ ਦੀ 28 ਸਾਲਾ ਲੜਕੀ ਜੋ 5 ਫੁੱਟ 5 ਇੰਚ ਲੰਮੀ, ਅਮਰੀਕਨ ਸਿਟੀਜ਼ਨ ਅਤੇ ਯੂਨੀਵਰਸਿਟੀ ਗ੍ਰੈਜੂਏਟ ਹੈ ਤੇ ਪੰਜਾਬੀ ਤੇ ਅਮਰੀਕਨ ਰਿਵਾਜਾਂ ਦੀ ਜਾਣਕਾਰੀ ਰੱਖਦੀ ਹੈ, ਲਈ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ, ਜੋ ਅਮਰੀਕਾ ਵਿਚ ਹੀ ਕੰਮ ਕਰਦਾ ਹੋਵੇ, ਕਿਰਪਾ ਕਰਕੇ ਫੋਟੋ ਸਮੇਤ ਪੱਤਰ ਵਿਹਾਰ, ਜਾਣਕਾਰੀ ਇਸ ਪਤੇ'ਤੇ ਈਮੇਲ ਕਰੋ- 8350202@gmail.com

# ਦੂਸਰੀ ਪ੍ਰੰਪਰਾ ਦੇ ਖੋਜੀ ਨੂੰ ਅਲਵਿਦਾ



ਸਵਰਾਜਬੀਰ

ਮੰਗਲਵਾਰ ਰਾਤ ਹਿੰਦੀ ਦੇ ਮਸ਼ਹੂਰ ਆਲੋਚਕ ਨਾਮਵਰ ਸਿੰਘ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਏ। ਉਨ੍ਹਾਂ ਦਾ ਜਨਮ ਉੱਤਰ ਪ੍ਰਦੇਸ਼ ਦੇ ਚੰਦੋਲੀ ਜ਼ਿਲ੍ਹੇ ਦੇ ਜਿਅਨਪੁਰ ਪਿੰਡ ਵਿਚ ਹੋਇਆ ਸੀ ਤੇ ਉਨ੍ਹਾਂ ਨੇ ਬਨਾਰਸ ਯੂਨੀਵਰਸਿਟੀ ਤੋਂ ਪੀਐੱਚਡੀ ਕੀਤੀ। ਯੂਨੀਵਰਸਿਟੀ ਵਿਚ ਪੜ੍ਹਾਉਣ ਦੇ ਨਾਲ ਨਾਲ ਉਨ੍ਹਾਂ ਨੇ ਸਿਆਸਤ ਵਿਚ ਵੀ ਕਦਮ ਰੱਖਿਆ ਤੇ 1959 ਵਿਚ ਚਕੀਆ-ਚੰਦੋਲੀ ਸੀਟ ਤੋਂ ਚੋਣ ਲੜੀ। ਬਾਅਦ ਵਿਚ ਸਾਗਰ, ਜੋਧਪੁਰ ਤੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿਚ ਪੜ੍ਹਾਇਆ।

ਉਨ੍ਹਾਂ ਦੀ ਸਭ ਤੋਂ ਮਸ਼ਹੂਰ ਕਿਤਾਬ 'ਦੂਸਰੀ ਪ੍ਰੰਪਰਾ ਕੀ ਖੋਜ' ਪ੍ਰਸਿੱਧ ਹਿੰਦੀ ਵਿਦਵਾਨ ਤੇ ਨਾਵਲਕਾਰ ਹਜ਼ਾਰੀ ਪ੍ਰਸਾਦ ਦਿਵੇਦੀ ਬਾਰੇ ਹੈ। ਇਸ ਕਿਤਾਬ ਦੇ ਪਹਿਲੇ ਵਿਚ ਅਧਿਆਇ ਹੀ ਉਨ੍ਹਾਂ ਨੇ ਹਜ਼ਾਰੀ ਪ੍ਰਸਾਦ ਦਿਵੇਦੀ ਨਾਲ ਸ਼ਾਂਤੀ ਨਿਕੇਤਨ ਵਿਚ ਵਾਪਰੀ ਘਟਨਾ ਦਾ ਜ਼ਿਕਰ ਕੀਤਾ ਹੈ। ਹਜ਼ਾਰੀ ਪ੍ਰਸਾਦ ਦਿਵੇਦੀ 1930 ਵਿਚ ਸ਼ਾਂਤੀ ਨਿਕੇਤਨ ਵਿਚ ਪੜ੍ਹਾਉਣ ਗਏ ਤਾਂ ਉੱਥੇ ਇਕ ਸਮੱਸਿਆ ਆਈ। ਇਕ ਵਿਧਵਾ ਆਪਣੀ ਧੀ ਦਾ ਵਿਆਹ ਹਿੰਦੂ ਵਿਧੀ-ਵਿਧਾਨ ਅਨੁਸਾਰ ਕਰਨਾ ਚਾਹੁੰਦੀ ਸੀ। ਕਿਸੇ ਨੇ ਕਿਹਾ ਕਿ ਵਿਧਵਾ ਲੋੜੀਂਦਾ ਸ਼ਰਾਧ ਨਹੀਂ ਕਰ ਸਕਦੀ। ਰਾਬਿੰਦਰ ਨਾਥ ਟੈਗੋਰ ਨੇ ਕਾਸ਼ੀ ਤੋਂ ਨਵੇਂ ਨਵੇਂ ਆਏ ਤੇ ਜੋਤਿਸ਼ ਵਿਚ ਵਿਸ਼ਵਾਸ ਰੱਖਣ ਵਾਲੇ ਹਜ਼ਾਰੀ ਪ੍ਰਸਾਦ ਦਿਵੇਦੀ ਨੂੰ ਬੁਲਾਇਆ। ਹਜ਼ਾਰੀ ਪ੍ਰਸਾਦ ਦਿਵੇਦੀ ਨੇ ਖੋਜ ਕਰਕੇ ਦੱਸਿਆ ਕਿ ਪ੍ਰੰਪਰਾ ਅਨੁਸਾਰ ਵਿਧਵਾ ਨੂੰ ਇਹੋ ਜਿਹਾ ਅਧਿਕਾਰ ਨਹੀਂ ਹੈ। ਇਸ 'ਤੇ ਰਾਬਿੰਦਰ ਨਾਥ ਟੈਗੋਰ ਬੜਾ ਹੱਸੇ ਤੇ ਕਿਹਾ ਕਿ ਇਹ ਸਿੱਟਾ ਜ਼ਰੂਰ ਪੂਰਵ ਪਕਸ਼ (ਪਹਿਲਾਂ ਦਲੀਲ ਦੇਣ ਵਾਲੇ, ਜਿਨ੍ਹਾਂ ਦੀ ਦਲੀਲ ਬਾਅਦ ਵਿਚ ਨਕਾਰੀ ਜਾਂਦੀ ਹੈ) ਤੇ ਉੱਤਰ ਪਕਸ਼ (ਬਾਅਦ ਵਿਚ ਦਲੀਲ ਦੇਣ ਵਾਲੇ, ਜਿਨ੍ਹਾਂ ਦੀ ਦਲੀਲ ਸਵੀਕਾਰ ਕਰ ਲਈ ਜਾਂਦੀ ਹੈ) ਦੇ ਰਿਸ਼ੀਆਂ ਦੀ ਬਹਿਸ ਵਿਚੋਂ ਨਿਕਲਿਆ ਹੋਵੇਗਾ। ਉਨ੍ਹਾਂ ਨੇ ਹਜ਼ਾਰੀ ਪ੍ਰਸਾਦ ਦਿਵੇਦੀ ਨੂੰ ਪੁੱਛਿਆ ਕਿ ਕੀ ਪੂਰਵ ਪਕਸ਼ ਦੇ ਰਿਸ਼ੀ, ਜਿਨ੍ਹਾਂ ਦੀ ਦਲੀਲ ਦਾ ਖੰਡਨ ਉੱਤਰ ਪਕਸ਼ ਦੇ ਰਿਸ਼ੀਆਂ ਨੇ ਕੀਤਾ ਸੀ,



ਘੱਟ ਪੂਜਣਯੋਗ ਹਨ। ਹਜ਼ਾਰੀ ਪ੍ਰਸਾਦ ਦਿਵੇਦੀ 'ਤੇ ਇਸ ਦਾ ਬਹੁਤ ਅਸਰ ਹੋਇਆ ਅਤੇ ਇਸ ਦਾ ਅਸਰ ਨਾਮਵਰ ਸਿੰਘ 'ਤੇ ਵੀ ਸਪਸ਼ਟ ਦਿਖਾਈ ਦਿੰਦਾ ਹੈ। ਪ੍ਰੰਪਰਾ ਅਖੰਡ ਨਹੀਂ ਹੁੰਦੀ। ਜਿਸ ਸੋਚ-ਸਮਝ ਨੂੰ ਸਮਾਜ ਵਿਚ ਸਵੀਕਾਰ ਕਰ ਲਿਆ ਜਾਂਦਾ ਹੈ, ਉਸ ਤੋਂ ਉਲਟ ਸੋਚ-ਸਮਝ ਦੀ ਵੀ ਆਪਣੀ ਹੋਂਦ ਹੁੰਦੀ ਹੈ। ਨਾਮਵਰ ਸਿੰਘ ਨੇ ਖ਼ੁਦ ਦੂਸਰੀ ਪ੍ਰੰ-ਪਰਾ ਭਾਵ ਸਵੀਕਾਰ ਕੀਤੀ ਜਾਂਦੀ ਪ੍ਰੰਪਰਾ ਦੇ ਸਮਾਂਨੰਤਰ ਪਈਆਂ ਹੋਰ ਪ੍ਰੰਪਰਾਵਾਂ ਵੱਲ ਹਮੇਸ਼ਾਂ ਜ਼ਿਆਦਾ ਧਿਆਨ ਦਿੱਤਾ।

ਨਾਮਵਰ ਸਿੰਘ ਦੀਆਂ ਮਸ਼ਹੂਰ ਕਿਤਾਬਾਂ ਵਿਚੋਂ ਮੁੱਖ ਇਹ ਹਨ : 'ਬਕਲਮਖ਼ੁਦ', 'ਛਾਇਆਦਾਨ', 'ਇਤਿਹਾਸ ਔਰ ਆਲੋਚਨਾ', 'ਨਈ ਕਹਾਣੀ', 'ਕਵਿਤਾ ਕੇ ਨਯੇ ਪ੍ਰਤੀਮਾਨ', 'ਵਾਦ-ਵਿਵਾਦ ਔਰ ਸੰਵਾਦ'। ਉਹ 'ਜਨ ਜੁੱਗ ਤੇ ਆਲੋਚਨਾ' ਰਸਾਲੇ ਦੇ ਸੰਪਾਦਕ ਵੀ ਰਹੇ। ਨਾਮਵਰ ਸਿੰਘ ਦੂਸਰੀਆਂ ਜ਼ਬਾਨਾਂ ਦੇ ਸਾਹਿਤ ਵਿਚ ਵੀ ਗੰਭੀਰ ਦਿਲਚਸਪੀ ਲੈਂਦੇ ਸਨ ਤੇ ਪੰਜਾਬੀ ਨਾਲ ਉਨ੍ਹਾਂ ਦਾ ਖ਼ਾਸ ਲਗਾਓ ਸੀ। ਉਨ੍ਹਾਂ ਨੇ ਗੁਰਦਿਆਲ ਸਿੰਘ ਤੇ ਪਾਸ਼ ਨੂੰ ਹਿੰਦੀ ਸਾਹਿਤ ਵਿਚ ਹਰਮਨਪਿਆਰਾ ਬਣਾਉਣ ਵਿਚ ਵੱਡਾ ਹਿੱਸਾ ਪਾਇਆ। ਉਹ ਗਿਆਨਪੀਠ ਐਵਾਰਡ ਨਾਲ ਵੀ ਜੁੜੇ ਹੋਏ ਸਨ ਤੇ ਗੁਰਦਿਆਲ ਸਿੰਘ ਨੂੰ ਗਿਆਨਪੀਠ ਸਨਮਾਨ ਦਿ-ਵਾਉਣ ਵਿਚ ਉਨ੍ਹਾਂ ਦਾ ਵੱਡਾ ਯੋਗਦਾਨ ਸੀ। ਉਨ੍ਹਾਂ ਨੇ ਪਾਸ਼ ਨੂੰ 'ਪੰਜਾਬ ਦਾ ਲੋਰਕਾ' ਕਿਹਾ ਅਤੇ ਉਸ ਬਾਰੇ ਹਿੰਦੀ ਵਿਚ ਲਿਖਿਆ। ਜਦ ਗੁਰਦਿਆਲ ਸਿੰਘ ਦਾ ਨਾਵਲ 'ਮੜ੍ਹੀ ਦਾ ਦੀਵਾ' ਰਾਜਕਮਲ ਪ੍ਰਕ-ਾਸ਼ਨ ਨੇ ਹਿੰਦੀ ਵਿਚ ਛਾਪਿਆ ਤਾਂ ਨਾਵਲ ਦੇ ਨਾਂ ਦਾ ਬੜਾ ਹੀ ਅਜੀਬੋ-ਗਰੀਬ ਅਨੁਵਾਦ ਕੀਤਾ ਗਿਆ ਸੀ 'ਕਬਰ ਪੇ ਦੀਆ'। ਫਿਰ ਨਾਮਵਰ ਸਿੰਘ ਦੀ ਸਲਾਹ 'ਤੇ ਉਸ ਦਾ ਨਾਮ 'ਮੜ੍ਹੀ ਕਾ ਦੀਆ' ਰੱਖਿਆ ਗਿਆ। ਇਸੇ ਤਰ੍ਹਾਂ ਜਦੋਂ ਇਕ ਵਾਰ ਕੁਝ ਪੰਜਾਬੀ ਕਵੀ ਉਨ੍ਹਾਂ ਨੂੰ ਮਿਲ ਰਹੇ ਸਨ ਤੇ ਆਪਣੀਆਂ ਕਿਤਾਬਾਂ ਦਾ ਹਿੰਦੀ ਅਨੁਵਾਦ ਸੁਣਾ ਰਹੇ ਸਨ ਤਾਂ ਉਨ੍ਹਾਂ ਨੇ ਪ੍ਰਮਿੰਦਰਜੀਤ ਨੂੰ ਟੋਕਿਆ ਤੇ ਪੁੱਛਿਆ ਕਿ ਸ਼ਬਦ ਪ੍ਰਾਰਥਨਾ ਲਈ ਪੰਜਾਬੀ ਵਿਚ ਕਿਹੜਾ ਸ਼ਬਦ ਵਰਤਿਆ ਗਿਆ ਹੈ ਕਿਉਂਕਿ ਇਹ ਸ਼ਬਦ ਕਵਿਤਾ ਦੇ ਅਨੁ-ਵਾਦ ਵਿਚ ਬੜਾ ਅਟਕ ਰਿਹਾ ਸੀ। ਪ੍ਰਮਿੰਦਰਜੀਤ ਨੇ ਦੱਸਿਆ ਕਿ ਮੌਲਿਕ ਸ਼ਬਦ ਅਰਦਾਸ ਹੈ ਤਾਂ ਨਾਮਵਰ ਸਿੰਘ ਨੇ ਕਿਹਾ ਕਿ ਹਿੰਦੀ ਵਿਚ ਵੀ ਇਸ ਦਾ ਅਨੁਵਾਦ ਅਰਦਾਸ ਹੀ ਹੋਣਾ ਚਾਹੀਦਾ ਹੈ। ਨਾਮਵਰ ਸਿੰਘ ਨੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿਚ ਕਾਫ਼ੀ ਦੇਰ ਤਕ ਪੜ੍ਹਾਇਆ ਤੇ ਰਿਟਾਇਰ ਹੋਣ ਤੋਂ ਬਾਅਦ ਉੱਥੇ ਹੀ ਐਮੀਰੇਟਸ ਪ੍ਰੋਫ਼ੈਸਰ ਵੀ ਰਹੇ। ਹਿੰਦੀ ਸਾਹਿਤ ਜਗਤ ਦੇ ਨਾਲ ਹੋਰ ਭਾਸ਼ਾਵਾਂ ਦੇ ਸਾਹਿਤਕਾਰਾਂ ਤੇ ਸਾਹਿਤ-ਪ੍ਰੇਮੀਆਂ ਨੂੰ ਨਾਮਵਰ ਸਿੰਘ ਦਾ ਘਾਟਾ ਮਹਿਸੂਸ ਹੁੰਦਾ ਰਹੇਗਾ।

# ਪਟਿਆਲਾ ਦੀ ਸੰਗੀਤ ਰਵਾਇਤ 'ਤੇ ਝਾਤ



ਅਨੀਤਾ ਸਿੰਘ

ਪਟਿਆਲਾ ਦੀ ਸੰਗੀਤ ਰਵਾਇਤ ਅਤੇ ਇਹ ਭਾਰਤੀ ਸ਼ਾਸਤਰੀ ਸੰਗੀਤ ਦਾ ਮੋਹਰੀ ਘਰਾਣਾ ਕਿਵੇਂ ਬਣਿਆ, ਬਾਰੇ ਜਾਨਣ ਤੋਂ ਪਹਿਲਾਂ ਸਾਨੂੰ ਘਰਾਣਾ ਪ੍ਰਬੰਧ ਬਾਰੇ ਜਾਨਣਾ ਪਵੇਗਾ। ਜਿਸ ਤਰ੍ਹਾਂ ਕਿਸੇ ਵੀ ਪਰਿਵਾਰ ਦਾ ਆਪਣਾ ਨਿਵੇਕਲਾ ਸੱਭਿਆਚਾਰ ਹੁੰਦਾ ਹੈ, ਜ਼ਾਬਤਾ, ਤਹਿਜ਼ੀਬ, ਵਰਤ-ਵਿਹਾਰ ਤੇ ਠਹਿਰਾਉ ਹੁੰਦਾ ਹੈ, ਜਿਸ ਦਾ ਪਰਿਵਾਰ ਦੇ ਹਰ ਜੀਅ ਨੂੰ ਪਾਲਣ ਕਰਨਾ ਹੁੰਦਾ ਹੈ, ਤਾਂ ਕਿ ਪਰਿਵਾਰ ਦੀ ਪਛਾਣ ਬਣੀ ਰਹੇ; ਉਸੇ ਤਰ੍ਹਾਂ ਸੰਗੀਤ ਦੇ ਘਰਾਣੇ ਹੁੰਦੇ ਹਨ। ਪਟਿਆਲਾ ਵਿਚ ਖ਼ਾਸਕਰ ਇੰਜ ਹੀ ਸੀ, ਜਿਥੇ ਸੰਗੀਤਕਾਰਾਂ ਨੇ ਤਾਲੀਮ ਤੇ ਵਿਚਾਰ ਵੱਖੋ-ਵੱਖ ਚਾਰ ਸ਼ੈਲੀਆਂ ਤੋਂ ਪ੍ਰਾਪਤ ਕੀਤੇ ਅਤੇ ਹਾਲੇ ਤੱਕ ਵੀ ਪਟਿਆਲਾ ਦੀਆਂ ਰਵ-ਾਇਤਾਂ ਜਾਰੀ ਹਨ। ਸੰਗੀਤ ਦਾ ਪਾਲਣ-ਪੋਸ਼ਣ ਦਰਬਾਰ ਦੀ ਜ਼ਰਖੇਜ਼ ਜ਼ਮੀਨ 'ਤੇ ਹੋਇਆ ਅਤੇ ਸੰਗੀਤਕਾਰਾਂ ਨੂੰ ਰਚਨਾਤਮਕਤਾ ਲਈ ਉਸਾਰੂ ਮਾਹੌਲ ਦੌਰਾਨ ਆਪਣੇ ਸੰਗੀਤ ਨੂੰ ਉਪਜਾਉਣ ਤੇ ਉਭਾਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਸੀ।

ਪਟਿਆਲਾ ਨੂੰ ਪਹਿਲਾਂ ਆਪਣੇ ਤੰਤੀ (ਤਾਰ ਵਾਲੇ) ਸਾਜ਼ਾਂ 'ਤੇ ਆਧਾਰਿਤ ਦਰਬਾਰੀ ਸੰਗੀਤ ਲਈ ਜਾਣਿਆ ਜਾਂਦਾ ਸੀ। ਸਾਰੇ ਵੱਡੇ ਉਸਤਾਦ ਸਾਰੰਗੀ ਵਾਦਕ ਸਨ। ਜੱਸੇ ਖ਼ਾਨ, ਦਿੱਤੇ ਖ਼ਾਨ, ਮੀਆਂ ਕਾਲੂ, (ਅਲੀ ਬਖ਼ਸ਼ ਖ਼ਾਨ ਦੇ ਵਾਲਿਦ) ਫ਼ਤਹਿ ਅਲੀ, ਮੰਮਣ ਖ਼ਾਨ, ਮੀਆਂ ਅਬਦੁਲ ਅਜ਼ੀਜ਼ (ਜਿਸ ਨੇ ਬਾਅਦ ਵਿਚ ਵਚਿੱਤਰ ਬੀਨ ਈਜਾਦ ਕੀਤੀ), ਇਥੋਂ ਤੱਕ ਕਿ ਉਸਤਾਦ ਬੜੇ ਗ਼ੁਲਾਮ ਅਲੀ ਖ਼ਾਨ ਆਦਿ ਸਾਰੇ ਸਾਰੰਗੀਏ ਸਨ। ਬਾਅਦ ਵਿਚ ਕਿਤੇ ਜਾ ਕੇ ਉਨ੍ਹਾਂ ਗਾਉਣਾ ਸ਼ੁਰੂ ਕੀਤਾ। ਆਖਿਆ ਜਾਂਦਾ ਹੈ ਕਿ ਅਜਿਹਾ ਬਾਅਦ ਵਿਚ ਮੰਮਣ ਖ਼ਾਨ ਦੇ ਕਲਕੱਤਾ ਵਿਚ ਮਹਾਨ ਗਾਇਕੀ ਘਰਾਣੇ ਜਾਨ ਦੇ ਬਖ਼ਸ਼ ਖ਼ਾਨ ਦਾ ਸ਼ਾਗਿਰਦ ਬਣਨ ਕਾਰਨ ਹੋਇਆ, ਹਾਲਾਂਕਿ ਇਸ ਤੱਥ ਨੂੰ ਮੰਮਣ ਖ਼ਾਨ ਦੇ ਵੰਸ਼ਜ ਝੁਠਲਾਉਂਦੇ ਹਨ।

ਇਉਂ ਦਰਬਾਰੀ ਸੰਗੀਤ ਦੀ ਨਿਵੇਕਲੀ ਸ਼ੈਲੀ ਉਭਰੀ। ਇਹ ਸੰਗੀਤ-ਸਾਧਕ ਦਰਬਾਰ ਦਾ ਅਟੁੱਟ ਹਿੱਸਾ ਸਨ। ਪਟਿਆਲਾ ਦੇ ਦਰਬਾਰੀ ਸੰਗੀਤ ਦਾ ਸ਼ਾਸਤਰੀ ਸੰਗੀਤ ਵਜੋਂ ਵਿਕਾਸ ਇਸ ਤੋਂ ਬਾਅਦ ਵਿਚ ਹੋਇਆ। ਮਹਾਰਾਜਾ ਨਰਿੰਦਰ ਸਿੰਘ ਅਤੇ ਮਹਾਰਾਜਾ ਭੁਪਿੰਦਰ ਸਿੰਘ ਦੀ ਸਰਪ੍ਰਸਤੀ ਇਸ ਸਬੰਧ ਵਿਚ ਵਿਸ਼ੇਸ਼ ਰਹੀ।

ਇਸ ਦੇ ਨਾਲ ਹੀ ਪਟਿਆਲਾ ਦੇ ਸੰਗੀਤ ਦਾ ਇਤਿਹਾਸ ਅਤੇ ਇਸ ਦੇ ਘਰਾਣਾ ਬਣਨ ਦੇ ਅਮਲ ਨੂੰ ਦੇਖਣਾ ਵੀ ਵਾਜਬ ਹੋਵੇਗਾ। ਘਰਾਣਾ ਸ਼ਬਦ ਵੀ 19ਵੀਂ ਸਦੀ 'ਚ ਸ਼ੁਰੂ ਹੋਇਆ। ਸਾਨੂੰ ਜਿਹੜਾ ਪਹਿਲਾ ਨਾਂ ਮਿਲਦਾ ਹੈ, ਉਹ ਹੈ ਜੱਸਾ ਖ਼ਾਨ ਅਤੇ ਉਨ੍ਹਾਂ ਦਾ ਪੁੱਤਰ ਦਿੱਤੇ ਖ਼ਾਨ, ਜਿਹੜੇ ਸੰਨ 1800 ਤੋਂ 1875 ਦੌਰਾਨ ਮਹਾਰਾਜਿਆਂ ਕਰਮ ਸਿੰਘ, ਨਰਿੰਦਰ ਸਿੰਘ ਅਤੇ ਮਹਿੰਦਰ ਸਿੰਘ ਦੇ ਦਰਬਾਰ ਵਿਚ ਸਨ। ਉਹ ਕਿਸੇ ਖ਼ਾਸ ਸੰਗੀਤ ਸ਼ੈਲੀ ਲਈ ਨਹੀਂ ਜਾਣੇ ਜਾਂਦੇ ਤੇ ਮਹਿਜ਼ ਸ਼ਾਹੀ ਦਰਬਾਰ ਦਾ ਮਨਪ੍ਰਚਾਵਾ ਕਰਦੇ ਸਨ। ਆਖ਼ਰ ਦਿੱਤੇ ਖ਼ਾਨ ਦੇ ਪੁੱਤਰ ਮੀਆਂ ਕਾਲੂ (ਮੌਤ 1915) ਨੇ ਸ਼ਾਸਤਰੀ ਰਵਾਇਤ ਦੀ ਸ਼ੁਰੂਆਤ ਕੀਤੀ ਜਿਸ ਨੇ ਪਟਿਆਲਾ ਘਰਾਣੇ ਵਜੋਂ ਸੰਗੀਤਕ ਖ਼ੁਸ਼ਬੋਆਂ ਬਿਖੇਰੀਆਂ ਅਤੇ ਦਰਬਾਰੀ ਸੰਗੀਤ ਨੂੰ ਸ਼ਾਸਤਰੀ ਸੰਗੀਤ ਦੇ ਰਾਹ ਤੋਰਿਆ।

ਮੀਆਂ ਕਾਲੂ (ਕਾਲੇ ਖ਼ਾਨ) ਗੋਖੀ ਬਾਈ ਨਾਲ ਸਾਰੰਗੀ ਉਤੇ ਸੰਗਤ ਦਿੰਦਾ ਸੀ। ਉਸ ਨਾਲ ਧਰੁਪਦੀਆ ਬਹਿਰਾਮ ਖ਼ਾਨ ਡਾਗਰ ਹੁੰਦਾ। ਉਹ ਬਹਿਰਾਮ ਖ਼ਾਨ ਡਾਗਰ ਦਾ ਸ਼ਾਗਿਰਦ ਬਣ ਗਿਆ, ਜਿਸ ਨੂੰ ਮਹਾਰਾਜੇ ਨੇ ਪਟਿਆਲਾ ਦਰਬਾਰ ਸੱਦਿਆ ਸੀ। ਉਸ ਤੋਂ ਪਟਿਆਲਾ ਗਾਇਕੀ ਵਿਚ ਧਰੁਪਦ ਦੀ ਰਵਾਇਤ ਆਈ। ਇਸ ਨਾਲ ਮੀਆਂ ਕਾਲੂ ਦਾ ਸ਼ਾਸਤਰੀ ਸੰਗੀਤ ਨਾਲ ਵਾਹ ਪਿਆ। ਆਖ਼ਿਰ ਉਸ ਦੇ ਪੁੱਤਰ ਅਲੀ ਬਖ਼ਸ਼ ਅਤੇ ਸ਼ਾਗਿਰਦ ਫ਼ਤਹਿ ਅਲੀ, ਜੋ ਰਾਮਪੁਰ ਦੇ ਸ਼ਾਹਜਹਾਂ (ਆਲੀਆ-ਫੱਤੂ ਲਈ ਮਸ਼ਹੂਰ) ਦਾ ਪੁੱਤਰ ਸੀ, ਨੇ ਪਟਿਆਲਾ ਘਰਾਣੇ ਨੂੰ ਇਸ ਦਾ ਸਾਂਚਾ ਤੇ ਪਛਾਣ ਦਿੱਤੀ। ਮੀਆਂ ਕਾਲੂ ਅਭਿਲਾਸ਼ੀ ਇਨਸਾਨ ਸੀ ਜੋ ਆਪਣੇ ਪੁੱਤਰ ਅਲੀ ਬਖ਼ਸ਼ ਤੇ ਸ਼ਾਗਿਰਦ ਫ਼ਤਹਿ ਅਲੀ ਨੂੰ ਪਹਿਲਾਂ ਪ੍ਰਤਾਪਗੜ੍ਹ ਤੇ ਫਿਰ ਜੈਪੁਰ ਲੈ ਗਿਆ, ਜਿਥੇ ਉਹ ਮੁਬਾਰਕ ਅਲੀ ਦੇ ਸ਼ਾਗਿਰਦ ਬਣ ਗਏ। ਮੁਬਾਰਕ ਅਲੀ, ਮਹਾਨ ਬੜੇ ਮੁਹੰਮਦ ਖ਼ਾਨ (ਜਿਸ ਤੋਂ ਹੱਦੂ ਖ਼ਾਨ ਦੇ ਖ਼ੁਫ਼ੀਆ ਢੰਗ ਨਾਲ ਸੰਗੀਤ ਸਿੱਖਣ ਦੀ ਗੱਲ ਆਖੀ ਜਾਂਦੀ ਹੈ) ਦਾ ਪੁੱਤਰ ਸੀ। ਹੱਦੂ ਖ਼ਾਨ ਤੋਂ ਉਨ੍ਹਾਂ ਨੇ ਰਾਗ ਤੇ ਤਾਲ ਦਾ ਤਰਤੀਬਵਾਰ ਵਿਕਾਸ ਸਿੱਖਿਆ। ਅਕਾਰ ਫਿਰਤ ਅਤੇ ਦੁਗਨ ਕੀ ਤਾਨ ਪਟਿਆਲਾ ਦੇ ਮੁਬਾਰਕ ਅਲੀ ਦੀ ਹੀ ਦੇਣ ਹਨ। ਇਕ ਵਾਰ ਜੈਪੁਰ ਦੇ ਮਹਾਰਾਜਾ ਰਾਮ ਸਿੰਘ ਦੀ ਬੈਠਕ ਸੀ, ਜਿਥੇ ਉਸ ਨੇ ਤਾਨਰਸ ਖ਼ਾਨ ਨੂੰ ਸੁਣਿਆ। ਉਹ ਉਸ ਦੀ ਗਾਇਕੀ ਦਾ ਇੰਨਾ ਕਾਇਲ ਹੋਇਆ ਕਿ ਡਾਗਰ ਸਾਹਿਬ ਤੋਂ ਇਜਾਜ਼ਤ ਲੈ ਕੇ ਤਾਨਰਸ ਖ਼ਾਨ ਨੂੰ ਦਿੱਲੀ ਲੈ ਗਿਆ, ਜਿਥੇ ਉਸ ਨੇ ਤਾਨਰਸ ਖ਼ਾਨ ਤੋਂ ਦਸ ਸਾਲ ਤਾਲੀਮ ਲਈ ਤੇ 80 ਤਰਾਨੇ ਸਿੱਖੇ। ਬਹਾਦੁਰ ਹੁਸੈਨ (ਸਿਤਾਰੀਆ) ਉਨ੍ਹਾਂ ਦੇ ਨਾਲ ਸੀ।

ਆਲੀਆ-ਫੱਤੂ ਅਤੇ ਉਸਤਾਦ ਫ਼ਤਹਿ ਅਲੀ ਨੇ ਉਦੋਂ ਤੱਕ ਉਸ ਦੀ ਤਾਲੀਮ ਦੇ ਸਾਰੇ ਰੰਗ ਸਿੱਖ ਲਏ ਸਨ, ਜਿਸ ਨੂੰ ਉਨ੍ਹਾਂ ਵੱਖੋ-ਵੱਖ ਰੰਗਾਂ ਤੇ ਖ਼ੁਸ਼ਬੋਆਂ ਦੇ ਫੁੱਲਾਂ ਦੇ ਗੁਲਦਸਤੇ ਵਾਂਗ ਇਕੱਤਰ ਕੀਤਾ ਹੋਇਆ ਸੀ। ਉਹ ਇਸ ਗੁਲਦਸਤੇ ਨੂੰ ਟੋਂਕ (ਰਾਜਸਥਾਨ) ਦੇ ਨਵਾਬ ਇਬਰਾਹੀਮ ਖ਼ਾਨ (ਜਸ ਨੇ ਖ਼ੁਦ ਕੁਝ ਖ਼ੂਬਸੂਰਤ ਬੰਦਿਸ਼ਾਂ ਤਿਆਰ ਕੀਤੀਆਂ) ਕੋਲ ਲੈ ਗਏ, ਜਿਥੇ ਉਹ ਦਰਬਾਰੀ ਸੰਗੀਤਕਾਰ ਬਣ ਗਏ। ਨਵਾਬ ਨੇ ਉਨ੍ਹਾਂ ਨੂੰ ਜਰਨੈਲੀ ਤੇ ਕਰਨੈਲੀ ਦੇ ਖ਼ਿਤਾਬ ਬਖ਼ਸ਼ੇ ਅਤੇ ਉਹ ਜਰਨੈਲੀ ਅਲੀ ਬਖ਼ਸ਼ ਅਤੇ ਕਰਨੈਲੀ ਫ਼ਤਹਿ ਅਲੀ ਅਖਵਾਏ। ਟੋਂਕ ਤੋਂ ਹੀ ਉਨ੍ਹਾਂ ਨੂੰ ਮਹਾਰਾਜਾ ਭੁਪਿੰਦਰ ਸਿੰਘ ਨੇ ਆਪਣੇ ਵਿਆਹ ਲਈ ਪਟਿਆਲਾ ਸੱਦਿਆ ਅਤੇ ਉਨ੍ਹਾਂ ਨੂੰ ਆਪਣੇ ਦਰਬਾਰੀ ਸੰਗੀਤਕਾਰ ਬਣਾ ਲਿਆ। ਉਸ ਨੇ ਉਨ੍ਹਾਂ ਨੂੰ ਰਹਿਣ ਲਈ ਜ਼ਮੀਨ ਅਤੇ ਸ਼ੇਰਾਂਵਾਲਾ ਚੌਕ ਵਿਚ ਘਰ ਦਿੱਤਾ। ਬਾਅਦ ਵਿਚ ਅਲੀ ਬਖ਼ਸ਼ ਤੇ ਫ਼ਤਹਿ ਅਲੀ ਕੁਝ ਮਤਭੇਦਾਂ ਕਾਰਨ ਅੱਡ ਹੋ ਗਏ ਅਤੇ ਫ਼ਤਹਿ ਅਲੀ ਜੰਮੂ ਦਰਬਾਰ ਚਲਾ ਗਿਆ। ਇਕ ਫ਼ਕੀਰ ਨੇ ਉਨ੍ਹਾਂ ਨੂੰ ਮੁੜ ਇਕੱਠੇ ਕਰ ਦਿੱਤਾ ਤੇ ਫਿਰ ਉਨ੍ਹਾਂ ਸਾਰੀ ਜ਼ਿੰਦਗੀ ਇਕੱਠਿਆਂ ਪਟਿਆਲਾ ਦਰਬਾਰ ਵਿਚ ਗੁਜ਼ਾਰੀ। ਅਲੀ ਬਖ਼ਸ਼ ਦਾ ਪੁੱਤਰ ਅਖ਼ਤਰ ਹੁਸੈਨ ਅਤੇ ਉਸ ਦੇ ਪੁੱਤਰ ਫ਼ਤਹਿ ਅਲੀ ਤੇ ਅਮਾਨਤ ਅਲੀ ਵੀ ਮਹਾਰਾਜਾ ਯਾਦਵਿੰਦਰ ਸਿੰਘ ਦੇ ਦਰਬਾਰ ਵਿਚ ਸਨ। ਉਹ ਵੰਡ ਸਮੇਂ ਪਾਕਿਸਤਾਨ ਚਲੇ ਗਏ। ਫ਼ਤਹਿ ਅਲੀ ਖ਼ਾਨ ਹੁਣ ਲਾਹੌਰ ਵਿਚ ਰਹਿੰਦਾ ਹੈ। ਕਰਨੈਲੀ ਫ਼ਤਹਿ ਅਲੀ ਦਾ ਪੁੱਤਰ ਆਸ਼ਿਕ ਅਲੀ 1892 ਵਿਚ ਪੈਦਾ ਹੋਇਆ ਅਤੇ 1952 'ਚ ਲਾਹੌਰ ਵਿਚ ਉਸ ਦੀ ਮੌਤ ਹੋ ਗਈ। ਬਰਕਤ ਅਲੀ, ਉਮੈਦ ਅਲੀ, ਅਹਿਮਦ ਜਾਨ, ਫ਼ਰੀਦਾ ਖ਼ਾਨੁਮ ਅਤੇ ਕੁੰਦਨ ਲਾਲ ਭੂਤ ਉਸ ਦੇ ਸ਼ਾਗਿਰਦ ਸਨ। ਉਹ ਖ਼ਾਸਕਰ ਆਪਣੀ ਠੁਮਰੀ ਗਾਇਕੀ ਲਈ ਚੇਤੇ ਕੀਤਾ ਜਾਂਦਾ ਸੀ।

ਅਲੀ ਬਖ਼ਸ਼ ਤੇ ਫ਼ਤਹਿ ਅਲੀ ਨੇ ਜਿਥੇ ਪਟਿਆਲਾ ਘਰਾਣੇ ਨੂੰ ਇਸ ਦਾ ਨਾਂ ਅਤੇ ਪਛਾਣ ਦਿੱਤੀ, ਉਥੇ ਉਸਤਾਦ ਬੜੇ ਗ਼ੁਲਾਮ ਅਲੀ ਖ਼ਾਨ ਨੇ ਇਸ ਨੂੰ ਇਸ ਦੀ ਖ਼ੂਬਸੂਰਤੀ ਦਿੱਤੀ। ਉਸ ਦੇ ਵਾਲਿਦ ਅਲੀ ਬਖ਼ਸ਼ ਅਤੇ ਚਾਚਾ ਕਾਲੇ ਖ਼ਾਨ ਜੋ ਕਸੂਰ ਦਾ ਸੀ, ਕਰਨੈਲੀ ਫ਼ਤਹਿ ਅਲੀ ਦੇ ਸ਼ਾਗਿਰਦ ਸਨ। ਇਸ ਘਰਾਣੇ ਨੂੰ ਮਾਣ ਦਿਵਾਉਣ ਦਾ ਸਿਹਰਾ ਬੜੇ ਗ਼ੁਲਾਮ ਅਲੀ ਖ਼ਾਨ ਨੂੰ ਜਾਂਦਾ ਹੈ। ਉਨ੍ਹਾਂ ਗੂੜ੍ਹ ਕਲਾਕਾਰੀ ਰਾਹੀਂ ਰਾਗ ਦੇ ਬੁਨਿਆਦੀ ਮਿਜ਼ਾਜ ਨੂੰ ਘੋਖਿਆ ਅਤੇ ਇਸ ਨੂੰ ਭਾਰੀ ਪਸਾਰ, ਸਜਾਵਟ ਅਤੇ ਜ਼ੋਰਦਾਰ ਰਫ਼ਤਾਰ ਦਿੱਤੀ। ਉਨ੍ਹਾਂ ਪੰਜਾਬੀ ਰੰਗ ਵਾਲੀ ਠੁਮਰੀ ਗਾਇਕੀ ਵੀ ਪਟਿਆਲਾ ਘਰਾਣੇ ਵਿਚ ਲਿਆਂਦੀ। ਪੰਜਾਬ ਵਿਚ ਇਸ ਤੋਂ ਪਹਿਲਾਂ ਠੁਮਰੀ ਨਹੀਂ ਸੀ ਗਾਈ ਜਾਂਦੀ ਪਰ ਪਟਿਆਲਾ ਵਿਚ ਇਸ ਨੂੰ ਖ਼ਾਸ ਤੌਰ 'ਤੇ ਬੜੇ ਗ਼ੁਲਾਮ ਅਲੀ ਖ਼ਾਨ ਤੇ ਉਸਤਾਦ ਆਸ਼ਿਕ ਅਲੀ ਖ਼ਾਨ ਨੇ ਅੱਗੇ ਵਧਾਇਆ। ਬੜੇ ਗ਼ੁਲਾਮ ਅਲੀ ਖ਼ਾਨ ਨੇ 'ਸਬਰੰਗ' ਦੇ ਨਾਂ ਨਾਲ ਕਈ ਖ਼ੂਬਸੂਰਤ ਬੰਦਿਸ਼ਾਂ ਵੀ ਸਿਰਜੀਆਂ। ਪਟਿਆਲਾ ਘਰਾਣੇ ਦਾ ਸੰਗੀਤ ਅਲੰਕਾਰਾਂ,

(ਬਾਕੀ ਸਫਾ 21 'ਤੇ)



# ਰੁਜ਼ਗਾਰ ਤੋਂ ਸੱਖਣਾ ਵਿਕਾਸ ਮਾਡਲ ਅਤੇ ਨਿੱਜੀਕਰਨ



ਗੁਰਚਰਨ ਸਿੰਘ ਨੂਰਪੁਰ

ਸਿਆਸੀ ਪਾਰਟੀਆਂ ਦੀ ਤਰਜੀਹ ਹੁਣ ਮੁਲਕ ਨਹੀਂ, ਬਲਕਿ ਵੋਟ ਹੈ। ਇਸੇ ਕਰਕੇ ਹੀ ਲੋਕਾਂ ਦੇ ਭਵਿੱਖ ਦੀ ਚਿੰਤਾ ਕਰਨ ਦੀ ਬਜਾਏ ਉਨ੍ਹਾਂ ਨੂੰ ਨਿੱਕੀਆਂ ਨਿੱਕੀਆਂ ਖੈਰਾਤਾਂKਬਖਸ਼ਿਸ਼ਾਂ ਦਿੱਤੀਆਂ ਜਾ ਰਹੀਆਂ ਹਨ। ਆਜ਼ਾਦੀ ਦੇ ਸੱਤ ਦਹਾਕੇ ਬੀਤ ਜਾਣ 'ਤੇ ਵੀ ਜੇ ਮੁਲਕ ਦੇ ਹਾਕਮਾਂ ਤੋਂ ਨਿੱਕੀਆਂ ਨਿੱਕੀਆਂ ਖੈਰਾਂ ਲੈਣ ਲਈ ਲੋਕ ਲਾਈਨਾਂ ਵਿਚ ਖੜ੍ਹੇ ਹਨ ਤਾਂ ਇਹ ਕੋਈ ਮਾਣ ਕਰਨ ਵਾਲੀ ਗੱਲ ਨਹੀਂ, ਸਗੋਂ ਅਤਿ ਸ਼ਰਮਨਾਕ ਗੱਲ ਹੈ।

ਐਨਡੀਏ ਸਰਕਾਰ ਨੇ ਆਪਣੇ ਛੇਵੇਂ ਅੰਤ੍ਰਿਮ ਬਜਟ ਵਿਚ ਲੋਕਾਂ ਨੂੰ ਲੁਭਾਉਣ ਲਈ ਛੋਟੇ ਕਿਸਾਨਾਂ ਨੂੰ 6 ਹਜ਼ਾਰ ਰੁਪਏ ਸਾਲਾਨਾ ਦੇਣ ਦਾ ਐਲਾਨ ਕੀਤਾ ਹੈ। ਇਸੇ ਤਰ੍ਹਾਂ ਮਜ਼ਦੂਰਾਂ ਬਾਰੇ ਐਲਾਨ ਕੀਤਾ ਹੈ। ਅਜਿਹਾ ਕਰਕੇ ਸਰਕਾਰ ਨੇ ਸਮਝਿਆ ਹੈ ਕਿ ਮੁਲਕ ਦੇ ਕਿਸਾਨ ਮਜ਼ਦੂਰ ਬਾਗੋ-ਬਾਗ ਹੋ ਜਾਣਗੇ। ਇਸ ਦੇ ਦੋ ਅਰਥ ਲਏ ਜਾ ਸਕਦੇ ਹਨ: ਇਕ ਤਾਂ ਇਹ ਕਿ ਪੂਰੇ ਸਾਢੇ ਚਾਰ ਸਾਲ ਤੁਸੀਂ ਕਿਸਾਨਾਂ ਮਜਦੂਰਾਂ ਲਈ ਕੀ ਕੀਤਾ? ਦੂਜਾ ਇਹ ਕਿ ਇਨ੍ਹਾਂ ਵਰਗਾਂ ਦੀ ਹਾਲਤ ਇੰਨੀ ਪਤਲੀ ਬਣਾ ਦਿੱਤੀ ਗਈ ਹੈ ਕਿ ਇਹ ਇੰਨੀ ਨਿਗੂਣੀ ਰਕਮ ਨਾਲ ਵੀ ਬਾਗੋ-ਬਾਗ ਹੋ ਜਾਣਗੇ? ਸਰਕਾਰ ਦੇ ਇਸ ਆਖ਼ਿਰੀ ਬਜਟ ਦਾ ਪ੍ਰਚਾਰ ਇਸ ਤਰ੍ਹਾਂ ਕੀਤਾ ਗਿਆ, ਜਿਵੇਂ ਇਸ ਨਾਲ ਮੁਲਕ ਵਿਚ ਕੋਈ ਵੱਡੀ ਕ੍ਰਾਂਤੀ ਵਾਪਰ ਗਈ ਹੈ।

ਇਸ ਵੇਲੇ ਵੱਡਾ ਮਸਲਾ ਅਤੇ ਸਭ ਤੋਂ ਵੱਧ ਲੋੜ ਰੁਜ਼ਗਾਰ ਦੀ ਹੈ। ਦੇਖਣ ਵਾਲੀ ਗੱਲ ਇਹ ਹੈ ਕਿ ਬਜਟ ਵਿਚ ਰੁਜ਼ਗਾਰ ਕਿੱਥੇ ਹੈ? ਰੁਜ਼ਗਾਰ ਪੱਖੋਂ ਮੁਲਕ ਦੀ ਹਾਲਤ ਦਿਨੋ-ਦਿਨ ਵਿਸਫੋਟਕ ਹੋ ਰਹੀ ਹੈ ਪਰ ਸਾਡੀਆਂ ਸਰਕਾਰਾਂ ਹਨ ਕਿ ਇਸ ਬਾਰੇ ਰੱਤੀ ਭਰ ਵੀ ਚਿੰਤਤ ਨਹੀਂ। ਨੋਟਬੰਦੀ ਵਰਗੇ ਗਲਤ ਫੈਸਲਿਆਂ ਨਾਲ ਮੁਲਕ ਵਿਚ ਕਾਰੋਬਾਰ ਬੜੀ ਬੁਰੀ ਤਰ੍ਹਾਂ ਅਸਰਅੰਦਾਜ਼ ਹੋਏ ਹਨ। ਤੇਲ ਦੀਆਂ ਰਿਕਾਰਡ ਤੋੜ ਕੀਮਤਾਂ ਨੇ ਲੋਕਾਂ ਦਾ ਬੁਰੀ ਤਰ੍ਹਾਂ ਤੇਲ ਕੱਢਿਆ ਹੈ। ਮਹਿੰਗਾਈ ਸਿਖਰ 'ਤੇ ਜਾ ਪਹੁੰਚੀ ਹੈ। ਇਸ ਸਭ ਕੁਝ ਦੇ ਬਾਵਜੂਦ ਮੁਲਕ ਦੇ ਵੱਡੇ ਵਰਗ ਦੀ ਆਸ ਟੁੱਟੀ ਨਹੀਂ, ਲੋਕਾਂ ਨੂੰ ਆਸ ਸੀ ਕਿ ਸਰਕਾਰ ਕੋਈ ਵੱਡਾ ਕ੍ਰਿਸ਼ਮਾ ਕਰਨ ਵਾਲੀ ਹੈ। ਨੋਟਬੰਦੀ ਦੌਰਾਨ ਵੀ ਘੰਟਿਆ ਬੱਧੀ ਲਾਈਨਾਂ ਵਿਚ ਖੜ੍ਹੇ ਲੋਕਾਂ ਨੂੰ ਜਦੋਂ ਸਰਕਾਰ ਦੇ ਇਸ ਬੇਹੱਦ ਗਲਤ ਫੈਸਲੇ ਬਾਰੇ ਪੁੱਛਿਆ ਜਾਂਦਾ ਤਾਂ ਇਕੋ ਗੱਲ ਉਨ੍ਹਾਂ ਤੋਂ ਅਖਵਾਈ ਜਾਂਦੀ ਰਹੀ: 'ਕੁਝ ਦਿਨਾਂ ਦੀ ਪ੍ਰੇਸ਼ਾਨੀ ਹੈ, ਬਾਅਦ ਚ ਸਭ ਠੀਕ ਹੋ ਜਾਵੇਗਾ।'

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਜ਼ੋਰ ਦੇ ਕੇ ਇਹ ਗੱਲ ਕਹੀ ਕਿ ਮੁਲਕ ਵਿਚ ਸੱਤਰ ਸਾਲਾਂ ਤੋਂ ਲਾਈਨਾਂ ਲੱਗਦੀਆਂ ਆ ਰਹੀਆਂ ਹਨ ਪਰ ਇਹ ਲੋਕਾਂ ਦੀ ਆਖ਼ਿਰੀ ਵਾਰ ਲੱਗੀ ਲਾਈਨ ਹੈ ਅਤੇ ਉਨ੍ਹਾਂ ਨੂੰ ਕੇਵਲ 50 ਦਿਨ ਦਿਓ, 50 ਦਿਨ ਵਿਚ ਸਭ ਕੁਝ ਠੀਕ ਹੋ ਜਾਵੇਗਾ ਪਰ ਨੋਟਬੰਦੀ ਦੇ ਮਾੜੇ ਅਸਰ ਅਜੇ ਤੱਕ ਬਰਕਰਾਰ ਹਨ। ਇਹ ਇਸ ਤਰ੍ਹਾਂ ਸੀ, ਜਿਵੇਂ ਭਾਰਤੀ ਅਰਥਚਾਰੇ ਨੂੰ ਅਧਰੰਗ ਹੋ ਗਿਆ ਹੋਵੇ। ਇਹ ਹੁਣ ਜੱਗ ਜ਼ਾਹਿਰ ਹੋ ਗਿਆ ਹੈ ਕਿ ਬਿਨਾਂ ਸੋਚੇ ਸਮਝੇ ਕੀਤੇ ਜਾਂਦੇ ਸਰਕਾਰੀ ਫੈਸਲਿਆਂ ਨਾਲ ਜਿੱਥੇ ਮੁਲਕ ਦੇ ਅਰਥਚਾਰੇ ਦਾ ਬੁਰਾ ਹਾਲ ਹੋ ਗਿਆ, ਉੱਥੇ ਰੁਜ਼ਗਾਰ ਦੇ ਮੌਕੇ ਵਧਣ ਦੀ ਬਜਾਏ ਰੁਜ਼ਗਾਰਾਂ ਵਿਚ ਕਟੌਤੀ ਹੋਣ ਲੱਗ ਪਈ।

ਪਿਛਲੇ ਦਿਨੀਂ ਕੌਮੀ ਅੰਕੜਾ ਕਮਿਸ਼ਨ ਦੇ ਚੇਅਰਮੈਨ ਪੀਸੀ ਮੋਹਨਨ ਅਤੇ ਮੈਂਬਰ ਜੇ ਮੀਨ-ਾਕਸ਼ੀ ਨੇ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ। ਇਹ ਅਸਤੀਫੇ ਇਕ ਖਾਸ ਦਿਸ਼ਾ ਵੱਲ ਇਸ਼ਾਰਾ ਕਰਦੇ ਹਨ। ਮੋਹਨਨ ਨੇ ਆਪਣੇ ਅਹੁਦੇ ਤੋਂ ਅਸਤੀਫਾ ਦਿੰਦਿਆਂ ਜੋ ਬਿਆਨ ਦਿੱਤਾ,



ਉਹ ਜਿੱਥੇ ਸਾਡੇ ਸਭ ਲਈ ਹੈਰਾਨ ਕਰਨ ਵਾਲਾ ਹੈ, ਉੱਥੇ ਸਰਕਾਰ ਦੀ ਨਲਾਇਕੀ ਨੂੰ ਜੱਗ ਜ਼ਾਹਿਰ ਕਰਨ ਵਾਲਾ ਵੀ ਹੈ। ਉਨ੍ਹਾਂ ਕਿਹਾ ਕਿ ਨੈਸ਼ਨਲ ਸੈਂਪਲ ਸਰਵੇ ਆਫਿਸ ਕੋਲ ਬੇਰੁਜ਼ਗਾਰੀ ਦੇ ਤੱਥਾਂ ਸਹਿਤ ਅੰਕੜੇ ਮੌਜੂਦ ਹਨ ਪਰ ਸਰਕਾਰ ਨੇ ਇਨ੍ਹਾਂ ਨੂੰ ਨਸ਼ਰ ਨਹੀਂ ਕਰਨ ਦਿੱਤਾ ਗਿਆ। ਇਹ ਅੰਕੜੇ 2018 ਵਿਚ ਜਾਰੀ ਹੋਣੇ ਚਾਹੀਦੇ ਸਨ। ਜਦੋਂ ਕਮਿਸ਼ਨ ਨੇ ਸਰਕਾਰ ਨੂੰ ਕਿਹਾ ਕਿ ਜਨਵਰੀ 2019 ਵਿਚ ਇਸ ਨੂੰ ਲਾਜ਼ਮੀ ਜਾਰੀ ਕਰਨ ਦਿੱਤਾ ਜਾਵੇ ਤਾਂ ਵੀ ਸਰਕਾਰ ਨੇ ਕਮਿਸ਼ਨ ਨੂੰ ਰੋਕ ਦਿੱਤਾ। ਇਕ ਪਾਸੇ ਸਰਕਾਰ ਪ੍ਰਚਾਰ ਕਰ ਰਹੀ ਹੈ ਕਿ ਰਿਕਾਰਡ ਤੋੜ ਵਿਕਾਸ ਹੋਇਆ ਹੈ, ਦੂਜੇ ਪਾਸੇ ਰੁਜ਼ਗਾਰ ਸਬੰਧੀ ਅੰਕੜੇ ਲੁਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਕਿਸ ਤਰ੍ਹਾਂ ਦਾ ਵਿਕਾਸ ਹੈ ਜਿਸ ਵਿਚ ਵਿਕਾਸ ਦਰ ਉੱਚੀ ਹੋ ਰਹੀ ਹੈ ਪਰ ਬੇਰੁਜ਼ਗਾਰੀ ਵਧ ਰਹੀ ਹੈ। ਇਹ ਕੋਈ ਹੁਸ਼ਿਆਰੀ ਜਾਂ ਦਾਨਾਈ ਵਾਲੀ ਗੱਲ ਨਹੀਂ। ਸਰਕਾਰੀ ਨੌਕਰੀਆਂ ਲਈ ਸ਼ਰਤਾਂ ਪੂਰੀਆਂ ਕਰਨ ਵਾਲੇ ਨੌ-ਜੁਆਨਾਂ ਦੀ ਗਿਣਤੀ ਇਸ ਵੇਲੇ ਲੱਖਾਂ ਵਿਚ ਹੈ ਅਤੇ ਖਾਲੀ ਅਸਾਮੀਆਂ ਦੀ ਵੀ ਕੋਈ ਘਾਟ ਨਹੀਂ ਪਰ ਸਰਕਾਰਾਂ ਖਾਮੋਸ਼ ਹਨ। ਮੁਲਕ ਵਿਚ ਜਨਤਕ ਅਦਾਰੇ ਨਿੱਜੀ ਹੱਥਾਂ ਵਿਚ ਦੇਣ ਦੀ ਕਵਾਇਦ ਚੱਲ ਰਹੀ ਹੈ। ਇਨ੍ਹਾਂ ਅਦਾਰਿਆਂ ਦਾ ਨਿੱਜੀਕਰਨ ਕਰਨ ਲਈ ਪਹਿਲਾਂ ਇਨ੍ਹਾਂ ਨੂੰ ਘਾਟੇ ਵਾਲਾ ਸੌਦਾ ਦੱਸ ਕੇ ਲੋਕਾਂ ਦਾ ਇਨ੍ਹਾਂ ਤੋਂ ਮੋਹਭੰਗ ਕੀਤਾ ਜਾਂਦਾ ਹੈ, ਫਿਰ ਇਕੋ ਝਟਕੇ ਨਾਲ ਫਸਤਾ ਵੱਢ ਦਿੱਤਾ ਜਾਂਦਾ ਹੈ। ਦਿਖਾਵਾ ਇਹ ਕੀਤਾ ਜਾਂਦਾ ਹੈ ਕਿ ਸਰਕਾਰ ਲੱਖਾਂ ਨੌਕਰੀਆਂ ਪੈਦਾ ਕਰੇਗੀ ਪਰ ਹਕੀਕਤ ਇਸ ਤੋਂ ਉਲਟ ਹੈ। ਇਕ ਪਾਸੇ ਲੋਕਾਂ ਨੂੰ ਨੌਕਰੀਆਂ ਦੇਣ ਲਈ ਰੁਜ਼ਗਾਰ ਮੇਲੇ ਲਾਏ ਜਾ ਰਹੇ ਹਨ, ਦੂਜੇ ਪਾਸੇ ਕਿਸੇ ਥਰਮਲ ਪਲਾਂਟ ਵਰਗੇ ਅਦਾਰੇ ਦਾ ਨਿੱਜੀਕਰਨ ਕਰਕੇ ਰਾਤੋ-ਰਾਤ ਸੈਂਕੜੇ ਲੋਕਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ।

ਇਹ ਰੁਜ਼ਗਾਰ ਵਿਹੂਣਾ ਵਿਕਾਸ ਕਿਸ ਤਰ੍ਹਾਂ ਦਾ ਵਿਕਾਸ ਹੈ ਜਿਸ ਦਾ ਢੰਡੋਰਾ ਸਰਕਾਰਾਂ ਪਿੱਟ ਰਹੀਆਂ ਹਨ? ਨਿਓਮੀ ਕਲੇਨ ਦੀ ਮਸ਼ਹੂਰ ਕਿਤਾਬ ਹੈ: ਸਦਮਾ ਸਿਧਾਂਤ। ਇਸ ਵਿਚ ਲੇਖਕ ਨੇ ਕਾਰਪੋਰੇਟ ਤਾਕਤਾਂ ਦੇ ਵੱਖ ਵੱਖ ਮੁਲਕਾਂ ਵਿਚ ਕੰਮ ਕਰਨ ਦੇ ਤੌਰ-ਤਰੀਕਿਆਂ ਦਾ ਅਧਿਐਨ ਕੀਤਾ ਹੈ। ਨਿੱਜੀਕਰਨ ਦੀਆਂ ਨੀਤੀਆਂ ਨੂੰ ਅੱਗੇ ਵਧਾਉਣ ਵਿਚ ਵੱਡੀ ਭੂਮਿਕਾ ਨਿਭਾਉਣ ਵਾਲਿਆਂ ਦਾ ਵਿਚਾਰ ਸੀ ਕਿ ਜਦੋਂ ਲੋਕ ਕੁਦਰਤੀ ਆਫਤਾਂ ਦੇ ਭੰਨੇ ਹੋਣ, ਉਸ ਸਮੇਂ ਕੰਮ ਕਰਨ ਦਾ ਵਧੀਆ ਮੌਕਾ ਹੁੰਦਾ ਹੈ। ਜੇ ਕੁਦਰਤੀ ਆਫਤਾਂ ਨਹੀਂ ਤਾਂ ਅਜਿਹੇ ਹਾਲਾਤ ਪੈਦਾ ਕੀਤੇ ਜਾਣ ਤਾਂ ਕਿ ਲੋਕ ਜੰਗਾਂ-ਯੁੱਧਾਂ, ਜਾਤ, ਧਰਮ ਦੀਆਂ ਆਪਸੀ ਲੜਾਈਆਂ ਵਿਚ ਉਲਝ ਜਾਣ ਅਤੇ ਖ਼ੌਫਜ਼ਦਾ ਹੋਏ ਲੋਕਾਂ 'ਤੇ ਪੁਲੀਸ ਜਾਂ ਫੌਜ ਦੀ ਮਦਦ ਨਾਲ ਹਰ ਤਰ੍ਹਾਂ ਦੀਆਂ ਮਨਮਰਜ਼ੀਆਂ ਥੋਪੀਆਂ ਜਾ ਸਕਦੀਆਂ ਹਨ। ਇਨ੍ਹਾਂ ਦਾ ਏਜੰਡਾ ਸੀ: ਪਹਿਲਾਂ ਸਰਕਾਰਾਂ ਨੂੰ ਆਪਣੇ ਮੁਨਾਫੇ ਬਟੋਰਨ ਦੇ ਰਾਹ ਦਾ ਰੋੜਾ ਬਣਨ ਵਾਲੇ ਸਾਰੇ ਕਾਇਦੇ ਕਾਨੂੰਨ ਖਤਮ ਕਰਨੇ ਹੋਣਗੇ। ਦੂਜਾ, ਸਰਕਾਰਾਂ ਆਪਣੇ ਪਬਲਿਕ ਸੈਕਟਰ ਦੇ ਸਾਰੇ ਅਸਾਸੇ ਵੇਚ ਦੇਣ ਤਾਂ ਜੋ ਕਾਰਪੋਰੇਸ਼ਨਾਂ ਨੂੰ ਮੁਨਾਫੇ ਹੋਣੇ ਸ਼ੁਰੂ ਹੋ ਜਾਣ। ਕਾਰਪੋਰੇਸ਼ਨਾਂ ਨੂੰ ਕਿਤੇ ਵੀ ਮਾਲ ਵੇਚਣ ਦੀ ਖੁੱਲ੍ਹ ਦਿੱਤੀ ਜਾਵੇ।

ਤੀਜੀ ਦੁਨੀਆ ਦੇ ਮੁਲਕਾਂ ਵਿਚ ਸਦਮਾ ਸਿਧਾਂਤ ਨੂੰ ਬੜੇ ਕਾਰਗਰ ਢੰਗ ਨਾਲ ਲਾਗੂ ਕੀਤਾ ਗਿਆ ਹੈ। ਇਰਾਕ, ਸੀਰੀਆ, ਪੋਲੈਂਡ, ਸ੍ਰੀਲੰਕਾ ਆਦਿ ਮੁਲਕਾਂ ਵਿਚ ਕਾਰਪੋਰੇਟ ਤਾਕਤਾਂ ਨੂੰ ਖੁੱਲ੍ਹ ਕੇ ਖੇਡਣ ਦੀ ਆਗਿਆ ਦਿੱਤੀ ਗਈ। ਇਹ ਖੁਲਾਸਾ ਨਿਓਮੀ ਕਲੇਨ ਨੇ ਆਪਣੀ ਕਿਤਾਬ 'ਸਦਮਾ ਸਿਧਾਂਤ' ਵਿੱਚ ਮਿਸਾਲਾਂ ਸਹਿਤ ਕੀਤਾ ਹੈ। ਗਹੁ ਨਾਲ ਦੇਖੀਏ ਹਾਂ ਤਾਂ ਪਤਾ ਲੱਗਦਾ ਹੈ ਕਿ ਸਦਮਾ ਸਿਧਾਂਤ ਸਾਡੇ ਮੁਲਕ ਵਿਚ ਵੀ ਚੱਲ ਰਿਹਾ ਹੈ। ਖੰਡ ਮਿੱਲਾਂ, ਰੋਡਵੇਜ, ਥਰਮਲ ਪਲਾਂਟ, ਬਿਜਲੀ ਬੋਰਡ, ਬੱਸ ਅੱਡਿਆਂ ਅਦਿ ਦੇ ਨਿੱਜੀਕਰਨ ਤੋਂ ਬਾਅਦ ਹੁਣ ਸਕੂਲਾਂ ਕਾਲਜਾਂ ਅਤੇ ਸਰਕਾਰੀ ਹਸਪਤਾਲਾਂ 'ਤੇ ਨਿੱਜੀਕਰਨ ਦਾ ਕੁਹਾੜਾ ਚਲਾਉਣ ਦੀਆਂ ਤਿਆਰੀਆਂ ਹੋ ਗਈਆਂ ਹਨ। ਸਕੂਲਾਂ ਵਿਚ ਅਧਿਆਪਕਾਂ ਦੀ ਖੱਜਲ-ਖੁਆਰੀ ਵਧਾ ਦਿੱਤੀ ਗਈ ਹੈ, ਜਾਣਬੁੱਝ ਕੇ ਉਨ੍ਹਾਂ ਦੇ ਕੰਮ ਵਿਚ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ। ਤਰਕ ਇਹੀ ਦਿੱਤਾ ਜਾਂਦਾ ਹੈ ਕਿ ਇਹ ਅਦਾਰੇ ਠੀਕ ਢੰਗ ਨਾਲ ਕੰਮ ਨਹੀਂ ਕਰਦੇ। ਇਥੇ ਸਵਾਲ ਪੈਦਾ ਹੁੰਦਾ ਹੈ ਕਿ ਜੇ ਇਹ ਅਦਾਰੇ ਠੀਕ ਢੰਗ ਨਾਲ ਕੰਮ ਨਹੀਂ ਕਰਦੇ ਤਾਂ ਇਸ ਦੀ ਜ਼ਿੰਮੇਵਾਰੀ ਸਰਕਾਰ ਸਿਰ ਹੋਣੀ ਚਾਹੀਦੀ ਹੈ। ਜੇ ਹਰਿਆਣਾ ਰੋਡਵੇਜ ਕਮਾਈ ਕਰ ਰਿਹਾ ਹੈ ਤਾਂ ਪੰਜਾਬ ਰੋਡਵੇਜ ਕਿਉਂ ਨਹੀਂ? ਜੇ ਚੰਡੀਗੜ੍ਹ ਦੇ ਸਰਕਾਰੀ ਸਕੂਲਾਂ ਵਿਚ ਵਧੀਆ ਪੜ੍ਹਾਈ ਹੋ ਰਹੀ ਹੈ ਤਾਂ ਪੰਜਾਬ ਵਿਚ ਕਿਉਂ ਨਹੀਂ?

ਕਿਸੇ ਵੀ ਮੁਲਕ ਦੀ ਜਵਾਨੀ ਉਸ ਦਾ ਸਭ ਤੋਂ ਵੱਡਾ ਸਰਮਾਇਆ ਹੁੰਦੀ ਹੈ, ਜੇ ਅਸੀਂ ਇਸ ਨੂੰ ਨਾ ਸੰਭਾਲਿਆ ਤਾਂ ਵੱਡੇ ਸੰਕਟ ਖੜ੍ਹੇ ਹੋਣਗੇ। ਰੁਜ਼ਗਾਰ ਦੇ ਮਾਮਲੇ 'ਤੇ ਮੁਲਕ ਵਿਚ ਅੱਜ ਹਾਲਾਤ ਬੇਹੱਦ ਚਿੰਤਾਜਨਕ ਹਨ। ਹਾਕਮਾਂ ਨੂੰ ਹੁਣ ਇਹ ਸਮਝਣ ਦੀ ਲੋੜ ਹੈ ਕਿ ਲੋਕਾਂ ਨੂੰ ਕੰਮ ਚਾਹੀਦਾ ਹੈ, ਰੁਜ਼ਗਾਰ ਚਾਹੀਦਾ ਹੈ, ਖੈਰਾਤਾਂ ਨਹੀਂ।

# ਜੇ ਕੋਈ ਵੀ ਦੇਸ ਤੁਹਾਨੂੰ ਆਪਣਾ ਨਾਗਰਿਕ ਨਾ ਮੰਨੇ ਤਾਂ ਕੀ ਕਰੋਗੇ

ਸੰਯੁਕਤ ਰਾਸ਼ਟਰ ਦੀ ਪਰਿਭਾਸ਼ਾ ਮੁਤਾਬਕ "ਦੇਸਹੀਣ" (ਸਟੇਟਲੈੱਸ) ਉਸ ਮਨੁੱਖ ਨੂੰ ਕਿਹਾ ਜਾਂਦਾ ਹੈ ਜਿਸ ਕੋਲ ਕਿਸੇ ਦੇਸ ਦੀ ਕਾਨੂੰਨੀ ਨਾਗਿਰਕਤਾ ਨਾ ਹੋਵੇ। ਆਮ ਤੌਰ 'ਤੇ ਜਿਸ ਦੇਸ ਵਿੱਚ ਤੁਹਾਡਾ ਜਨਮ ਹੋਇਆ ਹੁੰਦਾ ਹੈ, ਉਹੀ ਤੁਹਾਡਾ ਦੇਸ ਹੁੰਦਾ ਹੈ। ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਮਾਂ-ਬਾਪ ਦਾ ਦੇਸ ਦੀ ਬੱਚੇ ਦਾ ਦੇਸ ਹੁੰਦਾ ਹੈ।

ਸੰਯੁਤਰ ਰਾਸ਼ਟਰ ਮੁਤਾਬਕ ਸਾਲ 2014 ਵਿੱਚ ਦੁਨੀਆਂ 'ਚ ਲਗਭਗ ਇੱਕ ਕਰੋੜ ਲੋਕ ਅਜਿਹੇ ਸਨ, ਜਿਨ੍ਹਾਂ ਕੋਲ ਕਿਸੇ ਦੇਸ ਦੀ ਨਾਗਰਿਕਤਾ ਨਹੀਂ। ਇਸ ਬਾਰੇ ਬਹਿਸ ਮੁੜ ਸ਼ੁਰੂ ਹੋਈ ਹੈ ਕਿਉਂਕਿ ਬ੍ਰਿਟੇਨ ਦੀ ਨਾਗਰਿਕ ਰਹੀ ਇੱਕ ਔਰਤ ਨੇ ਇਸਲਾਮਿਕ ਸਟੇਟ ਅੱਤਵਾਦੀ ਸੰਗਠਨ ਛੱਡ ਕੇ ਹੁਣ ਬ੍ਰਿਟੇਨ ਪਰਤਣ ਦੀ ਇੱਛਾ ਜ਼ਾਹਿਰ ਕੀਤੀ ਹੈ।

**ਨਾਗਰਿਕਤਾ ਚਲੀ ਕਿਵੇਂ ਜਾਂਦੀ ਹੈ**

ਦੇਸਹੀਣ ਲੋਕਾਂ ਵਿੱਚੋਂ ਬਹੁਤੇ ਜਨਜਾਤੀ ਸਮੂਹਾਂ 'ਚ ਰਹਿਣ ਵਾਲੇ ਲੋਕ ਹੁੰਦੇ ਹਨ ਜੋ ਕਿਸੇ ਅਚਾਨਕ ਕੀਤੇ ਕਾਨੂੰਨੀ ਬਦਲਾਅ ਕਾਰਨ ਕਿਸੇ ਦੇਸ ਦੇ ਨਾਗਰਿਕ ਨਹੀਂ ਰਹਿੰਦੇ ਜਾਂ ਉਨ੍ਹਾਂ ਤੋਂ ਕਿਸੇ ਵਿਤਕਰੇ ਤਹਿਤ ਨਾਗਰਿਕਤਾ ਖੋਹ ਲਈ ਜਾਂਦੀ ਹੈ।

ਮਿਸਾਲ ਵਜੋਂ ਕਰੀਬ 8 ਲੱਖ ਰੋਹਿੰਗਿਆ ਮੁਸਲਮਾਨ ਲੋਕ ਮਿਆਂਮਾਰ 'ਚ ਹੁਣ ਦੇਸਹੀਣਾਂ ਵਜੋਂ ਰਹਿ ਰਹੇ ਹਨ। ਇਸੇ ਤਰ੍ਹਾਂ ਡੋਮੀਨੀਕਨ ਰਿਪਬਲਿਕ ਨੇ ਇੱਕ ਕਾਨੂੰਨ ਬਣਾਇਆ ਜਿਸ ਮੁਤਾਬਕ 1929 ਤੋਂ ਬਾਅਦ ਬਿਨਾਂ ਕਾਗਜ਼ਾਤ ਦੇ ਪਰਵਾਸ ਕਰ ਕੇ ਆਏ ਲੋਕਾਂ ਦੇ ਬੱਚਿਆਂ ਨੂੰ ਨਾਗਰਿਕਤਾ ਦੇਣ ਤੋਂ ਮਨ੍ਹਾਂ ਕਰ ਦਿੱਤਾ ਗਿਆ। ਨਤੀਜੇ ਵਜੋਂ ਹਜ਼ਾਰਾਂ ਹੇਟੀ ਲੋਕ ਡੋਮਿਨਿਕ ਰਿਪਬਲਿਕ ਵਿੱਚ ਬਿਨਾਂ ਕਿਸੇ ਨਾਗਰਿਕਤਾ ਦੇ ਰਹਿ ਰਹੇ ਹਨ।

ਇਸ ਤੋਂ ਇਲਾਵਾ ਜੰਗਾਂ ਜਾਂ ਸਿਆਸੀ ਮਤਭੇਦਾਂ ਕਾਰਨ ਵੀ ਲੋਕ ਦੇਸਹੀਣ ਹੋ ਜਾਂਦੇ ਹਨ। ਕਈ ਵਾਰ ਇਨ੍ਹਾਂ ਲੋਕਾਂ ਨੂੰ ਸ਼ਰਨਾਰਥੀ ਕਿਹਾ ਜਾਂਦਾ ਪਰ ਹਰ ਸ਼ਰਨਾਰਥੀ ਦੇਸਹੀਣ ਨਹੀਂ ਹੁੰਦਾ। ਕਈ ਲੋਕ ਅਜਿਹੇ ਵੀ ਹੁੰਦੇ ਹਨ ਜੋ ਕਦੇ ਵੀ ਆਪਣੇ ਜਮਾਂਦਰੂ ਦੇਸ ਦੀ ਸਰਹੱਦ ਤੋਂ ਪਾਰ ਨਹੀਂ ਗਏ ਪਰ ਫਿਰ ਵੀ ਉਹ ਦੇਸਹੀਣ ਹੁੰਦੇ ਹਨ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਜਿਸ ਦੇਸ ਵਿੱਚ ਰਹਿੰਦੇ ਸਨ ਉਸ ਦੇਸ ਦੀ ਹੋਂਦ ਖ਼ਤਮ ਹੋ ਗਈ। ਉਸ ਦੇਸ ਦੀ ਜ਼ਮੀਨ ਕਿਸੇ ਹੋਰ ਦੇਸ ਦੇ ਹੱਥਾਂ ਵਿੱਚ ਚਲੀ ਗਈ।

ਦੂਸਰੇ ਮੌਕਿਆਂ 'ਤੇ ਕਈ ਵਾਰ ਕੋਈ ਦੇਸ ਵੀ ਆਪਣੇ ਨਾਗਰਿਕਾਂ ਕੋਲੋਂ ਨਾਗਰਿਕਤਾ ਖੋਹ ਲੈਂਦਾ ਹੈ।

ਸ਼ਮੀਮਾ ਬੇਗ਼ਮ ਸਾਲ 2015 ਵਿੱਚ ਇੱਕ ਸਕੂਲੀ ਵਿਦਿਆਰਥਣ ਸੀ, ਜਦੋਂ ਦੋ ਸਹੇਲੀਆਂ ਨਾਲ ਇਸਲਾਮਿਕ ਸਟੇਟ ਅੱਤਵਾਦੀ ਸੰਗਠਨ 'ਚ ਸ਼ਾਮਲ ਹੋਣ ਲਈ ਤਿੰਨੋਂ ਬ੍ਰਿਟੇਨ ਤੋਂ ਭੱਜ ਗਈ। ਹਾਲ ਹੀ ਵਿੱਚ ਸ਼ਮੀਮਾ ਬੇਗ਼ਮ ਨੇ ਇੱਛਾ ਪ੍ਰਗਟ ਕੀਤੀ ਕਿ ਉਹ ਆਪਣੇ ਵਤਨ ਵਾਪਸ ਆਉਣਾ ਚਾਹੁੰਦੀ ਹੈ। ਬ੍ਰਿਟੇਨ ਨੇ ਉਸ ਨੂੰ ਵਾਪਸ ਲੈਣ ਤੋਂ ਮਨ੍ਹਾਂ ਕਰ ਦਿੱਤਾ ਹੈ ਅਤੇ ਨਾਗਰਿਕਤਾ ਵੀ ਖੋਹ ਲਈ ਹੈ। ਅਜਿਹਾ ਨਹੀਂ ਹੈ ਕਿ ਯੂਕੇ ਕਿਸੇ ਦੀ ਵੀ ਨਾ-ਗਰਿਕਤਾ ਮਰਜ਼ੀ ਨਾਲ ਰੱਦ ਕਰ ਸਕਦਾ ਹੈ। ਕਿਸੇ ਦੀ ਨਾਗਰਿਕਤਾ ਤਾਂ ਹੀ ਰੱਦ ਕੀਤੀ ਜਾ ਸਕਦੀ ਹੈ ਜੇ ਉਹ ਕਿਸੇ ਹੋਰ ਦੇਸ ਦੀ ਨਾ-ਗਰਿਕਤਾ ਲੈਣ ਦੇ ਯੋਗ ਹੋਵੇ। ਬ੍ਰਿਟੇਨ ਦੇ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਸ਼ਮੀਮਾ ਬੇਗ਼ਮ ਬੰਗਲਾਦੇਸ਼ੀ ਨਾਗਰਿਕ ਹੋ ਸਕਦੀ ਹੈ ਕਿਉਂਕਿ ਉਸ ਦੀ ਮਾਂ ਬੰਗਲਾਦੇਸ਼ੀ ਹੈ।



ਬੰਗਲਾਦੇਸ਼ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਉਹ ਬੰਗਲਾਦੇਸ਼ੀ ਨਾਗਰਿਕ ਨਹੀਂ ਹੈ ਅਤੇ ਸ਼ਮੀਮਾ ਦੇ ਬੰਗਲਾਦੇਸ ਵਿੱਚ ਦਾਖ਼ਲੇ ਦਾ "ਕੋਈ ਸਵਾਲ ਹੀ ਨਹੀਂ" ਪੈਦਾ ਹੁੰਦਾ। ਕਾਨੂੰਨੀ ਮਾਹਰਾਂ ਨੇ ਦੱਸਿਆ ਕਿ ਬੰਗਲਾਦੇਸ਼ ਦੇ ਕਾਨੂੰਨ ਤਹਿਤ ਸ਼ਮੀਮਾ ਵਰਗੇ ਕਿਸੇ ਬ੍ਰਿਟਿਸ਼ ਨਾਗਰਿਕ ਦੇ ਮਾਪੇ ਬੰਗਲਾਦੇਸ਼ੀ ਹੋਣ ਤਾਂ ਉਹ ਵਿਅਕਤੀ ਆਪਣੇ-ਆਪ ਹੀ ਬੰਗਲਾਦੇਸ਼ੀ ਨਾਗਰਿਕ ਮੰਨਿਆ ਜਾਂਦਾ ਹੈ।

ਹਾਂ, ਜੇ ਵਿਅਕਤੀ ਇਸ ਨੂੰ ਬਰਕਰਾਰ ਰੱਖਣ ਦੇ ਯਤਨ ਨਹੀਂ ਕਰਦਾ ਤਾਂ ਉਸਦੇ 21 ਸਾਲਾਂ ਦਾ ਹੋ ਜਾਣ 'ਤੇ ਇਹ ਨਾਗਰਿਕਤਾ ਰੱਦ ਹੋ ਜਾਂਦੀ ਹੈ। ਇਸ ਮਾਮਲੇ ਵਿੱਚ ਸ਼ਮੀਮਾ ਦੀ ਉਮਰ 19 ਸਾਲਾਂ ਦੀ ਹੈ।

**ਦੇਸਹੀਣਾਂ ਕੋਲ ਕਿਹੜੇ ਅਧਿਕਾਰ ਹੁੰਦੇ ਹਨ?**

ਅਜਿਹਾ ਪਹਿਲੀ ਵਾਰ ਨਹੀਂ ਹੋਇਆ ਜਦੋਂ ਬ੍ਰਿਟਿਸ਼ ਸਰਕਾਰ ਨੇ ਕਿਸੇ ਕੋਲੋਂ ਨਾਗਰਿਕਤਾ ਵਾਪਸ ਲੈਣ ਦੀ ਕੋਸ਼ਿਸ਼ ਕੀਤੀ ਹੋਵੇ, ਹਾਲਾਂਕਿ ਸਰਕਾਰ ਇੱਕ ਅਪੀਲ ਹਾਰ ਗਈ ਸੀ ਜਦੋਂ ਦੋ ਬੰਗਲਾਦੇਸ਼ੀ ਮੂਲ ਦੇ ਬ੍ਰਿਟਿਸ਼ ਨਾਗਰਿਕਾਂ ਕੋਲੋਂ ਨਾਗਰਿਕਤਾ ਖੋਹ ਲਈ ਸੀ। ਉਸ ਵੇਲੇ ਇਹ ਦੋਵੇਂ ਵਿਅਕਤੀ ਵਿਦੇਸ਼ ਵਿੱਚ ਸਨ। ਵਿਦੇਸ਼ ਨੀਤੀ ਦੇ ਮਾਹਿਰ ਰੂਮਾ ਮੰਡਲ ਦਾ ਕਹਿਣਾ ਹੈ, "ਦੇਸਹੀਣ ਹੋਣ ਦਾ ਮਤਲਬ ਹੈ ਕਿ ਆਪਣੀ ਪਛਾਣ ਜ਼ਾਹਿਰ ਕਰਨ ਲਈ ਕੋਈ ਦਸਤਾਵੇਜ਼ ਨਾ ਹੋਣਾ।"

ਦੇਸਹੀਣ ਲੋਕਾਂ ਲਈ ਬੁਨਿਆਦੀ ਮਨੁੱਖੀ ਅਧਿਕਾਰ ਕੀ ਹਨ? ਅਤੇ ਇਨ੍ਹਾਂ ਦੀ ਅਧਿਕਾਰਾਂ ਦੀ ਗਾਰੰਟੀ ਕੌਣ ਦੇ ਰਿਹਾ ਹੈ? ਬਿਨਾਂ ਨਾਗਰਿਕਤਾ ਪਾਸਪੋਰਟ ਕੌਣ ਦੇਵੇਗਾ, ਪਛਾਣ ਦੀ ਤਸਦੀਕ ਕੌਣ ਕਰੇਗਾ? ਸਿਹਤ, ਘਰ ਅਤੇ ਸਿੱਖਿਆ ਦੀ ਜ਼ਿੰਮੇਵਾਰੀ ਕੌਣ ਲਵੇਗਾ? ਬਿਨਾਂ ਵਾਜਬ ਪਾਸਪੋਰਟ ਜਾਂ ਦਸਤਾਵੇਜ਼ਾਂ ਦੇ ਕਾਨੂੰਨੀ ਤੌਰ 'ਤੇ ਸਰਹੱਦ ਪਾਰ ਕਰਨਾ ਅਸੰਭਵ ਹੈ। ਇਸ ਦੇ ਨਾਲ ਹੀ ਸਕੂਲ ਅਤੇ ਹਸਪਤਾਲ ਲਈ ਬੱਚੇ ਦੇ ਜਨਮ ਨੂੰ ਰਜਿਸਟਰ ਕਰਵਾਉਣਾ ਵੀ ਔਖਾ ਹੈ। ਇੱਥੋਂ ਤੱਕ ਕਿ ਰੁਜ਼ਗਾਰ ਹਾਸਿਲ ਕਰਨਾ, ਕਿਰਾਏ ਦਾ ਮਕਾਨ ਲੈਣਾ ਜਾਂ ਖਰੀਦਣਾ ਵੀ ਔਖਾ ਹੈ।

**'ਸਟੇਟਲੈਸ ਡਿਟਰਮੀਨੇਸ਼ਨ'**

ਕੁਝ ਯੂਰਪੀ ਦੇਸਾਂ ਵਿੱਚ ਅਜਿਹਾ ਸਿਸਟਮ ਹੈ ਜਿਸ ਨੂੰ 'ਸਟੇਟਲੈਸ ਡਿਟਰਮੀਨੇਸ਼ਨ' ਕਿਹਾ ਜਾਂਦਾ ਹੈ। ਇਸ ਰਾਹੀਂ ਲੋਕਾਂ ਨੂੰ ਬਿਨਾਂ ਰਿਹਾਇਸ਼ੀ ਦਸਤਾਵੇਜ਼ ਦੇ ਵਿਦੇਸ਼ ਯਾਤਰਾ ਦਾ ਅਧਿਕਾਰ ਦਿੱਤਾ ਜਾਂਦਾ ਹੈ। ਸੰਯੁਕਤ ਰਾਸ਼ਟਰ ਦਾ ਸ਼ਰਨਾਰਥੀ ਦਫ਼ਤਰ ਚਾਹੁੰਦਾ ਹੈ ਕਿ ਇਸ ਨੂੰ ਹੋਰ ਦੇਸ ਵੀ ਸਵੀਕਾਰ ਕਰਨ ਪਰ ਇਹ ਵਧੇਰੇ ਦੇਸਾਂ ਵਿੱਚ ਨਹੀਂ ਹੈ।

1954 ਵਿੱਚ ਵਿੱਚ ਸੰਯੁਕਤ ਰਾਸ਼ਟਰ ਨੇ ਇੱਕ ਸੰਮੇਲਨ 'ਚ ਦੇਸਹੀਣ ਲੋਕਾਂ ਦੇ ਨਿਪਟਾਰੇ ਲਈ ਘੱਟੋ-ਘੱਟ ਮਾਨਕਾਂ ਨੂੰ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਸੀ, ਜਿਵੇਂ ਸਿੱਖਿਆ, ਰੁਜ਼ਗਾਰ ਅਤੇ ਰਿਹਾਇਸ਼ ਦਾ ਅਧਿਕਾਰ।

1961 'ਚ ਇੱਕ ਹੋਰ ਸੰਮੇਲਨ ਨੇ ਦੇਸਹੀਣ ਲੋਕਾਂ ਦੀ ਗਿਣਤੀ ਘਟਾਉਣ ਅਤੇ ਰੋਕਣ ਨੂੰ ਆਪਣਾ ਮੁੱਖ ਆਦੇਸ਼ ਰੱਖਿਆ। ਇਸ ਦੇ ਤਹਿਤ ਹਰੇਕ ਵਿਅਕਤੀ ਲਈ ਨਾਗਰਿਕਤਾ ਨੂੰ ਨਿਸ਼ਚਿਤ ਕਰਨ ਲਈ ਕੌਮਾਂਤਰੀ ਢਾਂਚਾ ਤਿਆਰ ਕੀਤਾ। ਇਸ ਸੰਮੇਲਨ ਵਿੱਚ ਇਹ ਤੈਅ ਹੋਇਆ ਕਿ ਜੇ ਕਿਸੇ ਬੱਚੇ ਕੋਲ ਕੋਈ ਨਾਗਰਿਕਤਾ ਨਹੀਂ ਹੈ ਤਾਂ ਜਿਸ ਦੇਸ ਵਿੱਚ ਉਹ ਪੈਦਾ ਹੋਇਆ ਉਹ ਉਸੇ ਦੀ ਨਾਗਰਿਕਤਾ ਦਾ ਹੱਕਦਾਰ ਹੋਵੇ। ਸੰਮੇਲਨ ਵਿੱਚ ਉਹ ਨਿਯਮ ਵੀ ਤੈਅ ਹੋਏ ਜਿਨ੍ਹਾਂ ਤਹਿਤ ਕੋਈ ਦੇਸ ਕਿਸੇ ਨਾਗਰਿਕ ਕੋਲੋਂ ਨਾਗਰਿਕਤਾ ਵਾਪਸ ਲੈ ਸਕਦਾ ਹੈ, ਭਾਵੇਂ ਇਸ ਨਾਲ ਉਹ ਵਿਅਕਤੀ ਦੇਸਹੀਣ ਹੋ ਜਾਵੇ।

ਸਾਲ 2003 ਵਿੱਚ ਇਸਲਾਮੀ ਧਾਰਮਿਕ ਆਗੂ ਸ਼ੇਖ਼ ਅਬੂ ਹਮਜ਼ਾ ਕੋਲੋਂ ਯੂਕੇ ਨੇ ਨਾਗਰਿਕਤਾ ਖੋਹ ਲਈ ਸੀ। ਇਹ ਉਸ ਨਿਯਮ ਤਹਿਤ ਹੋਇਆ ਜਿਸ ਤਹਿਤ ਯੂਕੇ ਉਨ੍ਹਾਂ ਲੋਕਾਂ ਤੋਂ ਨਾਗਰਿਕਤਾ ਖੋਹ ਸਕਦਾ ਹੈ ਜਿਨ੍ਹਾਂ ਕੋਲ ਕਿਸੇ ਹੋਰ ਮੁਲਕ ਦੀ ਵੀ ਨਾਗਰਿਕਤਾ ਹੋਵੇ ਅਤੇ ਉਹ ਅੱਤਵਾਦੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ। ਇਸ ਮਾਮਲੇ ਵਿੱਚ ਵੀ 2010 ਵਿੱਚ ਹਮਜ਼ਾ ਨੇ ਯੂਕੇ ਸਰਕਾਰ ਖਿਲਾਫ ਅਪੀਲ ਜਿੱਤ ਲਈ ਕਿਉਂਕਿ ਉਸ ਨੇ ਕਿਹਾ ਕਿ ਉਹ ਮਿਸਰ ਦੀ ਨਾਗਰਿਕਤਾ ਪਹਿਲਾਂ ਹੀ ਗੁਆ ਚੁੱਕਾ ਹੈ।

**ਇਸਲਾਮਿਕ ਸਟੇਟ ਦੀਆਂ 'ਵਹੁਟੀਆਂ' ਦਾ ਕੀ?**

ਅਮਰੀਕਾ ਵਿੱਚ ਇਹ ਬਹਿਸ ਜਾਰੀ ਹੈ ਕਿ ਉਨ੍ਹਾਂ ਔਰਤਾਂ ਦਾ ਕੀ ਕੀਤਾ ਜਾਵੇ ਜੋ ਇਸਲਾਮਿਕ ਸਟੇਟ ਦੇ ਲੜਾਕਿਆਂ ਨਾਲ ਵਿਆਹ ਕਰਵਾ ਕੇ ਸੀਰੀਆ ਚਲੀਆਂ ਗਈਆਂ ਸਨ। ਅਮਰੀਕਾ ਦੇ ਐਲਾਬਾਮਾ ਸੂਬੇ ਦੀ ਹੋਦਾ ਮੁਥਾਨਾ, ਜੋ ਹੁਣ 24 ਸਾਲ ਦੀ ਹੈ, 20 ਸਾਲ ਦੀ ਉਮਰ ਵਿੱਚ ਆਈ.ਐੱਸ. ਵਿੱਚ ਰਲਣ ਸੀਰੀਆ ਚਲੀ ਗਈ ਸੀ। ਹੁਣ ਉਸ ਦਾ 18 ਮਹੀਨਿਆਂ ਦਾ ਇੱਕ ਪੁੱਤਰ ਹੈ ਅਤੇ ਉਹ ਅਮਰੀਕਾ ਪਰਤਣਾ ਚਾਹੁੰਦੀ ਹੈ। ਉਸ ਨੇ ਅੱਤਵਾਦੀ ਸੰਗਠਨ ਵਿੱਚ ਰਲਣ ਦੇ ਫੈਸਲੇ ਲਈ ਮਾਫੀ ਮੰਗੀ ਹੈ। ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਕਿਹਾ ਹੈ ਕਿ ਉਹ ਇਸਲਾਮਿਕ ਸਟੇਟ ਦਾ ਪ੍ਰਚਾਰ ਕਰਦੀ ਰਹੀ ਹੈ ਅਤੇ ਉਸ ਨੂੰ ਵਾਪਸ ਨਹੀਂ ਆਉਣ ਦਿੱਤਾ ਜਾ ਸਕਦਾ। ਟਵਿੱਟਰ ਉੱਪਰ ਟਰੰਪ ਨੇ ਸਾਫ ਲਿਖਿਆ ਹੈ ਕਿ ਉਨ੍ਹਾਂ ਨੇ ਵਿਦੇਸ਼ ਮੰਤਰੀ ਨੂੰ ਹਦਾਇਤ ਦਿੱਤੀ ਹੈ ਕਿ ਹੋਦਾ ਨੂੰ ਅਮਰੀਕਾ ਨਾ ਵੜਨ ਦਿੱਤਾ ਜਾਵੇ। ਅਮਰੀਕਾ ਦੇ ਵਿਦੇਸ਼ ਮੰਤਰੀ ਨੇ ਪਹਿਲਾਂ ਹੀ ਕਿਹਾ ਹੈ ਹੋਦਾ ਮੁਥਾਨਾ ਹੁਣ ਅਮਰੀਕੀ ਨਾਗਰਿਕ ਨਹੀਂ ਹੈ ਅਤੇ ਉਸ ਨੂੰ ਵਾਪਸ ਨਹੀਂ ਲਿਆ ਜਾਵੇਗਾ। ਦੂਜੇ ਪਾਸੇ ਹੋਦਾ ਮੁਥਾਨਾ ਦੇ ਵਕੀਲ ਅਤੇ ਪਰਿਵਾਰ ਦਾ ਕਹਿਣਾ ਹੈ ਕਿ ਉਸ ਕੋਲ ਅਮਰੀਕੀ ਨਾਗਰਿਕਤਾ ਹੈ ਅਤੇ ਉਹ ਜੇਲ੍ਹ ਕੱਟਣ ਲਈ ਵੀ ਤਿਆਰ ਹੈ।

### ਪੁਲਵਾਮਾ ਹਮਲੇ ਦੇ ਸੰਦਰਭ ਵਿੱਚ

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਵਾਰਸਾਂ ਨੇ ਕਸ਼ਮੀਰੀ ਲੋਕਾਂ ਦੀ ਹਿਫਾਜਤ ਕਰਕੇ ਅਪਣੇ ਮਨੁਖਤਾਵਾਦੀ ਫਲਸਫੇ ਤੇ ਪਹਿਰਾ ਦਿੱਤਾ




ਬਘੇਲ ਸਿੰਘ ਧਾਲੀਵਾਲ
91-99142-58142

ਪਿਛਲੇ ਦਿਨੀ ਕਸ਼ਮੀਰ ਦੇ ਪੁਲਵਾਮਾ ਦਹਿਸਤਗਰਦੀ ਹਮਲੇ ਨੇ ਪੂਰੇ ਵਿਸ਼ਵ ਨੂੰ ਝਜੋੜ ਕੇ ਰੱਖ ਦਿੱਤਾ। ਸੀ ਆਰ ਪੀ ਦੇ ਜੁਆਨਾਂ ਦੀ ਭਰੀ ਬਸ ਨੂੰ ਦਹਿਸਤਗਰਦਾਂ ਨੇ ਇੱਕ ਵੱਡੇ ਧਮਾਕੇ ਨਾਲ ਨਸ਼ਟ ਕਰ ਦਿੱਤਾ। ਸਾਢੇ ਤਿੰਨ ਦਰਜਨ ਹਸਦੇ ਵਸਦੇ ਪਰਿਵਾਰਾਂ ਵਿੱਚ ਇੱਕਦਮ ਮਾਤਮ ਛਾ ਗਿਆ।ਹਰ ਪਾਸੇ ਤੋਂ ਹਮਲੇ ਦੀ ਨਿਖੇਧੀ ਹੋਈ। ਹਰ ਧੜਕਦੇ ਦਿਲ ਨੇ ਐਨੇ ਵੱਡੇ ਕਹਿਰ ਤੇ ਹੌਕਾ ਲਿਆ। ਹਰ ਪਾਸੇ ਤੋਂ ਇਸ ਨਫਰਤੀ ਵਰਤਾਰੇ ਨੂੰ ਸਖਤੀ ਨਾਲ ਕੁਚਲਣ ਦੀ ਮੰਗ ਨੇ ਜੋਰ ਫੜਿਆ। ਇਸ ਹਮਲੇ ਤੋ ਬਾਅਦ ਦਹਿਸਤਗਰਦੀ ਨੂੰ ਖਤਮ ਕਰਨ ਦੇ ਨਾਮ ਤੇ ਜਿਸ ਤਰਾਂ ਭਾਰਤ ਅੰਦਰ ਕਸ਼ਮੀਰੀਆਂ ਖਿਲਾਫ ਨਫਰਤ ਦਾ ਮਹੌਲ ਸਿਰਜਿਆ ਜਾਣ ਲੱਗਾ, ਉਹਨੇ ਬਹੁਤ ਕੁੱਝ ਚਿੱਟੇ ਦਿਨ ਵਾਂਗ ਸਾਫ ਕਰ ਦਿੱਤਾ। ਭਾਰਤੀ ਜਨਤਾ ਪਾਰਟੀ ਦੇ ਕਾਰਕੁਨਾਂ ਵੱਲੋਂ ਥਾਂ ਥਾਂ ਕੀਤੇ ਕਸ਼ਮੀਰੀਆਂ ਖਿਲਾਫ ਰੋਸ ਮਾਰਚ ਅਤੇ ਆ ਰਹੀਆਂ ਚੋਣਾਂ ਵਿੱਚ ਦੁਵਾਰਾ ਮੋਦੀ ਸਰਕਾਰ ਬਨਾਉਣ ਦੇ ਨਾਹਰਿਆਂ ਨੇ ਭਾਜਪਾ ਦੀ ਨੀਅਤ ਸਪੱਸਟ ਕਰ ਦਿੱਤੀ ਹੈ। ਬੇਸ਼ੱਕ ਇਹ ਪਹਿਲਾਂ ਤੋ ਹੀ ਹੁੰਦਾ ਆਇਆ ਹੈ ਕਿ ਬਗੈਰ ਸਬੂਤਾਂ ਤੋ ਇੱਕ ਦੂਸਰੇ ਮੁਲਕ ਤੇ ਦੋਸ ਦਿੱਤੇ ਜਾਂਦੇ ਰਹੇ ਹਨ। ਪਰੰਤੂ ਇਸ ਬਾਰ ਇਸ ਰੁਝਾਨ ਨੂੰ ਭਾਰਤ ਨੇ ਜਿਆਦਾ ਹਵਾ ਦਿੱਤੀ ਹੈ,ਕਿਉਕਿ ਲੋਕ ਸਭਾ ਦੀਆਂ ਚੋਣਾਂ ਐਨ ਸਿਰ ਤੇ ਹਨ। ਇਸ ਬਾਰ ਭਾਰਤੀ ਜਨਤਾ ਪਾਰਟੀ ਦੀ ਹਾਲਤ ਕੋਈ ਜਿਆਦਾ ਚੰਗੀ ਵੀ ਨਹੀ ਹੈ। ਪਿੱਛਲੇ ਦਿਨਾਂ ਵਿੱਚ ਚਾਰ ਸੂਬਿਆਂ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਨੇ ਇਹ ਸੁਨੇਹਾ ਵੀ ਦਿੱਤਾ ਸੀ ਕਿ ਇਸ ਬਾਰ ਭਾਰਤੀ ਜਨਤਾ ਪਾਰਟੀ ਲਈ ਕੇਦਰ ਤੇ ਮੁੜ ਕਾਬਜ ਹੋਣਾ ਕੋਈ ਬਹੁਤਾ ਸੁਖਾਲਾ ਨਹੀ ਹੈ। ਇਹ ਪਹਿਲਾਂ ਵੀ ਬਹੁਤ ਬਾਰ ਲਿਖਿਆ ਜਾ ਚੁੱਕਾ ਹੈ ਕਿ ਭਾਰਤੀ ਜਨਤਾ ਪਾਰਟੀ ਸੱਤਾ ਪਰਾਪਤੀ ਖਾਤਰ ਫਿਰਕੂ ਪੱਤਾ ਖੇਡਣ ਤੋ ਕਦੇ ਵੀ ਗੁਰੇਜ ਨਹੀ ਕਰੇਗੀ, ਕਿਉਂਕਿ ਭਾਰਤੀ ਜਨਤਾ ਪਾਰਟੀ ਦਾ ਫਿਰਕੂ ਏਜੰਡਾ ਦੇਸ਼ ਦੀ ਬਹੁ ਗਿਣਤੀ ਅਨਪੜ ਜਨਤਾ ਨੂੰ ਮੂਰਖ ਬਨਾਉਣ ਲਈ ਸਭ ਤੋ ਕਾਰਗਰ ਹਥਿਆਰ ਹੈ। ਮੋਦੀ ਸਰਕਾਰ ਕੋਲ ਆਪਣੀਆਂ ਨਾਕਾਮੀਆਂ ਨੂੰ ਪਰਾਪਤੀਆਂ ਵਿੱਚ ਬਦਲਣ ਦਾ ਇੱਕੋ ਇੱਕ ਰਸਤਾ ਹਿੰਦੂ ਮੁਸਲਮਾਨਾਂ ਵਿੱਚ ਨਫਰਤ ਫੈਲਾ ਕੇ ਦੰਗੇ ਫਸਾਦ ਕਰਵਾਉਣੇ ਅਤੇ ਗੜਬੜ ਨੂੰ ਖਤਮ ਕਰਨ ਦੇ ਨਾਮ ਤੇ ਘੱਟ ਗਿਣਤੀ ਮੁਸਲਮਾਨ ਭਾਈਚਾਰੇ ਤੇ ਜੁਲਮ ਢਾਹ ਕੇ ਬਹੁ ਗਿਣਤੀ ਹਿੰਦੂ ਭਾਈਚਾਰੇ ਨੂੰ ਮੁੜ ਤੋ ਸੱਤਾ ਪਰਾਪਤੀ ਲਈ ਬਰਤਣ ਦਾ ਹੈ। ਜੇਕਰ ਗੱਲ ਹਮਲਾਵਰਾਂ ਦੀ ਕੀਤੀ ਜਾਵੇ ਤਾਂ ਇਹਦੇ ਵਾਰੇ ਆਮ ਜਨਤਾ ਨੂੰ ਕੁੱਝ ਵੀ ਸਮਝ ਨਹੀ ਹੈ। ਧਮਾਕੇ ਵਿੱਚ ਬਰਤੇ ਗਏ ਬਰੂਦ ਦੀ ਮਾਤਰਾ ਦੀ ਸਹੀ ਜਾਣਕਾਰੀ ਦਾ ਖੁਲਾਸਾ ਵੀ ਸ਼ੋਸ਼ਲ ਮੀਡੀਏ ਤੇ ਕਾਫੀ ਚਰਚਾ ਵਿੱਚ ਰਿਹਾ ਹੈ। ਇਸ ਗੱਲ ਦਾ ਪਰਚਾਰ ਕੀਹਨੇ ਕਰਵਾਇਆ ਤੇ ਕਿਉਂ ਕਰਵਾਇਆ ਇਹ ਵੀ ਸਮਝ ਤੋ ਪਰੇ ਦੀ ਗੱਲ ਹੈ, ਕਿਉਕਿ ਸਹੀ ਮਾਤਰਾ ਦੱਸਣਾ ਵੀ ਸ਼ੱਕ ਦੇ ਘੇਰੇ ਵਿੱਚ ਆਉਂਦਾ ਹੈ।ਨਾਂ ਹੀ ਤਾਂ ਪਾਕਿਸਤਾਨ ਨੂੰ ਸਿੱਧੇ ਤੌਰ ਤੇ ਦੋਸ਼ੀ ਠਹਿਰਾਇਆ ਜਾਣਾ ਜਾਇਜ ਹੈ ਅਤੇ ਨਾ ਹੀ ਕਸ਼ਮੀਰੀ ਲੋਕਾਂ ਪ੍ਰਤੀ ਫੈਲਾਈ ਜਾ ਰਹੀ ਨਫਰਤ ਨੂੰ ਜਾਇਜ ਮੰਨਿਆ ਜਾ ਸਕਦਾ ਹੈ। ਜਿਸ ਤਰਾਂ ਪਾਕਿਸਤਾਨ ਨਾਲ ਲੜਾਈ ਦਾ ਮਹੌਲ ਬਣਾਇਆ ਜਾ ਰਿਹਾ ਹੈ, ਇਹ ਨਾ ਪੰਜਾਬ ਦੇ ਹਿਤ ਵਿੱਚ ਹੈ,ਨਾ ਹੀ ਕਸ਼ਮੀਰ ਦੇ ਹਿਤ ਵਿੱਚ ਹੈ ਅਤੇ ਨਾ ਹੀ ਦੇਸ਼ ਦੇ ਹਿਤ ਵਿੱਚ ਹੈ, ਜੇ ਕਿਸੇ ਦੇ ਹਿਤ ਵਿੱਚ ਹੈ ਤਾਂ ਉਹ ਮੌਜੂਦਾ ਮੋਦੀ ਸਰਕਾਰ ਦੇ ਹਿਤ ਵਿੱਚ ਜਰੂਰ ਜਾਵੇਗੀ, ਜਿਹੜੀ ਇੱਕ ਤੀਰ ਨਾਲ ਕਈ ਕਈ ਨਿਸ਼ਾਨੇ ਫੁੰਡਣ ਦੀ ਤਾਕ ਵਿੱਚ ਤਿਆਰ ਬੈਠੀ ਹੈ। ਜਿਸ ਤਰਾਂ ਕਸ਼ਮੀਰੀ ਵਿਦਿਆਰਥੀਆਂ ਨਾਲ ਦੇਸ਼ ਵਿੱਚ ਨਫਰਤ ਵਾਲਾ ਵਰਤਾਉ ਕੀਤਾ ਜਾ ਰਿਹਾ ਹੈ, ਉਸ ਨੂੰ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਕਾਫੀ ਹੱਦ ਤੱਕ ਭਾਰਤੀ ਜਨਤਾ ਪਾਰਟੀ ਆਪਣੇ ਮਿਸ਼ਨ ਵਿੱਚ ਸਫਲਤਾ ਹਾਸਲ ਕਰ ਵੀ ਚੁੱਕੀ ਹੈ। ਕੇਂਦਰ ਦੇ ਇਸਾਰੇ ਤੇ ਪੰਜਾਬ ਦੇ ਅਕਾਲੀਆਂ ਵੱਲੋਂ ਖਾਸ ਕਰਕੇ ਬਾਦਲ, ਮਜੀਠੀਆ ਪਰਿਬਾਰ ਅਤੇ ਕੈਪਟਨ ਵੱਲੋਂ ਜੋ ਪਾਕਿਸਤਾਨ ਖਿਲਾਫ ਬਿਆਨਵਾਜੀ ਕੀਤੀ ਗਈ ਹੈ, ਉਹ ਇੱਕ ਬਾਰ ਫਿਰ ਇਹਨਾਂ ਦੀਆਂ ਆਉਣ ਵਾਲੀਆਂ ਪੁਸਤਾਂ ਲਈ ਨਮੋਸੀ ਵਾਲੀ ਸਾਬਤ ਹੋਈ ਹੈ, ਇਸ ਦੇ ਬਾਵਜੂਦ ਸਿੱਖ ਭਾਈਚਾਰੇ ਨੇ ਕਸ਼ਮੀਰੀ ਲੋਕਾਂ ਦੀ ਹਿਫਾਜਤ ਲਈ ਜੋ ਉਪਰਾਲੇ ਕੀਤੇ ਹਨ, ਉਹਦੇ ਤੋਂ ਕੇਂਦਰ ਸਰਕਾਰ ਅਤੇ ਘੱਟ ਗਿਣਤੀ ਵਿਰੋਧੀ ਤਾਕਤਾਂ ਬੇਸ਼ੱਕ ਜਰੂਰ ਖਫਾ ਹੋਈਆਂ ਹਨ, ਪਰੰਤੂ ਸੰਸਾਰ ਪੱਧਰ ਤੇ ਸਿੱਖ ਕੌਮ ਨੇ ਆਪਣਾ ਮਨੁਖਤਾਵਾਦੀ ਫਲਸਫਾ ਇੱਕ ਬਾਰ ਫਿਰ ਸਫਲਤਾ ਨਾਲ ਦੁਨੀਆਂ ਸਾਹਮਣੇ ਰੱਖਣ ਵਿੱਚ ਕਾਮਯਾਬੀ ਹਾਸਲ ਕੀਤੀ ਹੈ, ਇਹਦੇ ਲਈ ਖਾਲਸਾ ਏਡ ਵਧਾਈ ਦੀ ਪਾਤਰ ਹੈ, ਜਿਸਦੀ ਪਹਿਲਕਦਮੀ ਨਾਲ ਇਹ ਸੰਭਵ ਹੋ ਸਕਿਆ। ਕਸ਼ਮੀਰ ਮਾਮਲੇ ਤੇ ਪੰਜਾਬ ਦੇ ਕੈਬਿਨਟ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਸੁਖਪਾਲ ਸਿੰਘ ਖਹਿਰਾ ਵੱਲੋਂ ਵੱਲੋਂ ਅਪਣਾਈ ਪਹੁੰਚ ਨੂੰ ਵੀ ਸਲਾਹਿਆ ਜਾਂਦਾ ਰਹੇਗਾ। ਅਖੀਰ ਵਿੱਚ ਜੇਕਰ ਗੱਲ ਦਹਿਸਤਗਰਦਾਂ ਵੱਲੋਂ ਕੀਤੇ ਹਮਲੇ ਦੀ ਕਰੀਏ ਤਾਂ ਇਸ ਸਾਰੇ ਵਰਤਾਰੇ ਦੇ ਮੱਦੇਨਜਰ ਕਿਹਾ ਜਾ ਸਕਦਾ ਹੈ ਕਿ ਸਿਆਸਤ ਅਤੇ ਦਹਿਸਤਗਰਦੀ ਦਾ ਆਪਸ ਵਿੱਚ ਬਹੁਤ ਗੂੜ੍ਹਾ ਰਿਸ਼ਤਾ ਹੈ, ਕਿਉਕਿ ਇਹ ਦੋਨੋ ਹੀ ਕਿਸੇ ਦੇ ਸਕੇ ਨਹੀ ਹੁੰਦੇ ਅਤੇ ਦੋਨੋ ਹੀ ਇੱਕ ਦੂਸਰੇ ਦੀ ਮਦਦ ਨਾਲ ਵਧਦੇ ਫੂਲਦੇ ਹਨ।

ਇਸ ਧਮਾਕੇ ਨੇ ਜਿੱਥੇ ਦਰਜਨਾਂ ਪਰਿਵਾਰਾਂ ਦੇ ਘਰ ਉਜਾੜ ਦਿੱਤੇ,ਓਥੇ ਆਮ ਕਸ਼ਮੀਰੀ ਲੋਕਾਂ ਤੇ ਜੁਲਮ ਢਾਹੁਣ ਲਈ ਭਾਰਤੀ ਫੋਰਸਾਂ ਦਾ ਰਾਹ ਵੀ ਪੱਧਰਾ ਕਰ ਦਿੱਤਾ ਹੈ।ਕੁੱਝ ਵੀ ਹੋਵੇ, ਪਰੰਤੂ ਸਿੱਖ ਭਾਈਚਾਰੇ ਨੇ ਰਾਜਨੀਤਕ ਸਾਜਿਸ਼ਾਂ ਨੂੰ ਪਛਾੜਕੇ ਜਿੱਥੇ ਸਿੱਖ ਮੁਸਲਿਮ ਭਾਈਚਾਰੇ ਦੇ ਆਪਸੀ ਸਬੰਧਾਂ ਨੂੰ ਮਜਬੂਤ ਕੀਤਾ ਹੈ, ਓਥੇ ਸਿੱਖੀ ਦੇ ਸਿਧਾਂਤਕ ਅਮਲ ਤੇ ਪਹਿਰਾ ਦੇਕੇ ਦੁਨੀਆਂ ਨੂੰ ਸਫਲ ਸੁਨੇਹਾ ਦੇਣ ਵਿੱਚ ਚੰਗੀ ਪਹਿਲਕਦਮੀ ਕੀਤੀ ਹੈ ਕਿ, ਜੇਕਰ ਕਿਸੇ ਸਮੇ ਔਰੰਗਜੇਬ ਨੇ ਕਸ਼ਮੀਰੀ ਪੰਡਤਾਂ ਤੇ ਧਰਮ ਬਦਲੀ ਕਰਵਾਉਣ ਲਈ ਜੁਲਮ ਢਾਹਿਆ ਸੀ ਤਾਂ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੀ ਸ਼ਹਾਦਤ ਦੇਕੇ ਉਸ ਜੁਲਮ ਨੂੰ ਠੱਲ ਪਾਈ ਸੀ ਤੇ ਅੱਜ ਉਸ ਸ਼ਹੀਦ ਗੁਰੂ ਦੇ ਵਾਰਸਾਂ ਨੇ ਹਿੰਦੂ ਕੱਟੜਵਾਦ ਵੱਲੋਂ ਕਸ਼ਮੀਰੀ ਮੁਸਲਮਾਨਾਂ ਤੇ ਕੀਤੇ ਜੁਲਮ ਨੂੰ ਠੱਲ ਪਾਉਣ ਅਤੇ ਉਹਨਾਂ ਦੀ ਹਿਫਾਜਤ ਲਈ ਪੁਖਤਾ ਇੰਤਜਾਮ ਕਰਕੇ ਇਹ ਦੱਸ ਦਿੱਤਾ ਹੈ ਕਿ ਸਿੱਖ ਕੌਮ ਕਿਸੇ ਫਿਰਕੇ, ਕਿਸੇ ਧਰਮ, ਕਿਸੇ ਮਜਹਬ ਦੇ ਖਿਲਾਫ ਨਹੀ ਸਗੋਂ ਇਹ ਹਰ ਉਸ ਇਨਸਾਨ ਦੀ ਮਦਦਗਾਰ ਹੈ ਜਿਸ ਤੇ ਸਮੇ ਦੀਆਂ ਸਰਕਾਰਾਂ ਦੀ ਫਿਰਕੂ ਸੋਚ ਦਾ ਕਹਿਰ ਵਰਤ ਰਿਹਾ ਹੋਵੇ ਅਤੇ ਉਸ ਜਾਲਮ ਤਾਕਤਾਂ ਦੀ ਹਮੇਸਾਂ ਦੁਸ਼ਮਣ ਰਹੇਗੀ,ਜਿਹੜੀਆਂ ਸੱਤਾ ਦੀ ਭੁੱਖ ਪੂਰਤੀ ਲਈ ਨਫਰਤ ਫੈਲਾਕੇ ਮਨੁਖਤਾ ਵਿੱਚ ਵੰਡੀਆਂ ਪਾਉਣ ਦੀਆਂ ਗੁਨਾਹਗਾਰ ਹਨ।

## ਸ. ਸਤਨਾਮ ਸਿੰਘ ਅਟਵਾਲ ਜੀ ਗੁਰੂ ਚਰਨਾਂ ਵਿਚ ਜਾ ਬਿਰਾਜੇ



ਸੈਨਹੋਜ਼ੇ- ਸੈਨਹੋਜ਼ੇ 'ਚ ਰਹਿੰਦੇ ਭਾਈ ਸਾਹਿਬ ਸਤਨਾਮ ਸਿੰਘ ਜੀ ਲੰਘੇ ਸ਼ਨਿਚਰਵਾਰ ਨੂੰ ਬੇਕਰਸਫੀਲਡ ਵਿਖੇ ਆਪਣੇ ਕਿਸੇ ਰਿਸ਼ਤੇਦਾਰ ਦੇ ਗ੍ਰਹਿ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਰਤਨ ਕਰਨ ਦੇ ਦੌਰਾਨ ਹੀ ਗੁਰੂ ਚਰਨਾਂ 'ਚ ਜਾ ਬਿਰ- ਾਜੇ। ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ ਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਬੇ-ਏਰੀਆ ਦੇ ਸੱਜਣਾਂ-ਦੋਸਤਾਂ, ਰਿਸ਼ਤੇਦਾਰਾਂ ਵਿਚ ਇਹ ਖਬਰ ਬੜੇ ਹੀ ਦੁੱਖ ਨਾਲ ਪੜ੍ਹੀ ਜਾਵੇਗੀ। ਹਰਜਿੰਦਰ ਜੌਹਲ ਵੱਲੋਂ ਵੀ ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਜਾਂਦਾ ਹੈ।

## ਇਕ ਲੜਾਕੂ ਜਹਾਜ਼ ਫੁੰਡਿਆ

(ਸਫਾ 1 ਦੀ ਬਾਕੀ)

ਮੁਖੀ ਜਨਰਲ ਵਿਪਿਨ ਰਾਵਤ, ਹਵਾਈ ਫੌਜ ਮੁਖੀ ਬੀ. ਐਸ. ਧਨੋਆ ਅਤੇ ਸਮੁੰਦਰੀ ਫੌਜ ਮੁਖੀ ਐਡਮਿਰਲ ਸੁਨੀਲ ਲਾਂਬਾ ਦੀ ਅੱਜ ਵਿਸ਼ੇਸ਼ ਬੈਠਕ ਹੋਈ ਹੈ, ਜਿਸ ਵਿਚ ਕਈ ਅਹਿਮ ਪ੍ਰਸਤਾਵਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ।

## ਭਾਰਤ ਦੇ ਹਵਾਈ ਹਮਲੇ ਤੋਂ ਬਾਅਦ ਪੰਜਾਬ ਦੇ ਸਰਹੱਦੀ ਖੇਤਰਾਂ 'ਚ ਚੌਕਸੀ ਵਧੀ

(ਸਫਾ 1 ਦੀ ਬਾਕੀ)

ਭਾਰਤ ਨੇ ਬਾਲਾਕੋਟ ਵਿੱਚ ਜੈਸ਼ ਦੇ ਸਿਖਲਾਈ ਕੈਂਪ 'ਤੇ ਹਵਾਈ ਹਮਲੇ ਕੀਤੇ। ਉਨ੍ਹਾਂ ਕਿਹਾ, 'ਹਵਾਈ ਹਮਲਿਆਂ ਵਿੱਚ ਜੈਸ਼-ਏ-ਮੁਹੰਮਦ ਦੇ ਵੱਡੀ ਗਿਣਤੀ ਦਹਿਸ਼ਤਗਰਦਾਂ, ਸਿਖਲਾਈਯਾਫ਼ਤਾ, ਸੀਨੀਅਰ ਕਮਾਂਡਰਾਂ ਤੇ ਜਹਾਦੀ ਗਰੁੱਪਾਂ ਜਿਨ੍ਹਾਂ ਨੂੰ ਫਿਦਾਈਨ ਹਮਲਿਆਂ ਦੀ ਸਿਖਾਈ ਦਿੱਤੀ ਜਾ ਰਹੀ ਸੀ, ਨੂੰ ਮਾਰ ਮੁਕਾਇਆ।'

ਉਧਰ ਭਾਰਤ ਸਰਕਾਰ ਦੇ ਸੂਤਰਾਂ ਨੇ ਕਿਹਾ ਕਿ ਭਾਰਤੀ ਹਵਾਈ ਸੈਨਾ ਦੇ ਮਿਰਾਜ 2000 ਲੜਾਕੂ ਜਹਾਜ਼ਾਂ ਨੇ ਕੰਟਰੋਲ ਰੇਖਾ ਦੇ ਨਾਲ ਪਾਕਿਸਤਾਨ ਵਾਲੇ ਪਾਸੇ ਕਈ ਥਾਈਂ ਦਹਿਸ਼ਤੀ ਕੈਂਪਾਂ ਨੂੰ ਨਿਸ਼ਾਨਾ ਬਣਾਇਆ। ਭਾਰਤ ਹਵਾਈ ਸੈਨਾ ਨੇ ਪਹਿਲਾ ਹਮਲਾ ਸਵੇਰੇ 3:45 ਦੇ ਕਰੀਬ ਮੁਜ਼ੱਫਰਾਬਾਦ ਤੋਂ ਉੱਤਰ-ਪੱਛਮ ਵੱਲ 24 ਕਿਲੋਮੀਟਰ ਦੂਰ ਬਾਲਾਕੋਟ ਵਿੱਚ ਕੀਤਾ। ਤਿੰਨ ਮਿੰਟ ਬਾਅਦ 3:48 ਵਜੇ ਦੂਜਾ ਨਿਸ਼ਾਨਾ ਮੁਜ਼ੱਫਰਾਬਾਦ ਨੂੰ ਬਣਾਇਆ ਜਦੋਂਕਿ ਤੀਜਾ ਹਮਲਾ 3:58 ਵਜੇ ਚਕੋਟੀ ਵਿੱਚ ਕੀਤਾ ਗਿਆ। ਭਾਰਤੀ ਹਵਾਈ ਫੌਜਾ ਦਾ ਪੂਰਾ ਮਿਸ਼ਨ ਸਵੇਰੇ 3 ਵਜੇ ਦੇ ਕਰੀਬ ਸ਼ੁਰੂ ਹੋਇਆ ਸੀ।

# ਕਿਸਾਨਾਂ ਨੂੰ ਮੰਡੀ ਦੀ ਮਾਰ ਤੋਂ ਬਚਾਉਣ ਦੀ ਲੋੜ

ਡਾ. ਰਣਜੀਤ ਸਿੰਘ

ਚੋਣ ਵਰ੍ਹਾ ਹੋਣ ਕਰਕੇ ਕਿਸਾਨਾਂ ਨੂੰ ਕੇਂਦਰ ਸਰਕਾਰ ਤੋਂ ਉਮੀਦਾਂ ਸਨ। ਬੀਜੇਪੀ ਦੇ ਗੜ੍ਹ ਸਮਝੇ ਜਾਂਦੇ ਤਿੰਨਾਂ ਰਾਜਾਂ ਵਿਚ ਹੋਈ ਹਾਰ ਨੇ ਇਹ ਹੋਰ ਵੀ ਯਕੀਨੀ ਬਣਾ ਦਿੱਤਾ ਸੀ ਕਿ ਇਸ ਵਾਰ ਕੇਂਦਰੀ ਸਰਕਾਰ ਕਿਸਾਨਾਂ ਲਈ ਵਿਸ਼ੇਸ਼ ਪੈਕੇਜ ਦਾ ਐਲਾਨ ਕਰੇਗੀ ਪਰ ਕਿਸਾਨਾਂ, ਵਿਸ਼ੇਸ਼ ਕਰਕੇ ਪੰਜਾਬ ਦੇ ਕਿਸਾਨਾਂ ਪੱਲੇ ਨਿਰਾਸ਼ਤਾ ਹੀ ਪਈ। ਕੇਂਦਰ ਸਰਕਾਰ ਨੇ ਛੋਟੇ ਕਿਸਾਨਾਂ ਲਈ 500 ਰੁਪਏ ਮਹੀਨਾ ਇਕ ਤਰ੍ਹਾਂ ਪੈਨਸ਼ਨ ਲਗਾ ਦਿੱਤੀ ਹੈ। ਪੰਜਾਬ ਲਈ ਇਹ ਰਕਮ ਬਹੁਤ ਨਿਗੂਣੀ ਹੈ। ਪੰਜਾਬ ਦੀ ਸਾਰੀ ਖੇਤੀ ਮਸ਼ੀਨਾਂ ਨਾਲ ਹੁੰਦੀ ਹੈ ਤੇ ਇਥੇ ਮਜ਼ਦੂਰੀ ਵੀ ਦੂਜੇ ਰਾਜਾਂ ਤੋਂ ਵੱਧ ਹੈ। ਇਸ ਨਿਗੂਣੀ ਰਕਮ ਨਾਲ ਕੋਈ ਰਾਹਤ ਨਹੀਂ ਮਿਲੇਗੀ। ਮਾਇਕ ਸਹਾਇਤਾ ਦੇ ਕੇ ਬੇਸ਼ਕ ਕਿਸਾਨਾਂ ਨੂੰ ਖੁਸ਼ ਕਰਨ ਦਾ ਯਤਨ ਕੀਤਾ ਗਿਆ ਹੈ ਪਰ ਇਸ ਦਾ ਲਾਭ ਵੀ ਕਾਰੋਬਾਰੀਆਂ ਨੂੰ ਹੀ ਮਿਲੇਗਾ। ਕਿਸਾਨ ਤਾਂ ਥੁੜਾਂ ਦਾ ਜੀਵਨ ਜਿਉਂਦਾ ਹੈ। ਪੈਸਾ ਮਿਲਦਿਆਂ ਹੀ ਬਾਜ਼ਾਰ ਦਾ ਰੁਖ਼ ਕਰੇਗਾ।

ਪੰਜਾਬ ਦਾ ਕਿਸਾਨ ਦੇਸ਼ ਦਾ ਅੰਨਦਾਤਾ ਹੈ। ਉਸ ਖੇਤੀ ਦੇ ਆਧੁਨਿਕ ਢੰਗ ਤਰੀਕੇ ਵੀ ਸਭ ਤੋਂ ਪਹਿਲਾਂ ਅਪਨਾਏ ਸਨ। ਹੁਣ ਪੰਜਾਬ ਵਿਚ ਹੀ ਸਭ ਤੋਂ ਵਧ ਕਿਸਾਨ ਖੁਦਕੁਸ਼ੀ ਕਰਨ ਲਈ ਮਜਬੂਰ ਹੋ ਰਹੇ ਹਨ। ਪੰਜਾਬ ਦਾ ਕਿਸਾਨ ਕਣਕ-ਝੋਨੇ ਦੇ ਫਸਲ ਚੱਕਰ ਵਿਚ ਉਲਝਾਇਆ ਗਿਆ ਹੈ। ਇਸ ਫਸਲ ਚੱਕਰ ਨਾਲ ਆਮਦਨ ਵਿਚ ਵਾਧਾ ਹੋਣ ਦੀ ਥਾਂ ਆਮਦਨ ਘਟ ਰਹੀ ਹੈ ਕਿਉਂਕਿ ਉਸ ਦੀ ਉਪਜ ਦੇ ਖਰੀਦ ਮੁੱਲ ਵਿਚ ਓਨਾ ਵਾਧਾ ਨਹੀਂ ਕੀਤਾ ਜਾਂਦਾ ਜਿੰਨਾ ਉਸ ਦੀਆਂ ਲੋੜਾਂ ਦੇ ਮੁੱਲ ਵਿਚ ਵਾਧਾ ਹੋ ਰਿਹਾ ਹੈ।

ਖੇਤੀ, ਵਿਦਿਆ ਤੇ ਸਿਹਤ ਸਹੂਲਤਾਂ, ਰਾਜਾਂ ਦੇ ਕਾਰਜ ਖੇਤਰ ਵਿਚ ਆਉਂਦੀਆਂ ਹਨ ਪਰ ਆਮਦਨ ਦੇ ਸਾਰੇ ਵਸੀਲੇ ਕੇਂਦਰ ਦੇ ਕਬਜ਼ੇ ਵਿਚ ਜਾ ਰਹੇ ਹਨ। ਰਾਜਾਂ ਕੋਲ ਇਨ੍ਹਾਂ ਤਿੰਨਾਂ ਹੀ ਮੁਢਲੀਆਂ ਲੋੜਾਂ ਲਈ ਵਸੀਲੇ ਨਹੀਂ ਹਨ। ਕੇਂਦਰ ਪੰਜਾਬ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਸਕੀਮਾਂ ਨਹੀਂ ਉਲੀਕਦਾ ਸਗੋਂ ਉਨ੍ਹਾਂ ਰਾਜਾਂ ਦੀਆਂ ਲੋੜਾਂ ਨੂੰ ਮੁੱਖ ਰਖਦਾ ਹੈ ਜਿਥੇ ਉਸ ਦਾ ਵੱਡਾ ਵੋਟ ਬੈਂਕ ਹੈ। ਪੰਜਾਬ ਬਾਰੇ ਤਾਂ ਬੀਜੇਪੀ ਨੂੰ ਪਤਾ ਹੈ ਕਿ ਵੱਧ ਤੋਂ ਵੱਧ ਦੋ ਸੰਸਦ ਮੈਂਬਰ ਮਿਲ ਸਕਦੇ ਹਨ। ਪਿਛੜੇ ਰਾਜਾਂ ਲਈ ਉਲੀਕੀਆਂ ਗਈਆਂ ਸਕੀਮਾਂ ਦਾ ਪੰਜਾਬ ਦੇ ਕਿਸਾਨ ਨੂੰ ਕੋਈ ਲਾਹਾ ਨਹੀਂ ਪ੍ਰਾਪਤ ਹੁੰਦਾ, ਇਸੇ ਕਰਕੇ ਉਹ ਕਰਜ਼ੇ ਦੀ ਦਲਦਲ ਵਿਚ ਫਸਿਆ ਹੋਇਆ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਰਾਜ ਸਰਕਾਰਾਂ ਕੋਲ ਵਸੀਲਿਆਂ ਦੀ ਘਾਟ ਹੈ, ਫਿਰ ਵੀ ਕਿਸਾਨ ਦੀਆਂ ਉਮੀਦਾਂ ਪੰਜਾਬ ਸਰਕਾਰ ਵੱਲ ਲੱਗੀਆਂ ਹੋਈਆਂ ਹਨ। ਇਕ ਤਰ੍ਹਾਂ ਨਾਲ ਪੰਜਾਬ ਵਿਚ ਸਰਕਾਰ ਵੀ ਕਿਸਾਨਾਂ ਦੀ ਹੀ ਹੈ ਅਤੇ ਪੰਜਾਬ ਦੀ ਆਰਥਿਕਤਾ ਦਾ ਧੁਰਾ ਵੀ ਕਿਸਾਨ ਹੀ ਹਨ। ਇਸ ਵਰ੍ਹੇ ਨੂੰ ਸਾਰਾ ਸੰਸਾਰ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਦੇ ਰੂਪ ਵਿਚ ਮਨਾ ਰਿਹਾ ਹੈ। ਗੁਰੂ ਸਾਹਿਬ ਨੇ ਕਿਰਤ ਤੇ ਕਿਰਤੀ ਦਾ ਸਤਿਕਾਰ ਕੀਤਾ। ਉਨ੍ਹਾਂ ਪਿਛਲੀ ਉਮਰੇ ਕਰਤਾਰਪੁਰ ਵਿਖੇ ਕੋਈ 18 ਸਾਲ ਹੱਥੀਂ ਖੇਤੀ ਕੀਤੀ। ਬਾਬਾ ਬੰਦਾ ਸਿੰਘ ਨੇ ਕਿਸਾਨਾਂ ਨੂੰ ਸਰਦਾਰੀਆਂ ਬਖ਼ਸ਼ੀਆਂ ਸਨ। ਪੰਜਾਬ ਵਿਚ ਮੌਜੂਦਾ ਸਰਕਾਰ ਦੀ ਜਿੱਤ ਦਾ ਵੀ ਮੁੱਖ ਕਾਰਨ ਕਿਸਾਨ ਪੱਖੀ ਐਲਾਨ ਹੀ ਸਨ। ਆਪਣੇ ਵਾਅਦੇ ਅਨੁਸਾਰ ਪੰਜਾਬ ਸਰਕਾਰ ਨੇ ਕਿਸਾਨ ਕਰਜ਼ਾ ਮੁਆਫੀ ਪ੍ਰੋਗਰਾਮ ਸ਼ੁਰੂ ਕੀਤਾ ਹੈ ਪਰ ਅਜੇ ਬਹੁਤ ਕੁਝ ਕਰਨਾ ਬਾਕੀ ਹੈ।

ਖੇਤੀ ਸਭ ਤੋਂ ਵੱਧ ਖਤਰਿਆਂ ਵਾਲਾ ਧੰਦਾ ਹੈ। ਕੁਦਰਤ ਦੀ ਮਾਰ ਕਦੇ ਵੀ ਪੈ ਸਕਦੀ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਅਜਿਹੀਆਂ ਸਕੀਮਾਂ ਬਣਾਈਆਂ ਜਾਣ ਜਿਨ੍ਹਾਂ ਰਾਹੀਂ ਕਿਸਾਨ ਦੇ ਖਤਰਿਆਂ ਸਮੇਂ ਉਸ ਦੀ ਬਾਂਹ ਫੜੀ ਜਾ ਸਕੇ। ਫ਼ਸਲ ਦੀ ਖਰਾਬੀ ਸਮੇਂ ਕਿਸਾਨ ਦੀ ਸਹਾਇਤਾ ਲਈ ਪੰਜਾਬ ਸਰਕਾਰ ਨੂੰ ਆਪਣੀ ਬੀਮਾ ਯੋਜਨਾ ਸ਼ੁਰੂ ਕਰਨੀ ਚਾਹੀਦੀ ਹੈ। ਕੇਂਦਰ ਸਰਕਾਰ ਦੀ ਯੋਜਨਾ ਨੂੰ ਪੰਜਾਬ ਪਹਿਲਾਂ ਹੀ ਨਕਾਰ ਚੁੱਕਾ ਹੈ। ਇਹ ਫ਼ੈਸਲਾ ਠੀਕ ਹੀ ਸੀ ਕਿਉਂਕਿ ਪ੍ਰਾਪਤ ਅੰਕੜੇ ਦੱਸਦੇ ਹਨ ਕਿ ਇਸ ਯੋਜਨਾ ਦਾ ਕਿਸਾਨਾਂ ਨੂੰ ਕੋਈ ਖਾਸ ਲਾਭ ਨਹੀਂ ਹੋਇਆ ਪਰ ਕੰਪਨੀਆਂ ਨੇ ਚੋਖੀ ਕਮਾਈ ਕਰ ਲਈ ਹੈ।

ਜੇ ਕਿਸੇ ਤਰ੍ਹਾਂ ਕਿਸਾਨ ਦੀ ਫਸਲ ਸਿਰੇ ਚੜ੍ਹ ਜਾਵੇ ਤਾਂ ਉਸ ਨੂੰ ਦੂਜੀ ਮਾਰ ਮੰਡੀ ਦੀ ਪੈਂਦੀ ਹੈ। ਪੰਜਾਬ ਦਾ ਕਿਸਾਨ ਕਣਕ ਝੋਨਾ ਬੀਜਣ ਲਈ ਇਸੇ ਕਰਕੇ ਮਜਬੂਰ ਹੈ ਕਿਉਂਕਿ ਸਰਕਾਰ ਵਲੋਂ ਇਨ੍ਹਾਂ ਨੂੰ ਖਰੀਦਣਾ ਯਕੀਨੀ ਬਣਾਇਆ ਗਿਆ ਹੈ ਪਰ ਇਹ ਵੀ ਸੱਚ ਹੈ ਕਿ ਕੇਂਦਰ ਸਰਕਾਰ ਹੌਲੀ ਹੌਲੀ ਖਰੀਦ ਪ੍ਰਣਾਲੀ ਵਿਚੋਂ ਆਪਣਾ ਹੱਥ ਖਿੱਚਣ ਦਾ ਯਤਨ ਕਰ ਰਹੀ ਹੈ। ਜੇ ਅਜਿਹਾ ਹੋ ਜਾਂਦਾ ਹੈ ਤਾਂ ਕਿਸਾਨ ਦੀ ਕਣਕ ਅਤੇ ਝੋਨਾ ਵੀ ਮੰਡੀ ਵਿਚ ਰੁਲੇਗਾ ਤੇ ਇਹ ਮਾਰ ਅਜਿਹੀ ਹੋਵੇਗੀ ਕਿ ਪੰਜਾਬ ਦੀ ਕਿਰਸਾਨੀ ਦਾ ਲੱਕ ਹੀ ਟੁੱਟ ਜਾਵੇਗਾ। ਇਸ ਲਈ ਪੰਜਾਬ ਸਰਕਾਰ ਕੋਈ ਅਜਿਹਾ ਪ੍ਰੋਗਰਾਮ ਉਲੀਕੇ ਜਿਸ ਨਾਲ ਕਿਸਾਨ ਕਣਕ-ਝੋਨੇ ਦੀ ਥਾਂ ਕੁਝ ਰਕਬੇ ਵਿਚ ਦੂਜੀਆਂ ਫਸਲਾਂ ਵਲ ਮੋੜਾ ਪਾ ਸਕਣ। ਪੰਜਾਬ ਦੀ ਤਕਰੀਬਨ ਸਾਰੀ ਧਰਤੀ ਸੇਂਜੂ ਹੈ ਤੇ ਇਥੇ ਸਾਰੇ, ਛੇ ਦੇ ਛੇ ਮੌਸਮ ਆਉਂਦੇ ਹਨ। ਸੋ, ਪਸ਼ੂ ਪਾਲਣ ਅਤੇ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਪੰਜਾਬ ਖੁੰਬਾਂ ਅਤੇ ਸ਼ਹਿਦ ਦੀ ਉਪਜ ਵਿਚ ਭਾਵੇਂ ਦੇਸ਼ ਵਿਚ ਸਭ ਤੋਂ ਅੱਗੇ ਹੈ ਪਰ ਇਸ ਵਿਚ ਹੋਰ ਵਾਧਾ ਕੀਤਾ ਜਾ ਸਕਦਾ ਹੈ। ਅਜਿਹਾ ਉਦੋਂ ਹੀ ਹੋ ਸਕਦਾ ਹੈ ਜਦੋਂ ਮੰਡੀ ਦੀ ਮਾਰ ਤੋਂ ਬਚਾਇਆ ਜਾ ਸਕੇ। ਹੁਣ ਜੇ ਸਬਜ਼ੀਆਂ ਦੀ ਵਧ ਪੈਦਾਵਾਰ ਹੁੰਦੀ ਹੈ ਤਾਂ ਮੰਡੀ ਵਿਚ ਮੁੱਲ ਹੇਠਾਂ ਡਿੱਗ ਪੈਂਦਾ ਹੈ। ਮੱਕੀ, ਗੰਨਾ ਸੂਰਜਮੁਖੀ ਆਦਿ ਦਾ ਵੀ ਇਹੋ ਹਾਲ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਆਪਣੀ ਪਧਰ ਉੱਤੇ ਸਬਜ਼ੀਆਂ ਅਤੇ ਜਿਣਸਾਂ ਦੇ ਭਾਅ ਮਿਥੇ। ਇਸ ਕੰਮ ਦੀ ਜ਼ਿੰਮੇਵਾਰੀ ਪੰਜਾਬ ਰਾਜ ਕਿਸਾਨ ਕਮਿਸ਼ਨ ਨੂੰ ਵੀ ਦਿੱਤੀ ਜਾ ਸਕਦੀ ਹੈ। ਪੰਜਾਬ ਮੰਡੀ ਬੋਰਡ ਦੀ ਜ਼ਿਮੇਵਾਰੀ ਹੋਵੇ ਕਿ ਇਹ ਮੰਡੀ ਉਤੇ ਕਾਬੂ ਰੱਖੇ ਅਤੇ ਮਿੱਥੀ ਘੱਟੋ-ਘੱਟ ਕੀਮਤ ਤੋਂ ਹੇਠਾਂ ਹੋ ਰਹੀ ਵਿਕਰੀ ਰੋਕੀ ਜਾਵੇ। ਲੋੜ ਪਵੇ ਤਾਂ ਸਰਕਾਰ ਕਿਸਾਨ ਦੀ ਮਾਇਕ ਸਹਾਇਤਾ ਵੀ ਕਰੇ। ਆਪਣੀ ਮੰਡੀ ਸਕੀਮ ਕਿਸਾਨਾਂ ਦੇ ਭਲੇ ਲਈ ਹੀ ਚਲਾਈ ਗਈ ਸੀ। ਹੁਣ ਉਸ ਵਿਚ ਕਿਸਾਨ ਨਹੀਂ ਆਉਂਦੇ ਸਗੋਂ ਵਪਾਰੀ ਹੀ ਲੁੱਟ ਮਚਾਉਂਦੇ ਹਨ। ਆਪਣੀ ਮੰਡੀ ਵਿਚ ਫਲਾਂ ਤੇ ਸਬਜ਼ੀਆਂ ਦੀਆਂ ਕੀਮਤਾਂ ਮੰਡੀ ਬੋਰਡ ਮਿਥਦਾ ਹੈ। ਇਸ ਵਿਚ ਕਿਸੇ ਵੀ ਦੁਕਾਨਦਾਰ ਨੂੰ ਰੇਹੜੀ ਲਗਾਉਣ ਦੀ ਆਗਿਆ ਨਹੀਂ ਹੋਣੀ ਚਾਹੀਦੀ। ਇਸ ਨੂੰ ਨਿਰੋਲ ਕਿਸਾਨ ਮੰਡੀ ਬਣਾਇਆ ਜਾਵੇ ਜਿਥੇ ਉਹ ਦਾਲਾਂ, ਗੁੜ, ਸ਼ੱਕਰ ਤੇ ਹੋਰ ਉਪਜ ਵੀ ਵੇਚ ਸਕੇ। ਪੰਜਾਬ ਦੇ ਪਿੰਡਾਂ ਵਿਚ ਵਧੀਆ ਸਹਿਕਾਰੀ ਢਾਂਚਾ ਹੈ। ਪਿੰਡਾਂ ਵਿਚ ਸਹਿਕਾਰੀ ਸੁਸਾਇਟੀਆਂ ਕੋਲ ਆਪਣ- ਿਆਂ ਇਮਾਰਤਾਂ ਹਨ। ਉਹ ਕਿਸਾਨਾਂ ਨੂੰ ਕਰਜ਼ੇ ਉਤੇ ਖਾਦ ਦਿੰਦੀਆਂ ਅਤੇ ਹੋਰ ਲੋੜਾਂ ਪੂਰੀਆਂ ਕਰਦੀਆਂ ਹਨ। ਇਹ ਬੈਂਕ ਦਾ ਕੰਮ ਵੀ ਕਰਦੀਆਂ ਹਨ। ਹੁਣ ਖੇਤੀ ਮਸ਼ੀਨਾਂ ਵੀ ਭਾੜੇ ਉਤੇ ਦਿੱਤੀਆਂ ਜਾਣ ਲੱਗ ਪਈਆਂ ਹਨ। ਕੁਝ ਚੋਣਵੀਆਂ ਸਭਾਵਾਂ ਵਿਚ ਖਰੀਦ ਕੇਂਦਰ ਖੋਲ੍ਹੇ ਜਾਣ ਜਿਹੜੇ ਆਪਣੇ ਪਿੰਡ ਦੀ ਉਪਜ ਖਰੀਦ ਕੇ ਆਪਣੀ ਮੰਡੀ ਰਾਹੀਂ ਵੇਚਣ। ਅਜਿਹਾ ਕੀ- ਤਿਆਂ ਕਿਸਾਨ ਦੀ ਉਪਜ ਮੰਡੀ ਵਿਚ ਨਹੀਂ ਰੁਲੇਗੀ ਸਗੋਂ ਪਿੰਡ ਵਿਚ ਹੀ ਉਪਜ ਵਿਕ ਜਾਵੇਗੀ। ਆਲੂ ਉਤਪਾਦਕਾਂ ਨੂੰ ਰਾਹਤ ਦੇਣ ਲਈ ਸਰਕਾਰ ਵਲੋਂ ਸਕੂਲਾਂ ਨੂੰ ਆਲੂ ਖਰੀਦਣ ਲਈ ਆਖਿਆ ਗਿਆ ਸੀ। ਇਹ ਸ਼ਲਾਘਾਯੋਗ ਫ਼ੈਸਲਾ ਹੈ। ਸਕੂਲ ਨੂੰ ਪਿੰਡ ਵਿਚ ਹੀ ਸਸਤੇ ਭਾਅ ਆਲੂ ਮਿਲ ਜਾਣਗੇ ਤੇ ਕਿਸਾਨ ਵੀ ਮੰਡੀ ਵਿਚ ਰੁਲਣ ਤੋਂ ਬਚ ਸਕੇਗਾ। ਗਰੀਬਾਂ ਨੂੰ ਆਟਾ ਦਾਲ ਦੇਣ ਦੀ ਥਾਂ ਆਲੂ ਤੇ ਪਿਆਜ ਵੀ ਦਿੱਤੇ ਜਾ ਸਕਦੇ ਹਨ। ਜੇ ਕੋਸ਼ਿਸ਼ ਕੀਤੀ ਜਾਵੇ ਤਾਂ ਰਾਜ ਸਰਕਾਰ ਅਜਿਹੇ ਕਈ ਵਸੀਲੇ ਲਭ ਸਕਦੀ ਹੈ ਜਿਸ ਨਾਲ ਕਿਸਾਨ ਦੀ ਉਪਜ ਨੂੰ ਰੁਲਣ ਤੋਂ ਬਚਾਇਆ ਜਾ ਸਕਦਾ ਹੈ ਅਤੇ ਉਸ ਦੀ ਆਮਦਨ ਵਿਚ ਵੀ ਵਾਧਾ ਹੋਵੇਗਾ। ਮਾਰਕਫੈਡ ਅਤੇ ਮਿਲਕਫੈਡ ਇਸ ਪਾਸੇ ਸ਼ਲਾਘਾਯੋਗ ਕੰਮ ਕਰ ਰਹੇ ਹਨ। ਇਸੇ ਤਰ੍ਹਾਂ ਦੂਜੇ

(ਬਾਕੀ ਸਫਾ 22 'ਤੇ)

New Introducing
Chaat Corner
Raja
King of Sweets Now Presents
Come and Enjoy Mouth Watering Chaat All Day




ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ

- BHEL PAPDI CHAAT
- FALUDA KULFI
- GOL GAPPE (PANI PURI)
- KHASTA KACHORI

RAJA SWEETS & INDIAN CUISINE
31583 Alvarado Blvd. Union City, CA 94587
Phone : (510) 489-9100



MOON indian cuisine
Moon Indian Cuisine
510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

Fish Pakora
ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ
ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ
ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।



Paul 510-978-7170

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net



TEC Equipment
Your Best Business Partner
OAKLAND

ਨਵੇਂ ਅਤੇ ਪੁਰਾਣੇ ਟਰੱਕ ਖਰੀਦਣ ਲਈ ਅੱਜ ਹੀ ਮਿਲੋ, ਅਸੀਂ ਟਰੱਕਾਂ ਲਈ ਫਾਈਨਾਂਸ ਵੀ ਕਰਵਾ ਦਿੰਦੇ ਹਾਂ

THE WEST'S LEADING FULL-SERVICE TRUCK AND TRAILER DEALERSHIP

SALES & LEASING • PARTS & SERVICE • FINANCE & INSURANCE



HARJINDER SINGH BAL
NEW TRUCK SALES
Direct 510-577-5509 | Cell 510-613-3573
hsingh@tecequipment.com

VOLVO MACK

TECEQUIPMENT.COM

8099 S COLISEUM WAY, OAKLAND, CA 94621



Cosmetic & Family Dentistry

UPPAL DENTAL CARE

50 % Discount for Cash Patients

INVISALIGN
Start from $ 2850 Off

Call for Details
Straighten Teeth
Without Wires

FREE TEETH WHITENING WITH PAID EXAM, X-RAY & CLEANING YOUR INSURANCE USUALLY COVER THESE SERVICES



Charanjit S Uppal
D.D.S.

Laser Treatment
Lumineers/Veneers
Dentures & Partials
Root Canals
Bad Breath
Cosmetic Dentistry
Crowns & Bridges
Tooth Extraction
Gum Treatment

Not Valid with any other offer

Strictly Maintained
Sterilization Standards
Most Insurance
Plans Accepted

ਸਫਾਈ ਤੇ ਐਕਸ-ਰੇ, ਇੰਸ਼ੋਰੈਂਸ ਵੱਲੋਂ ਹੀ ਭੁਗਤਾਨ ਹੋ ਜਾਵੇਗਾ।

1191 W Tennyson Rd. # 4,
Hayward. (CA) 94544
510-786-1780

1750 CLEAR LAKE AVE
Milpitas, CA 95035
408-942-4400

www.uppaldental.com



Preet Fabrics & Appliance

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ, ਫੈਸ਼ਨ ਦਾ ਹੋਰ ਸਾਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਾਮਾਨ ਵੀ ਮਿਲਦਾ ਹੈ।

YOUR ONE-STOP CENTER FOR BOTH FABRICS & APPLIANCES

5156 mowry AVE. Fremont, CA 94538

TEL: 510-797-7111 FAX : 510-739-6350

(For More Info. Call Onkar)

APPLIANCES

WE CARRY ALL MAJOR BRANDS!!

SONY, SANY, JVC, PANASONIC, LUGGAGE CROSS, PARKER PENS, OSTER BLENDERS



- Tvs, VCRs, DVD
- Tape Recorders
- Camcorders
- DVD Players
- Cordless Phones
- Watches (Seiko, Citizen & Swistar)
- Shavers & Trimmers
- Cellular Phones
- Medical Equipment
- Calling Cards

ਫਰੀ ਡਿਲੀਵਰੀ

Haller's PHARMACY

Since 1957

* Free Delivery * Open 7 days a week

* $5 credit on over-the-counter products for newly transferred patients

* ਅਸੀਂ ਫਰੀਮਾਂਟ, ਯੂਨੀਅਨ ਸਿਟੀ ਤੇ ਨਿਊਆਰਕ ਸ਼ਹਿਰਾਂ 'ਚ ਦਵਾਈਆਂ ਘਰੋ-ਘਰੀ ਵੀ ਪਹੁੰਚਾ ਸਕਦੇ ਹਾਂ।
* ਕਿਸੇ ਹੋਰ ਫਾਰਮੇਸੀ ਦੀ ਬਜਾਏ ਸਾਡੇ ਕੋਲ ਦਵਾਈਆਂ ਦੀ ਪਰਚੀ ਲਿਆਉਣ ਲਈ ਤੁਸੀਂ ਸਿਰਫ ਸਾਨੂੰ ਫੋਨ ਕਰੋ, ਅਸੀਂਆਪ ਹੀ ਤੁਹਾਡਾ ਖਾਤਾ ਇੱਥੇ ਲੈ ਆਵਾਂਗੇ।
* ਦਵਾਈਆਂ ਨਕਦ ਲੈਣ ਸਮੇਂ ਦੂਸਰੀਆਂ ਫਾਰਮੇਸੀਆਂ, ਜਿੰਨਾ ਹੀ ਰੇਟ ਅਸੀਂ ਵੀ ਮੈਚ ਕਰਾਂਗੇ।

ਇਕ ਵਾਰ ਮੌਕਾ ਜ਼ਰੂਰ ਦਿਓ, ਤੁਹਾਡੇ ਪੰਜਾਬੀ ਦੀ ਆਪਣੀ ਫਾਰਮੇਸੀ

ਹੋਰ ਜਾਣਕਾਰੀ ਲਈ ਸੰਪਰਕ ਕਰੋ: (510) 797-2772

37323 Fremont Blvd, Fremont, CA 94536




Quick Lube & Smog

We rent U-HAUL

OIL CHANGE & SMOG CHECK STATION

SUKHWINDER BHELLA

gogibhella@gmail.com

691 W. Tennyson Rd
Hayward, CA 94544

PH 510-757-6775
FAX 510-292-0330

# ਟਰੰਪ ਦੇ ਅਫ਼ਗਾਨਿਸਤਾਨ ਤੋਂ ਨਿਕਲਣ ਨਾਲ ਬੇਯਕੀਨੀ ਪੈਦਾ ਹੋਵੇਗੀ



ਜੀ. ਪਾਰਥਾਸਾਰਥੀ

ਇਸ ਵਕਤ ਦੇਸ਼ ਦਾ ਸਾਰਾ ਧਿਆਨ ਅਗਾਮੀ ਲੋਕ ਸਭਾ ਚੋਣਾਂ 'ਤੇ ਲੱਗਾ ਹੋਇਆ ਹੈ। ਇਸ ਦੇ ਨਾਲ ਹੀ ਪੁਲਵਾਮਾ ਹਮਲੇ ਦਾ ਜ਼ੋਰਦਾਰ ਜਵਾਬ ਦੇਣ ਦਾ ਕੌਮੀ ਪੱਧਰ 'ਤੇ ਪੱਕਾ ਇਰਾਦਾ ਜੁੜਿਆ ਹੈ। ਇਸ ਦੇ ਨਾਲ ਹੀ ਵਿਦੇਸ਼ ਨੀਤੀ ਦੇ ਇਕ ਹੋਰ ਮਾਮਲੇ 'ਤੇ ਲਗਾਤਾਰ ਤਿੱਖੀ ਨਜ਼ਰ ਰੱਖਣੀ ਜ਼ਰੂਰੀ ਹੈ। ਇਹ ਹੈ ਅਫ਼ਗਾਨਿਸਤਾਨ ਤੋਂ ਅਮਰੀਕੀ ਫ਼ੌਜਾਂ ਦੀ ਵਾਪਸੀ ਦਾ ਮਾਮਲਾ। ਅਮਰੀਕਾ ਦਾ ਇੰਜ ਅਫ਼ਗਾਨਿਸਤਾਨ ਤੋਂ ਭੱਜਣਾ ਯਕੀਨਨ ਅਫ਼ਗਾਨਿਸਤਾਨ ਉਤੇ ਤਾਲਿਬਾਨ ਦੇ ਵਧੇਰੇ ਗਲਬੇ ਦਾ ਕਾਰਨ ਬਣੇਗਾ, ਖ਼ਾਸਕਰ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਪਖ਼ਤੂਨਾਂ ਦੀ ਭਾਰੀ ਬਹੁਗਿਣਤੀ ਵਾਲੇ ਇਲਾਕੇ ਵਿਚ। ਪਾਕਿਸਤਾਨੀ ਦਹਿਸ਼ਤੀ ਗਰੁੱਪ ਜਿਵੇਂ ਹਰਕਤ-ਉਲ-ਮੁਜਾਹਦੀਨ (ਜਿਸ ਦਾ ਨਾਂ ਬਾਅਦ ਵਿਚ ਜੈਸ਼-ਏ-ਮੁਹੰਮਦ ਕਰ ਦਿੱਤਾ ਗਿਆ) ਨੇ ਉਦੋਂ ਦੱਖਣੀ ਅਫ਼ਗਾਨਿਸਤਾਨ ਵਿਚ ਆਪਣੇ ਟਰੇਨਿੰਗ ਕੈਂਪ ਬਣਾਏ ਹੋਏ ਸਨ, ਜਦੋਂ ਨਵੰਬਰ 2001 ਤੱਕ ਅਫ਼ਗਾਨਿਸਤਾਨ ਉਤੇ ਆਈਐੱਸਆਈ ਦੀ ਸ਼ਹਿ ਪ੍ਰਾਪਤ ਤਾਲਿਬਾਨ ਦੀ ਹਕੂਮਤ ਸੀ। ਭਾਰਤੀ ਜੇਲ੍ਹਾਂ ਤੋਂ ਮੌਲਾਨਾ ਮਸੂਦ ਅਜ਼ਹਰ ਸਣੇ ਤਿੰਨ ਦਹਿਸ਼ਤਗਰਦਾਂ ਨੂੰ ਰਿਹਾਅ ਕਰਾਉਣ ਲਈ 1999 ਵਿਚ ਏਅਰ ਇੰਡੀਆ ਦਾ ਜਹਾਜ਼ ਅਗਵਾ ਕੀਤੇ ਜਾਣ ਸਮੇਂ ਤਾਲਿਬਾਨ ਲੀਡਰਸ਼ਿਪ ਦੀ ਆਈਐੱਸਆਈ ਨਾਲ ਪੂਰੀ ਗੰਢਤੁੱਪ ਸੀ।

ਅਫ਼ਗਾਨਿਸਤਾਨ ਤੋਂ ਅਮਰੀਕਾ ਦੀ ਤਜਵੀਜ਼ਸ਼ੁਦਾ ਵਾਪਸੀ ਨੂੰ ਅਮਰੀਕਾ ਦੇ ਵਿਦੇਸ਼ ਵਿਚ ਇਕ ਹੋਰ ਫ਼ੌਜੀ ਪੰਗੇ ਦੀ ਨਾਕਾਮੀ ਵਜੋਂ ਦੇਖਿਆ ਜਾਵੇਗਾ। ਅਤੀਤ ਦੇ ਅਜਿਹੇ ਹੋਰ ਗੰਭੀਰ ਪੰਗਿਆਂ ਵਿਚ ਵੀਅਤਨਾਮ, ਲਿਬਨਾਨ, ਸੋਮਾਲੀਆ ਅਤੇ ਇਰਾਕ ਵਿਚਲੀਆਂ ਅਮਰੀਕਾ ਦੀਆਂ ਸਿਆਸੀ-ਫ਼ੌਜੀ ਹਾਰਾਂ ਸ਼ਾਮਲ ਹਨ। ਅਫ਼ਗਾਨਿਸਤਾਨ ਵਿਚ 17 ਸਾਲ ਦੀ ਲੜਾਈ ਤੋਂ ਬਾਅਦ, ਅਮਰੀਕਾ ਦੀ ਸ਼ਹਿ ਪ੍ਰਾਪਤ ਸਰਕਾਰ ਦਾ ਮਹਿਜ਼ ਅੱਧੇ ਤੋਂ ਰਤਾ ਕੁ ਵੱਧ ਅਫ਼ਗਾਨਿਸਤਾਨ 'ਤੇ ਕਬਜ਼ਾ ਹੈ, ਜਦੋਂਕਿ ਬਾਕੀ ਹਿੱਸਾ ਤਾਲਿਬਾਨ ਦੇ ਕੰਟਰੋਲ ਹੇਠ ਹੈ। ਮੁਲਕ ਵਿਚ ਰੋਜ਼ਾਨਾ ਅਮੂਮਨ 40 ਸੁਰੱਖਿਆ ਮੁਲਾਜ਼ਮ ਮਾਰੇ ਜਾਂਦੇ ਹਨ, ਜਦੋਂਕਿ 2018 ਦੌਰਾਨ ਦਸ ਹਜ਼ਾਰ ਤੋਂ ਵੱਧ ਆਮ ਸ਼ਹਿਰੀਆਂ ਦੀ ਜਾਨ ਗਈ। ਤਾਲਿਬਾਨ ਨੇ ਅਹਿਮ ਸ਼ਹਿਰੀ ਕੇਂਦਰਾਂ ਉਤੇ ਹਮਲੇ ਕੀਤੇ ਹਨ ਜਿਨ੍ਹਾਂ ਵਿਚ ਸੂਬਾਈ ਰਾਜਧਾਨੀਆਂ ਵੀ ਸ਼ਾਮਲ ਹਨ। ਇਨ੍ਹਾਂ ਹਾਲਾਤ ਵਿਚ ਕਾਬੁਲ ਵਿਚਲੀ ਅਸ਼ਰਫ਼ ਗ਼ਨੀ ਦੀ ਅਗਵਾਈ ਵਾਲੀ ਸਰਕਾਰ ਨੂੰ ਟਰੰਪ ਪ੍ਰਸ਼ਾਸਨ ਵੱਲੋਂ ਧੋਖਾ ਦਿੱਤੇ ਜਾਣ ਦਾ ਡਰ ਸਤਾ ਰਿਹਾ ਹੈ ਜਿਸ ਦੇ ਅਮਰੀਕਾ ਵੱਲੋਂ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਦੀਆਂ ਆਗਾਮੀ ਚੋਣਾਂ ਟਾਲੇ ਜਾਣ ਲਈ ਜ਼ੋਰ ਪਾਉਣ ਕਾਰਨ ਗੰਭੀਰ ਮਤਭੇਦ ਪੈਦਾ ਹੋ ਗਏ ਹਨ।

ਰਾਸ਼ਟਰਪਤੀ ਡੋਨਲਡ ਟਰੰਪ ਜਿਥੇ ਕਿਸੇ ਵੀ ਪ੍ਰਮੁੱਖ ਆਲਮੀ ਰਾਜਧਾਨੀ ਵਿਚ ਮਕਬੂਲ ਨਹੀਂ, ਉਥੇ ਕਿਸੇ ਵੀ ਵਿਦੇਸ਼ੀ ਫ਼ੌਜੀ ਕਾਰਵਾਈ ਵਿਚ ਸ਼ਮੂਲੀਅਤ ਤੋਂ ਬਚਣ ਅਤੇ ਅਫ਼ਗਾਨਿਸਤਾਨ ਤੋਂ ਲਾਂਭੇ ਹਟਣ ਦੀ ਉਸ ਦੀ ਖ਼ਾਹਿਸ਼ ਨੂੰ ਉਸ ਦੇ ਆਪਣੇ ਮੁਲਕ ਵਿਚ ਭਾਰੀ ਹਮਾਇਤ ਹਾਸਲ ਹੈ। ਅਮਰੀਕੀ ਫ਼ੌਜਾਂ ਦੀ ਛੇਤੀ ਤੋਂ ਛੇਤੀ ਵਾਪਸੀ ਯਕੀਨੀ ਬਣਾਉਣ ਲਈ ਜਿਸ ਕਾਹਲ ਨਾਲ ਟਰੰਪ ਦੇ ਮੁੱਖ ਵਾਰਤਾਕਾਰ ਜ਼ਾਲਮੇ ਖ਼ਲੀਲਜ਼ਾਦ ਵੱਲੋਂ ਤਾਲਿਬਾਨ ਨਾਲ ਗੱਲਬਾਤ ਅੱਗੇ ਵਧਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਹ ਜ਼ਾਹਿਰ ਹੀ ਹੈ। ਖਾੜੀ ਅਰਬ ਮੁਲਕਾਂ, ਖ਼ਾਸਕਰ ਸੰਯੁਕਤ ਅਰਬ ਅਮੀਰਾਤ (ਯੂਏਈ), ਸਾਊਦੀ ਅਰਬ ਅਤੇ ਉਨ੍ਹਾਂ ਦੇ ਵਿਰੋਧੀ ਕਤਰ ਵੱਲੋਂ ਅਮਰੀਕਾ ਦੇ ਅਫ਼ਗਾਨਿਸਤਾਨ ਵਿਚੋਂ ਬਾਇੱਜ਼ਤ ਨਿਕਲ ਜਾਣ ਲਈ ਮਦਦ ਕੀਤੀ ਜਾ ਰਹੀ ਹੈ। ਇਨ੍ਹਾਂ ਅਰਬ ਮੁਲਕਾਂ ਵੱਲੋਂ ਪਾਕਿਸਤਾਨ ਨੂੰ ਅਮਰੀਕੀ ਵਾਪਸੀ ਦੀਆਂ ਕੋਸ਼ਿਸ਼ਾਂ ਦੀ ਹਮਾਇਤ ਲਈ ਲਲਚਾਇਆ ਜਾ ਰਿਹਾ ਹੈ। ਪਾਕਿਸਤਾਨ ਦੇ ਵਿਦੇਸ਼ੀ ਮੁਦਰਾ ਭੰਡਾਰ 6 ਅਰਬ ਡਾਲਰ ਦੀ ਨਵੀਂ ਨੀਵਾਣ 'ਤੇ ਚਲੇ ਜਾਣ ਦੇ ਮੱਦੇਨਜ਼ਰ ਯੂਏਈ ਤੇ ਸਾਊਦੀ ਅਰਬ ਵੱਲੋਂ ਪਾਕਿਸਤਾਨ ਨੂੰ ਆਪਣੇ ਅਰਥਚਾਰੇ ਨੂੰ ਚੱਲਦਾ ਰੱਖਣ ਲਈ 12 ਅਰਬ ਡਾਲਰ ਦੀ ਇਮਦਾਦ ਦਿੱਤੀ ਜਾ ਰਹੀ ਹੈ।

ਹੋ ਸਕਦਾ ਹੈ ਕਿ ਅਮਰੀਕਾ ਦੀ ਵਾਪਸੀ 'ਤੇ ਪਾਕਿਸਤਾਨ ਇਨ੍ਹਾਂ ਸੰਭਾਵਨਾਵਾਂ ਕਾਰਨ ਉਤਸ਼ਾਹਿਤ ਹੋਵੇ ਕਿ ਇਸ ਤਰ੍ਹਾਂ ਅਫ਼ਗਾਨਿਸਤਾਨ ਦੀ ਸੱਤਾ ਮੁੜ ਤਾਲਿਬਾਨ ਹੱਥ ਆ ਜਾਵੇਗੀ ਪਰ ਹੁਣ ਇਸ ਦ੍ਰਿਸ਼ਾਵਲੀ ਵਿਚ ਕਈ ਅੜਿੱਕੇ ਹਨ। ਖ਼ਾਸਕਰ ਇਰਾਨੀ ਅਤੇ ਰੂਸੀ ਘਟਨਾਚੱਕਰ ਨੂੰ ਕੁਝ ਨਾ ਕੁਝ ਹੋਰ ਦਿਸ਼ਾ ਵਿਚ ਮੋੜਾ ਦੇਣ ਦੀ ਤਿਆਰੀ ਕਰੀ ਬੈਠੇ ਜਾਪਦੇ ਹਨ। ਅਜਿਹਾ ਆਖਿਆ ਜਾ ਰਿਹਾ ਹੈ ਕਿ ਇਰਾਨ ਨੇ ਤਾਲਿਬਾਨ ਨੂੰ ਇਸ ਗੱਲ ਲਈ ਮਨਾ ਲਿਆ ਕਿ ਉਹ ਅਮਰੀਕਾ ਦੇ ਰੁਖ਼ਸਤ ਹੋਣ ਤੋਂ ਬਾਅਦ ਇਰਾਨ-ਅਫ਼ਗਾਨ ਸਰਹੱਦ ਉਤੇ ਤਾਲਿਬਾਨ ਅਤੇ ਤਾਜਿਕ, ਉਜ਼ਬੇਕ, ਤੁਰਕਮੇਨ ਅਤੇ ਸ਼ੀਆ ਹਾਜ਼ਰਾ ਗਰੁੱਪਾਂ ਦਰਮਿਆਨ ਅਮਨ ਬਹਾਲੀ ਵਿਚ ਅਹਿਮ ਕਿਰਦਾਰ ਨਿਭਾ ਸਕਦਾ ਹੈ। ਆਪਣੀ ਪਿਛਲੀ ਹਕੂਮਤ ਦੌਰਾਨ ਤਾਲਿਬਾਨ ਦੀ ਇਨ੍ਹਾਂ ਗਰੁੱਪਾਂ ਜਿਨ੍ਹਾਂ ਨੂੰ 'ਨਾਰਦਰਨ ਅਲਾਇੰਸ' (ਉਤਰੀ ਗੱਠਜੋੜ) ਆਖਿਆ ਜਾਂਦਾ ਹੈ, ਨਾਲ ਜੰਗ ਚੱਲਦੀ ਰਹੀ ਸੀ। ਅਫ਼ਗਾਨਿਸਤਾਨ 'ਚ ਅਮਨ ਲਈ ਮਾਸਕੋ ਵਿਚ ਹੋਈ ਹਾਲੀਆ ਕਾਨਫ਼ਰੰਸ ਵਿਚ ਤਾਲਿਬਾਨ ਲੀਡਰਸ਼ਿਪ ਤੋਂ ਇਲਾਵਾ ਮੋਹਰੀ ਅਫ਼ਗਾਨ ਆਗੂਆਂ ਹਾਮਿਦ ਕਰਜ਼ਈ (ਜੋ ਅਮਰੀਕਾ ਨਾਲ ਬਹੁਤੀ ਦੋਸਤੀ ਨਹੀਂ ਰੱਖਦਾ), ਹਨੀਫ਼ ਅਤਮਾਰ (ਜਿਸ ਨੇ ਅਫ਼ਗਾਨ ਰਾਸ਼ਟਰਪਤੀ ਦੀ ਆਗਾਮੀ ਚੋਣ ਲੜਨੀ ਹੈ) ਅਤੇ ਦਬੰਗ ਤਾਜਿਕ ਆਗੂ ਅਤਾ ਮੁਹੰਮਦ ਨੂਰ ਨੇ ਵੀ ਸ਼ਿਰਕਤ ਕੀਤੀ ਸੀ। ਇਹੀ ਨਹੀਂ, ਜਿਸ ਮੁੱਲਾ ਬਰਾਦਰ ਨੂੰ ਪਾਕਿਸਤਾਨ ਨੇ ਸਾਲਾਂ ਬੱਧੀ ਜੇਲ੍ਹ ਵਿਚ ਡੱਕੀ ਰੱਖਿਆ, ਉਹ ਅੱਜ ਤਾਲਿਬਾਨ ਵਿਚ ਮੋਹਰੀ ਰੋਲ ਵਿਚ ਹੈ। ਇਸ ਕਾਰਨ ਪਾਕਿਸਤਾਨ ਹੁਣ ਹਕੀਕੀ ਤੌਰ 'ਤੇ ਇਹ ਉਮੀਦ ਨਹੀਂ ਕਰ ਸਕਦਾ ਕਿ ਤਾਲਿਬਾਨ ਦੀ ਸ਼ਹਿ ਵਾਲੀ ਸਰਕਾਰ ਚੁੱਪ-ਚਾਪ ਰਾਵਲਪਿੰਡੀ ਅਤੇ ਇਸਲਾਮਾਬਾਦ ਤੋਂ ਮਿਲਣ ਵਾਲੀਆਂ ਹਦਾਇਤਾਂ ਮੰਨਦੀ ਰਹੇਗੀ।




ਰੂਸੀ ਅਤੇ ਇਰਾਨੀ ਇਸ ਮੌਕੇ ਤਾਲਿਬਾਨ ਨੂੰ ਆਪਣੇ ਨਾਲ ਜੋੜਨ ਪੱਖੋਂ ਅਮਰੀਕੀਆਂ ਨੂੰ ਪਛਾੜਦੇ ਜਾਪ ਰਹੇ ਹਨ। ਅਫ਼ਗਾਨਿਸਤਾਨ 'ਚੋਂ ਫ਼ੌਜਾਂ ਕੱਢਣ ਦੇ ਰਾਸ਼ਟਰ-ਪਤੀ ਟਰੰਪ ਦੇ ਦ੍ਰਿੜ੍ਹ ਇਰਾਦੇ ਕਾਰਨ ਰੂਸੀਆਂ ਅਤੇ ਇਰਾਨੀਆਂ ਨੇ ਤਾਲਿਬਾਨ ਦੀ ਨਸਲੀ ਤੇ ਫ਼ਿਰਕੂ ਘੱਟਗਿਣਤੀਆਂ ਨਾਲ ਅਮਨ ਬਹਾਲੀ ਲਈ ਕਦਮ ਚੁੱਕੇ ਹਨ, ਜਿਸ ਨਾਲ ਅਮਰੀਕੀ ਵੀ ਅਫ਼ਗਾਨਿਸਤਾਨ 'ਚੋਂ ਬਾਇੱਜ਼ਤ (ਨੱਕ ਬਚਾ ਕੇ) ਨਿਕਲ ਸਕਣਗੇ। ਇਸ ਤਰ੍ਹਾਂ ਅਫ਼ਗਾਨਿਸਤਾਨ ਦੀ ਹਕੂਮਤ ਦਾ ਨਵਾਂ ਢਾਂਚਾ ਸਿਰਜਣ ਲਈ ਮੁਲਕ ਦੀ ਮੌਜੂਦਾ ਗ਼ਨੀ ਸਰਕਾਰ ਦੀ ਭੂਮਿਕਾ ਨੂੰ ਘਟਾਉਣ ਜਾਂ ਹਾਸ਼ੀਏ ਉੱਤੇ ਧੱਕਣ ਦੇ ਮਾਮਲਾ 'ਤੇ ਅਮਰੀਕਾ ਅਤੇ ਰੂਸ ਦੇ ਮੰਤਵਾਂ ਵਿਚ ਵਿਰੋਧਾਭਾਸੀ ਢੰਗ ਨਾਲ ਇਕਪੂਰਕਤਾ ਦਿਖਾਈ ਦਿੰਦੀ ਹੈ। ਇਨ੍ਹਾਂ ਹਾਲਾਤ ਵਿਚ ਇਸ ਦਿਸ਼ਾ 'ਚ ਕਦਮ ਚੁੱਕੇ ਜਾਣ ਦਾ ਸਿੱਟਾ ਤਾਲਿਬਾਨ ਵਿਚ ਫੁੱਟ ਵਜੋਂ ਵੀ ਨਿਕਲ ਸਕਦਾ ਹੈ, ਖ਼ਾਸਕਰ ਜੇ ਮੁੱਖ ਤੌਰ 'ਤੇ ਪਾਕਿਸਤਾਨ ਆਧਾਰਤ ਹੱਕਾਨੀ ਨੈਟਵਰਕ ਪਹਿਲਾਂ ਵਾਂਗ ਆਈਐੱਸਆਈ ਦਾ ਹੱਥਠੋਕਾ ਬਣਿਆ ਰਹਿੰਦਾ ਹੈ। ਇਸੇ ਤਰ੍ਹਾਂ ਤਾਲਿਬਾਨ ਨਾਲ ਗੱਲਬਾਤ ਦੇ ਅਮਲ ਤੋਂ ਗ਼ਨੀ ਸਰਕਾਰ ਦੇ ਨੁਮਾਇੰਦਿਆਂ ਨੂੰ ਲਾਂਭੇ ਰੱਖਣਾ, ਜਿਵੇਂ ਦੋਵਾਂ, ਅਮਰੀਕੀਆਂ ਤੇ ਰੂਸੀਆਂ ਨੇ ਕੀਤਾ ਹੈ, ਵੀ ਮੁਲਕ ਵਿਚ ਖ਼ਾਨਾਜੰਗੀ ਜਾਰੀ ਰਹਿਣ ਦਾ ਕਾਰਨ ਬਣੇਗਾ।

ਤਾਲਿਬਾਨ ਨੇ ਕਦੇ ਵੀ ਰਸਮੀ ਤੌਰ 'ਤੇ ਡਿਊਰੰਡ ਰੇਖਾ ਨੂੰ ਪਾਕਿਸਤਾਨ ਨਾਲ ਕੌਮਾਂਤਰੀ ਸਰਹੱਦ ਵਜੋਂ ਮਾਨਤਾ ਨਹੀਂ ਦਿੱਤੀ। ਪਾਕਿਸਤਾਨ ਦੀ ਅਫ਼ਗਾਨ ਸਰਹੱਦ ਨਾਲ ਇਸ ਹਾਲਾਤ ਨੂੰ ਉਥੇ ਪਖ਼ਤੂਨ ਰੋਹ ਅਤੇ ਉਪ-ਰਾਸ਼ਟਰਵਾਦ ਦੇ ਜ਼ੋਰਦਾਰ ਉਭਾਰ ਨੇ ਪੂਰੀ ਡਿਊਰੰਡ ਰੇਖਾ ਉਤੇ ਹੋਰ ਉਲ਼ਝਾ ਦਿੱਤਾ ਹੈ। ਬੇਗ਼ਾਨਗੀ ਦੀ ਇਹ ਭਾਵਨਾ ਪਾਕਿਸਤਾਨੀ ਫ਼ੌਜ ਵੱਲੋਂ ਮੁਲਕ ਦੇ ਅਫ਼ਗਾਨ ਸਰਹੱਦ ਨਾਲ ਲੱਗਦੇ ਕਬਾਇਲੀ ਇਲਾਕਿਆਂ ਵਿਚ ਚਲਾਏ ਦਮਨਕਾਰੀ ਅਪਰੇਸ਼ਨਾਂ ਖ਼ਾਸਕਰ ਜ਼ਰਬ-ਏ-ਅਜ਼ਬ ਤਹਿਤ ਚੱਲੇ ਅਪਰੇਸ਼ਨਾਂ ਨੇ ਪੈਦਾ ਕੀਤੀ ਹੈ। ਇਨ੍ਹਾਂ ਅਪਰੇਸ਼ਨਾਂ ਦੌਰਾਨ ਪਾਕਿਸਤਾਨੀ ਫ਼ੌਜ ਵੱਲੋਂ ਤੋਪਖ਼ਾਨੇ ਤੇ ਹਵਾਈ ਜਹਾਜ਼ਾਂ ਰਾਹੀਂ ਕੀਤੀ ਗੋਲਾਬਾਰੀ ਨੇ ਦਸ ਲੱਖ ਤੋਂ ਵੱਧ ਪਠਾਣਾਂ ਨੂੰ ਆਪਣੇ ਘਰਾਂ ਤੋਂ ਭੱਜਣ ਲਈ ਮਜਬੂਰ ਕਰ ਦਿੱਤਾ ਅਤੇ ਬੰਬਾਰੀ ਨੇ ਉਨ੍ਹਾਂ ਦੇ ਘਰਾਂ ਤੇ ਕਸਬਿਆਂ ਨੂੰ ਮਲੀਆਮੇਟ ਕਰ ਕੇ ਰੱਖ ਦਿੱਤਾ। ਪਖ਼ਤੂਨ ਰੋਹ ਇਨ੍ਹਾਂ ਕਬਾਇਲੀ ਇਲਾਕਿਆਂ ਵਿਚ ਸਿਖਰਾਂ 'ਤੇ ਹੈ। ਇਨ੍ਹਾਂ ਜਜ਼ਬਾਤ ਦਾ ਪਤਾ ਡਿਊਰੰਡ ਰੇਖਾ ਉਤੇ ਕਬਾਇਲੀ ਇਲਾਕਿਆਂ ਵਿਚ 'ਪਖ਼ਤੂਨ ਤਹੱਫ਼ੁਜ਼ ਮੂਵਮੈਂਟ' (ਪੀਟੀਐੱਮ) ਵਰਗੀਆਂ ਕੌਮਪ੍ਰਸਤ ਜਥੇਬੰਦੀਆਂ ਦੇ ਉਭਾਰ ਤੋਂ ਲੱਗਦਾ ਹੈ। ਪਾਕਿਸਤਾਨ ਲਈ ਹਾਲਾਤ ਹੋਰ ਉਲ਼ਝਾਉਂਦਿਆਂ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਜਿਸ ਨੂੰ ਕਿਸੇ ਵਕਤ ਆਈਐੱਸਆਈ ਦੀ ਸ਼ਹਿ ਹਾਸਲ ਸੀ, ਦੇ ਅੰਦਾਜ਼ਨ ਤਿੰਨ-ਚਾਰ ਹਜ਼ਾਰ ਮੈਂਬਰ ਇਸ ਵੇਲੇ ਅਫ਼ਗਾਨਿਸਤਾਨ ਭਰ ਵਿਚ ਫੈਲੇ ਹੋਏ ਹਨ। ਪਾਕਿਸਤਾਨੀ ਫ਼ੌਜ ਦੇ ਜ਼ੁਲਮਾਂ ਦਾ ਬਦਲਾ ਲੈਣ ਦੇ ਉਨ੍ਹਾਂ ਦੇ ਇਰਾਦੇ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਭਾਰਤ ਨੂੰ ਇਸ ਸਮੁੱਚੇ ਘਟਨਾਚੱਕਰ ਉਤੇ ਬੜੀ ਬਾਰੀਕੀ ਨਾਲ ਨਜ਼ਰ ਰੱਖਣੀ ਪਵੇਗੀ, ਹਾਲਾਂਕਿ ਭਾਰਤੀ ਲੀਡਰਸ਼ਿਪ ਦਾ ਧਿਆਨ ਇਸ ਵੇਲੇ ਆਗਾਮੀ ਆਮ ਚੋਣਾਂ ਵੱਲ ਲੱਗਾ ਹੋਇਆ ਹੈ। ਤਾਲਿਬਾਨ ਨੇ ਕੁਝ ਸੰਕੇਤ ਦਿੱਤੇ ਹਨ ਕਿ ਇਹ ਭਾਰਤ ਦੇ ਰੋਲ ਦੀ ਅਹਿਮੀਅਤ ਨੂੰ ਸਮਝਦਾ ਹੈ, ਖ਼ਾਸਕਰ ਚਾਬਹਾਰ ਬੰਦਰਗਾਹ ਦੀ ਉਸਾਰੀ ਅਤੇ ਅਫ਼ਗਾਨਿਸਤਾਨ ਨੂੰ ਆਰਥਿਕ ਸਹਿਯੋਗ ਪੱਖੋਂ। ਇਸ ਦੇ ਬਾਵਜੂਦ ਭਾਰਤ ਲਈ ਅਨੇਕਾਂ ਵੰਗਾਰਾਂ ਦਰਪੇਸ਼ ਹਨ ਜਿਨ੍ਹਾਂ ਵਿਚੋਂ ਤਾਲਿਬਾਨ ਦੇ ਮੁੜ ਮੱਧਯੁਗੀ ਢੰਗ-ਤਰੀਕੇ ਅਪਣਾਉਣ ਦਾ ਖ਼ਦਸ਼ਾ ਮੁੱਖ ਹੈ ਪਰ ਇਹ ਅਜਿਹੇ ਮੁੱਦੇ ਹਨ ਜਿਨ੍ਹਾਂ ਨਾਲ ਚੁਸਤ ਕੂਟਨੀਤੀ ਅਤੇ ਅਫ਼ਗਾਨਿਸਤਾਨ ਨੂੰ ਮਾਲੀ ਇਮਦਾਦ ਜਾਰੀ ਰੱਖਣ ਲਈ ਤਿਆਰ ਰਹਿਣ ਰਾਹੀਂ ਸਿੱਝਿਆ ਜਾ ਸਕਦਾ ਹੈ। ਇਸ ਮਾਮਲੇ ਵਿਚ ਬਹੁਤਾ ਕੁਝ ਤਾਲਿਬਾਨ ਵੱਲੋਂ ਇੰਤਹਾਪਸੰਦੀ ਛੱਡਣ ਅਤੇ ਸੱਤਾ ਨੂੰ ਹੋਰਨਾਂ ਨਾਲ ਵੰਡਾਉਣ ਲਈ ਤਿਆਰ ਹੋਣ 'ਤੇ ਨਿਰਭਰ ਕਰੇਗਾ।

ਇਸ ਸਮੁੱਚੇ ਘਟਨਾਕ੍ਰਮ ਦੌਰਾਨ, ਇਰਾਨ ਨੇ ਆਖਿਆ ਕਿ ਇਰਾਨ-ਪਾਕਿਸਤਾਨ ਸਰਹੱਦ ਨੇੜੇ ਹੋਏ ਬੰਬ ਧਮਾਕੇ ਦੌਰਾਨ ਇਸ ਦੇ 28 ਫ਼ੌਜੀ ਮਾਰੇ ਗਏ। ਇਰਾਨੀਆਂ ਨੇ ਇਸ ਦਾ ਬਦਲਾ ਲੈਣ ਦੀ ਗੱਲ ਆਖੀ ਹੈ।

ਦੂਜੇ ਪਾਸੇ ਅਗਲੇ ਹੀ ਦਿਨ ਇਸਲਾਮਾਬਾਦ ਵਿਚ ਇਰਾਨ ਦੇ ਰਾਜਦੂਤ ਨੂੰ ਪਾਕਿਸਤਾਨ ਨੇ ਆਪਣੇ ਵਿਦੇਸ਼ ਦਫ਼ਤਰ ਤਲਬ ਕਰ ਕੇ 'ਸਖ਼ਤ ਰੋਸ' ਦਾ ਪ੍ਰਗਟਾਵਾ ਕਰਦਿਆਂ ਦਾਅਵਾ ਕੀਤਾ ਕਿ ਪਾਕਿਸਤਾਨ-ਇਰਾਨ ਸਰਹੱਦ ਉਤੇ ਇਸ ਦੇ ਛੇ ਫ਼ੌਜੀ ਮਾਰੇ ਗਏ ਅਤੇ 14 ਹੋਰ ਗੰਭੀਰ ਜ਼ਖ਼ਮੀ ਹੋਏ ਹਨ। ਇਹ ਸਾਰਾ ਕੁਝ ਉਦੋਂ ਵਾਪਰਿਆ ਜਦੋਂ ਪਾਕਿਸਤਾਨ ਵਿਚ ਸਾਊਦੀ ਅਰਬ ਦੇ ਵਲੀ ਅਹਿਦ ਸ਼ਹਿਜ਼ਾਦਾ ਸਲਮਾਨ ਦੀ ਇਸਲਾਮਾਬਾਦ ਆਮਦ ਮੌਕੇ ਉਸ ਦੇ ਇਸਤਕਬਾਲ ਦੀਆਂ ਜ਼ੋਰਦਾਰ ਤਿਆਰੀਆਂ ਚੱਲ ਰਹੀਆਂ ਸਨ।

ਪਾਕਿਸਤਾਨ ਦਹਿਸ਼ਤਗਰਦੀ ਨੂੰ ਹੱਲਾਸ਼ਰੀ ਦੇਣ ਅਤੇ ਆਪਣੇ ਤਿੰਨ ਗੁਆਂਢੀਆਂ- ਇਰਾਨ, ਅਫ਼ਗਾਨਿਸਤਾਨ ਤੇ ਭਾਰਤ ਨੂੰ ਤੰਗ ਕਰਨੋਂ ਬਾਜ਼ ਆਉਂਦਾ ਨਹੀਂ ਜਾਪਦਾ।

# ਚੋਣਾਂ ਦੇ ਮੱਦੇਨਜਰ ਲੋਕ-ਲੁਭਾਊ ਐਲਾਨ

ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕੇਂਦਰ ਸਰਕਾਰ ਤੇ ਸੂਬਾ ਸਰਕਾਰਾਂ ਵਿਚ ਲੋਕ-ਲੁਭਾਊ ਛੋਟਾਂ, ਸਕੀਮਾਂ ਤੇ ਵਾਅਦਿਆਂ ਦਾ ਐਲਾਨ ਕਰਨ ਦੀ ਦੌੜ ਲੱਗੀ ਹੋਈ ਹੈ। ਜੀਐੱਸਟੀ ਕੌਂਸਲ ਨੇ ਉਸਾਰੀ ਅਧੀਨ ਫਲੈਟਾਂ 'ਤੇ ਜੀਐੱਸਟੀ ਦੀ ਦਰ 12 ਫ਼ੀਸਦ ਤੋਂ ਘਟਾ ਕੇ 5 ਫ਼ੀਸਦ ਕਰ ਦਿੱਤੀ ਹੈ ਅਤੇ ਘੱਟ ਕੀਮਤ ਵਾਲੇ ਕਿਫ਼ਾਇਤੀ ਦਰਾਂ ਦੇ ਮਕਾਨਾਂ 'ਤੇ ਜੀਐੱਸਟੀ ਦਰ 8 ਫ਼ੀਸਦ ਤੋਂ ਘਟਾ ਕੇ 1 ਫ਼ੀਸਦ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਕੇਂਦਰੀ ਬਜਟ ਵਿਚ 'ਪ੍ਰਧਾਨ ਮੰਤਰੀ ਕਿਸਾਨ ਨਿਧੀ ਯੋਜਨਾ' ਰਾਹੀਂ ਪੰਜ ਏਕੜ ਤੋਂ ਘੱਟ ਮਾਲਕੀ ਵਾਲੇ ਕਿਸਾਨਾਂ ਦੇ ਖ਼ਾਤਿਆਂ ਵਿਚ ਛੇ ਹਜ਼ਾਰ ਰੁਪਏ ਸਾਲਾਨਾ ਜਮ੍ਹਾ ਕਰਾਉਣ ਦਾ ਐਲਾਨ ਕੀਤਾ ਗਿਆ ਸੀ ਜਿਸ ਦੀ ਪਹਿਲੀ ਕਿਸ਼ਤ ਲਗਭਗ ਇਕ ਕਰੋੜ ਤੋਂ ਵੱਧ ਕਿਸਾਨਾਂ ਨੂੰ ਦਿੱਤੀ ਜਾ ਚੁੱਕੀ ਹੈ। ਜੀਐੱਸਟੀ ਕੌਂਸਲ ਨੇ ਪਹਿਲਾਂ ਵੀ ਕਈ ਵਸਤਾਂ 'ਤੇ ਜੀਐੱਸਟੀ ਦੀਆਂ ਦਰਾਂ ਘਟ-ਾਈਆ ਸਨ। ਸੂਬਾ ਸਰਕਾਰਾਂ ਨੇ ਵੀ ਆਪਣੇ ਬਜਟਾਂ ਵਿਚ ਇਸੇ ਤਰ੍ਹਾਂ ਦੇ ਲੋਕ-ਲੁਭਾਊ ਐਲਾਨ ਕੀਤੇ ਹਨ। ਕਈ ਸੂਬਾ ਸਰਕਾਰਾਂ ਨੂੰ ਤਾਂ ਆਪਣੇ ਮੁਲਾਜ਼ਮਾਂ ਨੂੰ ਤਨਖ਼ਾਹ ਤੇ ਪੈਨਸ਼ਨ ਦੇਣ ਲਈ ਵੀ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਪਰ ਐਲਾਨ ਕਰਨ ਵਿਚ ਕਿਸੇ ਵੱਲੋਂ ਕੋਈ ਢਿੱਲ ਨਹੀਂ ਦਿਖਾਈ ਗਈ। ਇਨ੍ਹਾਂ ਸਕੀਮਾਂ ਨਾਲ ਆਮ ਲੋਕਾਂ ਨੂੰ ਛੋਟੇ ਛੋਟੇ ਫ਼ਾਇਦੇ ਨਿਸ਼ਚੇ ਹੀ ਹੋਣਗੇ ਪਰ ਇਹ ਉਨ੍ਹਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਸਥਾਈ ਹੱਲ ਨਹੀਂ। ਅਜਿਹਾ ਕੁਝ ਵੱਖ ਵੱਖ ਵਰਗਾਂ ਦੇ ਲੋਕਾਂ ਦੀਆਂ ਵੋਟਾਂ ਹਾਸਲ ਕਰਨ ਲਈ ਕੀਤਾ ਜਾ ਰਿਹਾ ਹੈ। ਕਈ ਵਾਰ ਤਾਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਸਿਆਸਤਦਾਨ ਚੋਣਾਂ ਨੂੰ ਜਮਹੂਰੀ ਅਮਲ ਸਮਝਣ ਦੀ ਬਜਾਇ ਕੋਈ ਨਾਟਕ ਸਮਝਦੇ ਹੋਣ ਅਤੇ ਲੋਕਾਂ ਨੂੰ ਅਗਿਆਨੀ।



ਹੁਣ ਇਹ ਵਰਤਾਰੇ ਹੈਰਾਨ ਕਰਨ ਵਾਲੇ ਨਹੀਂ ਲੱਗਦੇ ਕਿਉਂਕਿ ਸਾਰੀਆਂ ਸਿਆਸੀ ਪਾਰਟੀਆਂ ਇਨ੍ਹਾਂ ਵਿਚ ਸ਼ਾਮਲ ਹਨ। ਲੋਕ-ਲੁਭਾਊ ਵਾਅਦਿਆਂ ਦੇ ਨਾਲ ਨਾਲ ਖ਼ਿੱਤੇ, ਧਰਮ ਤੇ ਜਾਤ ਦੇ ਨਾਂ ਹੇਠ ਸਿਆਸਤਦਾਨ ਇਹੋ ਜਿਹੀ ਕਾਕਟੇਲ (ਮਿਸ਼ਰਨ) ਈਜਾਦ ਕਰਨ ਦੀ ਕੋਸ਼ਿਸ਼ ਕਰਦੇ ਹਨ ਜਿਨ੍ਹਾਂ ਨੂੰ ਪਿਆ ਕੇ ਉਹ ਵੋਟਰਾਂ ਨੂੰ ਮੰਤਰ-ਮੁਗਧ ਕਰ ਸਕਦੇ ਹੋਣ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਜੇਤੂ ਹੋਈ ਪਾਰਟੀ ਨੇ ਵਿਦੇਸ਼ਾਂ ਵਿਚੋਂ ਕਾਲਾ ਧਨ ਵਾਪਸ ਲਿਆਉਣ ਅਤੇ ਹਰ ਸ਼ਹਿਰੀ ਦੇ ਖ਼ਾਤੇ ਵਿਚ 15 ਲੱਖ ਰੁਪਏ ਪਾਉਣ ਦਾ ਵਾਅਦਾ ਕੀਤਾ ਸੀ ਪਰ ਬਾਅਦ ਵਿਚ ਪਾਰਟੀ ਪ੍ਰਧਾਨ ਨੇ ਖ਼ੁਦ ਹੀ ਇਸ ਨੂੰ ਚੁਣਾਵੀ ਜੁਮਲਾ ਕਿਹਾ। ਹੁਣ ਵੀ ਸਾਰੀਆਂ ਪਾਰਟੀਆਂ ਇਸੇ ਤਰ੍ਹਾਂ ਦੇ ਚੁਣਾਵੀ ਜੁਮਲਿਆਂ ਦੀ ਤਲਾਸ਼ ਕਰ ਰਹੀਆਂ ਹਨ ਜਿਨ੍ਹਾਂ ਨੂੰ ਪਰੋਸ ਕੇ ਚੋਣਾਂ ਜਿੱਤੀਆਂ ਜਾ ਸਕਣ।

ਲੋਕ ਸਭਾ ਦੀ ਪਹਿਲੀ ਚੋਣ 67 ਵਰ੍ਹੇ ਪਹਿਲਾਂ ਹੋਈ ਸੀ ਤੇ ਹੁਣ ਤਕ 16 ਵਾਰ ਇਹ ਚੋਣਾਂ ਹੋ ਚੁੱਕੀਆਂ ਹਨ। ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਸਾਡੇ ਲੋਕ ਤੇ ਜਮਹੂਰੀ ਪ੍ਰਕਿਰਿਆ ਏਨੀਆਂ ਪ੍ਰੌੜ੍ਹ ਨਹੀਂ ਹੋਈਆਂ ਕਿ ਲੋਕ ਸਿਆਸਤਦਾਨਾਂ ਦੇ ਚਾਲਬਾਜ਼ਾਂ ਜਿਹੇ ਵਾਅਦਿਆਂ ਦੇ ਕੱਚ-ਸੱਚ ਨੂੰ ਪਛਾਣ ਸਕਣ। ਇੱਥੇ ਇਹ ਦਲੀਲ ਵੀ ਦਿੱਤੀ ਜਾਂਦੀ ਹੈ ਕਿ ਲੋਕਾਂ ਕੋਲ ਬਦਲ ਬਹੁਤ ਘੱਟ ਹਨ। ਇਕ ਪਾਸੇ ਭਾਜਪਾ ਤੇ ਉਸ ਨਾਲ ਜੁੜੀਆਂ ਪਾਰਟੀਆਂ ਹਨ ਤੇ ਦੂਸਰੇ ਪਾਸੇ ਕਾਂਗਰਸ ਤੇ ਖੇਤਰੀ ਪਾਰਟੀਆਂ। ਲੋਕ ਇਨ੍ਹਾਂ ਸਭ ਨੂੰ ਵਾਰੀ ਵਾਰੀ ਰਾਜ ਕਰਨ ਦਾ ਮੌਕਾ ਦੇ ਚੁੱਕੇ ਹਨ ਪਰ ਇਨ੍ਹਾਂ ਦੀ ਕਾਰਗੁਜ਼ਾਰੀ ਵਿਚ ਅਸਲੀ ਅੰਤਰ ਬਹੁਤ ਘੱਟ ਹੈ। ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਮੌਜੂਦਾ ਸਰਕਾਰ ਦੇ ਸ਼ਾਸਨ ਦੌਰਾਨ ਸੰਕੀਰਨਤਾ ਬਹੁਤ ਵਧੀ ਹੈ ਤੇ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਵੀ ਠੇਸ ਪਹੁੰਚੀ ਹੈ ਪਰ ਇਸ ਸਬੰਧ ਵਿਚ ਕਾਂਗਰਸ ਦਾ ਰਿਕਾਰਡ ਵੀ ਕੋਈ ਜ਼ਿਆਦਾ ਚੰਗਾ ਨਹੀਂ। ਜਮਹੂਰੀ ਪ੍ਰਕਿਰਿਆ ਵਿਚ ਵਿਸ਼ੇਸ਼ ਤੱਤ ਇਹ ਹੈ ਕਿ ਲੋਕਾਂ ਦੀ ਆਜ਼ਾਦੀ ਤੇ ਹੱਕਾਂ ਨੂੰ ਕੁਚਲਣ ਦੀ ਕੋਸ਼ਿਸ਼ ਤਾਂ ਕੀਤੀ ਜਾ ਸਕਦੀ ਹੈ ਪਰ ਖ਼ਤਮ ਨਹੀਂ ਕੀਤਾ ਜਾ ਸਕਦਾ। ਜਮਹੂਰੀਅਤ ਵਿਚ ਲੋਕਹਿੱਤ ਲਈ ਕੰਮ ਕਰਨ ਵਾਲੇ ਕਾਰਕੁਨ, ਮੀਡੀਆ ਤੇ ਹੋਰ ਕਈ ਤੱਤ ਕਾਰਜਸ਼ੀਲ ਰਹਿੰਦੇ ਹਨ ਅਤੇ ਸਿਆਸਤਦਾਨਾਂ ਦੇ ਲੋਕ-ਵਿਰੋਧੀ ਅਮਲਾਂ ਦਾ ਪਰਦਾਫਾਸ਼ ਹੁੰਦਾ ਰਿਹਾ ਹੈ। ਆਸ ਕੀਤੀ ਜਾ ਸਕਦੀ ਹੈ ਕਿ ਆਉਣ ਵਾਲੀਆਂ ਚੋਣਾਂ ਵਿਚ ਲੋਕ ਲੋਕ-ਲੁਭਾਊ ਵਾਅਦਿਆਂ ਤੇ ਸਕੀਮਾਂ ਦੀ ਥਾਂ ਪਾਰਟੀਆਂ ਤੇ ਉਮੀਦਵਾਰਾਂ ਦੀ ਚੰਗੀ ਤਰ੍ਹਾਂ ਨਿਰਖ-ਪਰਖ ਕਰਨਗੇ ਤੇ ਉਨ੍ਹਾਂ ਦੀ ਸਮੁੱਚੀ ਕਾਰਗੁਜ਼ਾਰੀ ਅਤੇ ਸਾਖ਼ ਦੇ ਆਧਾਰ 'ਤੇ ਵੋਟਾਂ ਪਾਉਣਗੇ।

# ਸਿੱਖ ਪੰਥ ਦਾ ਸਿਰਮੌਰ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ

**ਰਾਜਿੰਦਰ ਸਿੰਘ**

ਭਾਰਤ-ਪਾਕਿਸਤਾਨ ਦੀ ਕੌਮਾਂਤਰੀ ਸਰਹੱਦ 'ਤੇ ਸਥਿਤ ਇਤਿਹਾਸਕ ਕਸਬਾ ਅਟਾਰੀ ਸ਼ਹੀਦਾਂ ਦੇ ਪਿੰਡ ਵਜੋਂ ਮਸ਼ਹੂਰ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸਿੱਖ ਫੌਜ ਵਿਚ ਜਰਨੈਲ ਰਹੇ ਸ: ਸ਼ਾਮ ਸਿੰਘ ਅਟਾਰੀ ਤੋਂ ਇਲਾਵਾ ਸ: ਚਤਰ ਸਿੰਘ, ਸ: ਸ਼ੇਰ ਸਿੰਘ ਆਦਿ ਵੀ ਅਟਾਰੀ ਪਿੰਡ ਦੇ ਪ੍ਰਮੁੱਖ ਸਰਦਾਰ ਹੋਏ ਹਨ। ਅਟਾਰੀ ਵਾਲੇ ਸਰਦਾਰਾਂ 'ਚੋਂ ਸਭ ਤੋਂ ਸਿਰਕੱਢ ਸ਼ਖ਼ਸੀਅਤ ਸ: ਸ਼ਾਮ ਸਿੰਘ ਅਟਾਰੀ ਵਾਲਾ ਸ: ਨਿਹਾਲ ਸਿੰਘ ਦੇ ਸਪੁੱਤਰ ਸਨ। ਸ: ਨਿਹਾਲ ਸਿੰਘ ਨੇ ਆਪਣੇ ਸਪੁੱਤਰ ਨੂੰ ਹਰ ਪ੍ਰਕਾਰ ਦੀ ਸਿੱਖਿਆ ਦੇਣ ਦਾ ਪ੍ਰਬੰਧ ਕੀਤਾ। ਜਦੋਂ ਸ਼ਾਮ ਸਿੰਘ ਨੇ ਆਪਣੇ ਪਿਤਾ ਦੀ ਥਾਂ ਸੰਭਾਲੀ ਤਾਂ ਉਹ ਰਣਭੂਮੀ ਦੇ ਸਾਰੇ ਦਾਅਪੇਚਾਂ ਤੋਂ ਜਾਣੂ ਤੇ ਨਿਪੁੰਨ ਹੋ ਚੁੱਕਾ ਸੀ। ਸ: ਨਿਹਾਲ ਸਿੰਘ ਅਟਾਰੀ ਨੇ 1818 ਈ: ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਖ਼ਤ ਬਿਮਾਰ ਹੋਣ ਸਮੇਂ ਆਪਾ ਵਾਰ ਦਿੱਤਾ ਸੀ। ਮੁਲਤਾਨ ਦੀ 1818 ਈ: ਦੀ ਪਹਿਲੀ ਐਸੀ ਲੜਾਈ ਸੀ, ਜਿਸ ਵਿਚ ਸ: ਸ਼ਾਮ ਸਿੰਘ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਹਿੱਸਾ ਲਿਆ ਸੀ ਤੇ ਬਹਾਦਰੀ ਦੇ ਜੌਹਰ ਵਿਖਾਏ ਸਨ। ਬਹਾਦਰੀ ਦੇ ਜੌਹਰਾਂ ਬਾਰੇ ਜਾਣ ਕੇ ਮਹਾਰਾਜਾ ਨੇ ਸ: ਸ਼ਾਮ ਸਿੰਘ ਨੂੰ ਖ਼ੁਸ਼ ਹੋ ਕੇ ਸ਼ਹਿਜ਼ਾਦਾ ਖੜਕ ਸਿੰਘ, ਸ: ਦਲ ਸਿੰਘ, ਮਿਸਰ ਦੀਵਾਨ ਚੰਦ ਦੇ ਨਾਲ 1818 ਵਿਚ ਪਿਸ਼ਾਵਰ ਦੀ ਮੁਹਿੰਮ 'ਤੇ ਭੇਜਿਆ ਤੇ ਖ਼ਾਲਸਾ ਫੌਜਾਂ ਪਿਸ਼ਾਵਰ ਜਿੱਤ ਕੇ ਮੁੜੀਆਂ। ਮੁਲਤਾਨ ਤੇ ਪਿਸ਼ਾਵਰ ਜਿੱਤ ਲੈਣ ਪਿੱਛੋਂ ਮਹਾਰਾਜਾ ਨੇ ਆਪਣਾ ਉਚੇਚਾ ਧਿਆਨ ਕਸ਼ਮੀਰ ਜਿੱਤਣ ਵੱਲ ਲਗਾਇਆ।

ਮਈ 1819 ਵਿਚ ਇਕ ਵੱਡੀ ਫੌਜ ਵਜ਼ੀਰਾਬਾਦ (ਜ਼ਿਲ੍ਹਾ ਗੁਜਰਾਂਵਾਲਾ) ਵਿਖੇ ਇਕੱਠੀ ਹੋਈ। ਉਸ ਸਾਰੀ ਫੌਜ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਇਕ ਭਾਗ ਸ: ਸ਼ਾਮ ਸਿੰਘ ਅਟਾਰੀ ਤੇ ਮਿਸਰ ਦੀਵਾਨ ਚੰਦ ਦੀ ਕਮਾਨ ਹੇਠ, ਦੂਜਾ ਸ਼ਹਿਜ਼ਾਦਾ ਖੜਕ ਸਿੰਘ ਦੀ ਸਰਦਾਰੀ ਹੇਠ ਤੇ ਤੀਜਾ ਮਹਾਰਾਜਾ ਰਣਜੀਤ ਸਿੰਘ ਦੇ ਆਪਣੇ ਅਧੀਨ ਸੀ। ਸਰਦਾਰ ਸ਼ਾਮ ਸਿੰਘ ਤੇ ਮਿਸਰ ਦੀਵਾਨ ਚੰਦ ਨੇ ਹੌਲੀਆਂ ਤੋਪਾਂ ਨਾਲ ਰਾਜੌਰੀ 'ਤੇ ਹੱਲਾ ਬੋਲ ਦਿੱਤਾ ਤੇ ਸਭ ਪਾਸਿਓਂ ਹੱਲਾ ਕਰਕੇ ਇਕ ਭਾਰੀ ਜੰਗ ਛੇੜ ਦਿੱਤੀ ਅਤੇ ਇਹ ਜੰਗ ਜਿੱਤ ਕੇ ਕਸ਼ਮੀਰ ਖ਼ਾਲਸਾ ਰਾਜ ਵਿਚ ਸ਼ਾਮਿਲ ਕਰ ਲਿਆ ਗਿਆ। ਮਾਰਚ 1822 ਵਿਚ ਮਹਾਰਾਜਾ ਨੂੰ ਖ਼ਬਰ ਮਿਲੀ ਕਿ ਮੁਹੰਮਦ ਆਸ਼ਮ ਬਾਰਕਜ਼ਾਈ ਆਪਣੇ ਭਰਾ ਮੁਹੰਮਦ ਦੋਸਤ ਨਾਲ ਮਿਲ ਕੇ ਪਿਸ਼ਾਵਰ ਉਤੇ ਹੱਲਾ ਕਰਨ ਦੀਆਂ ਤਿਆਰੀਆਂ ਕਰ ਰਿਹਾ ਹੈ। ਮਹਾਰਾਜਾ ਨੇ ਖਾਲਸਾਈ ਫੌਜਾਂ ਨੂੰ ਅਟਕ ਵੱਲ ਕੂਚ ਕਰਨ ਦਾ ਹੁਕਮ ਦਿੱਤਾ ਅਤੇ ਆਪ ਅਟਕ ਕਿਲ੍ਹੇ ਦੇ ਐਨ ਸਾਹਮਣੇ ਦਰਿਆ ਪਾਰ ਦੇ ਕਿਲ੍ਹੇ ਖ਼ੈਰਾਬਾਦ ਵੱਲ ਵਧੇ। ਉਨ੍ਹਾਂ ਦਾ ਟਾਕਰਾ ਅਕੌਨੇ ਦੇ ਮੈਦਾਨ ਵਿਚ ਬਾਰਕਜ਼ਾਈ ਫੌਜਾਂ ਨਾਲ ਹੋਇਆ। ਇਸ ਲੜਾਈ ਵਿਚ ਸ: ਸ਼ਾਮ ਸਿੰਘ ਅਟਾਰੀ ਵਾਲਾ ਨੇ ਬੜੀ ਸੂਰਬੀਰਤਾ ਤੇ ਨਿਰਭੈਤਾ ਦਾ ਪ੍ਰਦਰਸ਼ਨ ਕੀਤਾ। ਅਖ਼ੀਰ ਜਿੱਤ ਖਾਲਸਾ ਫੌਜਾਂ ਦੀ ਹੀ ਹੋਈ। ਇਸ ਜਿੱਤ ਦੀ ਖ਼ੁਸ਼ੀ ਵਿਚ ਮਹਾਰਾਜਾ ਨੇ ਭਰੇ ਦਰਬਾਰ ਵਿਚ ਸ: ਸ਼ਾਮ ਸਿੰਘ ਅਟਾਰੀ ਵਾਲਾ, ਕੰਵਰ ਸ਼ੇਰ ਸਿੰਘ ਤੇ ਸ: ਜੈ ਸਿੰਘ ਨੂੰ ਸਨਮਾਨਿਆ ਤੇ ਮੋਹਰਾਂ, ਈਰਾਨੀ ਬੰਦੂਕਾਂ, ਝੰਡੇ ਤੇ ਹਾਥੀ ਇਨਾਮ ਵਜੋਂ ਦਿੱਤੇ।

ਪਿਸ਼ਾਵਰ ਦੀ ਮੁਹਿੰਮ ਤੋਂ ਵਾਪਸ ਆ ਕੇ ਸ: ਅਟਾਰੀ ਵਾਲਾ ਨੇ ਆਪਣੀ ਲੜਕੀ ਨਾਨਕੀ ਦਾ ਸਾਕ ਕੰਵਰ ਨੌਨਿਹਾਲ ਸਿੰਘ ਨਾਲ ਪੱਕਾ ਕੀਤਾ। ਨਿਉਂਦਰੇ ਦੀ ਰਸਮ 6 ਮਾਰਚ 1837 ਨੂੰ ਹੋਈ। ਬਾਅਦ ਵਿਚ ਸ: ਅਟਾਰੀ ਵਾਲਾ ਦੀ ਮਹਾਰਾਜਾ ਰਣਜੀਤ ਸਿੰਘ ਨਾਲ ਰਿਸ਼ਤੇਦਾਰੀ ਹੋ ਗਈ ਤੇ ਉਸ ਦਾ ਮਾਣ-ਸਤਿਕਾਰ ਹੋਰ ਵਧ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਪਿੱਛੋਂ ਸ: ਸ਼ਾਮ ਸਿੰਘ ਕਿਸੇ ਝਗੜੇ ਵਿਚ ਨਹੀਂ ਪਿਆ ਪਰ ਉਹ ਇਹ ਜ਼ਰੂਰ ਚਾਹੁੰਦਾ ਸੀ ਕਿ ਪੰਜਾਬ ਦਾ ਵਾਰਸ ਕੋਈ ਸੂਰਬੀਰ ਵਿਅਕਤੀ ਹੋਵੇ। ਉਹ ਹਰ ਕੀਮਤ 'ਤੇ ਲਾਹੌਰ ਦਰਬਾਰ ਦੀ ਸਰਦਾਰੀ ਕਾਇਮ ਰੱਖਣਾ ਚਾਹੁੰਦਾ ਸੀ। ਸਿੱਖਾਂ ਨਾਲ ਅੰਗਰੇਜ਼ਾਂ ਦੀ ਪਹਿਲੀ ਲੜਾਈ ਸਮੇਂ ਅੰਗਰੇਜ਼ਾਂ ਦੀ ਫੌਜ ਵਿਚ 44000 ਜਵਾਨ ਤੇ 100 ਤੋਪਾਂ ਸਨ। ਅੰਗਰੇਜ਼ ਮੁਲਤਾਨ ਉਤੇ ਚੜ੍ਹਾਈ ਕਰਨ ਦੀ ਤਿਆਰੀ ਕਰਨ ਲੱਗੇ। ਸਿੱਖ ਫੌਜਾਂ ਦਾ ਕਮਾਂਡਰ-ਇਨ-ਚੀਫ ਤੇਜਾ ਸਿੰਘ ਅਤੇ ਵਜ਼ੀਰ ਲਾਲ ਸਿੰਘ ਸਨ। ਇਨ੍ਹਾਂ ਦੋਵਾਂ ਨੂੰ ਲਾਲਚ ਦੇ ਕੇ ਅੰਗਰੇਜ਼ਾਂ ਨੇ ਆਪਣੇ ਨਾਲ ਮਿਲਾ ਲਿਆ। ਸਿੱਖ ਫੌਜਾਂ ਦੀ ਚੜ੍ਹਾਈ ਦੀ ਯੋਜਨਾ ਇਨ੍ਹਾਂ ਦੋਵਾਂ ਨੇ ਸਫਲ ਨਾ ਹੋਣ ਦਿੱਤੀ। ਅਖ਼ੀਰ 10 ਫਰਵਰੀ 1846 ਨੂੰ ਸ: ਸ਼ਾਮ ਸਿੰਘ ਅਟਾਰੀ ਨੇ ਸਿੱਖ ਫੌਜਾਂ ਨੂੰ ਵੰਗਾਰਿਆ ਤੇ ਆਪਣੀ ਕੁਰਬਾਨੀ ਦੇਣ ਦਾ ਭਰੋਸਾ ਦਿਵਾਇਆ। ਅੰਗਰੇਜ਼ਾਂ ਨੇ ਸੂਰਜ ਚੜ੍ਹਦਿਆਂ ਹੀ ਤੋਪਾਂ ਨਾਲ ਸਿੱਖਾਂ ਦੇ ਮੋਰਚੇ ਉਤੇ ਗੋਲਾਬਾਰੀ ਸ਼ੁਰੂ ਕਰ ਦਿੱਤੀ। ਸਿੱਖਾਂ ਨੇ ਵੀ ਹਥਿਆਰ ਸੰਭਾਲੇ।

ਗੋਲਿਆਂ ਦਾ ਜਵਾਬ ਗੋਲਿਆਂ ਨਾਲ ਮਿਲਣ 'ਤੇ ਲੜਾਈ ਭਖ ਪਈ। ਸ: ਸ਼ਾਮ ਸਿੰਘ ਅਟਾਰੀ ਵਾਲੇ ਸਭ ਥਾਵਾਂ 'ਤੇ ਜਾ ਕੇ ਆਪ ਜਵਾਨਾਂ ਨੂੰ ਹੱਲਾਸ਼ੇਰੀ ਦੇ ਰਹੇ ਸਨ। ਇਸ ਤਰ੍ਹਾਂ ਸਿੱਖ ਫੌਜ ਅੰਦਰ ਵਿਸ਼ਵਾਸ ਤੇ ਜੋਸ਼ ਵਧਿਆ ਅਤੇ ਉਨ੍ਹਾਂ ਅੰਗਰੇਜ਼ ਫੌਜਾਂ ਨੂੰ ਪਛਾੜ ਦਿੱਤਾ ਪਰ ਤੇਜਾ ਸਿੰਘ ਅਤੇ ਲਾਲ ਸਿੰਘ ਨੇ ਗਦਾਰੀ ਕਰਦਿਆਂ ਸਿੱਖਾਂ ਨੂੰ ਅਸਲੇ ਦੀ ਸਪਲਾਈ ਰੋਕਣ ਲਈ ਸਤਲੁਜ ਦਰਿਆ ਦਾ ਪੁਲ ਤੋੜ ਦਿੱਤਾ। ਅਸਲ੍ਹਾ-ਬਾਰੂਦ ਮੁੱਕਣ 'ਤੇ ਸਿੱਖਾਂ ਦਾ ਅੰਗਰੇਜ਼ ਫੌਜ ਨੇ ਚੋਖਾ ਨੁਕਸਾਨ ਕੀਤਾ। ਅਖ਼ੀਰ ਫਰੰਗੀਆਂ ਦੀਆਂ ਗੋਲੀਆਂ ਨੇ ਸ: ਸ਼ਾਮ ਸਿੰਘ ਅਟਾਰੀ ਦਾ ਸਰੀਰ ਛਲਣੀ ਕਰ ਦਿੱਤਾ ਅਤੇ ਉਹ ਮੈਦਾਨ-ਏ-ਜੰਗ 'ਚ ਸ਼ਹਾਦਤ ਦਾ ਜਾਮ ਪੀ ਗਏ।



ਕਸਬਾ ਅਟਾਰੀ (ਅੰਮ੍ਰਿਤਸਰ) ਵਾਂਗ ਪਿੰਡ ਕਾਉਂਕੇ, ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਖੇ ਵੀ ਸ: ਸ਼ਾਮ ਸਿੰਘ ਅਟਾਰੀ ਵਾਲਿਆਂ ਦੇ 10 ਫਰਵਰੀ ਨੂੰ ਹਰ ਸਾਲ ਸ਼ਹੀਦੀ ਦਿਨ ਤੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਕੇ ਭੋਗ ਪਾਏ ਜਾਂਦੇ ਤੇ ਸਿੱਖ ਕੌਮ ਦੀਆਂ ਮਹਾਨ ਸ਼ਖ਼ਸੀਅਤਾਂ ਰਾਗੀ, ਢਾਡੀ, ਕਥਾਵਾਚਕ ਜਥੇ ਪ੍ਰੱਜਣ ਵਾਲਿਆਂ ਸੰਗਤਾਂ ਨੂੰ ਗੁਰੂ ਜਸ ਰਾਹੀਂ ਨਿਹਾਲ ਕਰਦੇ ਹਨ।

ਅਟਾਰੀ (ਅੰਮ੍ਰਿਤਸਰ) ਵਿਖੇ ਸ: ਸ਼ਾਮ ਸਿੰਘ ਅਟਾਰੀ ਦੀ ਯਾਦ ਵਿਚ ਅਟਾਰੀ ਸਮਾਧਾਂ ਵਿਖੇ ਭਾਰਤ ਸਰਕਾਰ ਦੇ ਸੈਰ-ਸਪਾਟਾ ਵਿਭਾਗ ਵੱਲੋਂ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਯਾਦਗਾਰੀ ਪਾਰਕ, ਮਿਊਜ਼ੀਅਮ, ਪੁਰਾਤਨ ਤਲਾਬ ਦੀ ਸਾਂਭ-ਸੰਭਾਲ ਕਰਨ ਦੇ ਨਾਲ-ਨਾਲ ਅੰਮ੍ਰਿਤਸਰ-ਅਟਾਰੀ ਮਾਰਗ ਬਾਈਪਾਸ ਛੇਹਰਟਾ ਵਿਖੇ ਯਾਦਗਰੀ ਬੁੱਤ ਸਥਾਪਿਤ ਕਰਕੇ ਗੇਟ ਵੇ ਆਫ ਇੰਡੀਆ ਦੇ ਨਾਂਅ ਦਾ ਦਰਜਾ ਦਿੱਤਾ ਗਿਆ ਹੈ।

ਇਥੇ ਦੱਸਣਯੋਗ ਹੈ ਕਿ ਕਸਬਾ ਅਟਾਰੀ (ਅੰਮ੍ਰਿਤਸਰ) ਵਿਖੇ ਜਦ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਆਪਣੇ ਪੋਤਰੇ ਕੰਵਰ ਨੌਨਿਹਾਲ ਸਿੰਘ ਨੂੰ ਜਰਨੈਲ ਸ: ਸ਼ਾਮ ਸਿੰਘ ਅਟਾਰੀ ਦੀ ਬੇਟੀ ਬੀਬੀ ਨਾਨਕੀ ਨਾਲ ਵਿਆਹੁਣ ਆਏ ਸਨ ਤਾਂ ਉਸ ਸਮੇਂ ਵਿਆਹ ਦੀ ਮਿਲਣੀ ਸਮੇਂ ਘਰ ਦੇ ਅੱਗੇ ਬਣਾਏ ਗਏ ਯਾਦਗਾਰੀ ਗੇਟ, ਜੋ ਪੁਰਾਤਨ ਹੋਣ ਕਰਕੇ ਬਚਾਇਆ ਗਿਆ ਹੈ, ਦੀ ਸਾਂਭ-ਸੰਭਾਲ ਦਾ ਕੰਮ ਵੀ ਭਾਰਤ ਸਰਕਾਰ ਦੇ ਸੈਰ-ਸਪਾਟਾ ਵਿਭਾਗ ਨੇ ਆਪਣੇ ਜ਼ਿੰਮੇ ਲੈ ਕੇ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਮੁੜ ਮੁਰੰਮਤ ਕਰਵਾਇਆ ਹੈ। ਸਰਦਾਰ ਸ਼ਾਮ ਸਿੰਘ ਅਟਾਰੀ ਦਾ ਸ਼ਹੀਦੀ ਦਿਨ ਇਸ ਵਰ੍ਹੇ ਵੀ ਵੱਡੀ ਪੱਧਰ 'ਤੇ ਅਟਾਰੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ 10 ਫਰਵਰੀ ਦਿਨ ਵੀਰਵਾਰ ਨੂੰ ਮਨਾਇਆ ਜਾਵੇਗਾ।

# ਕੀ ਭਾਰਤ ਪਾਕਿਸਤਾਨ ਨੂੰ ਜਾਂਦੇ ਪਾਣੀ ਨੂੰ ਰੋਕ ਸਕਦਾ ਹੈ?

ਭਾਰਤ-ਸ਼ਾਸਤ ਕਸ਼ਮੀਰ ਵਿੱਚ 14 ਫਰਵਰੀ ਨੂੰ ਸੀ ਆਰਪੀ ਐੱਫ ਦੇ ਕਾਫਲੇ 'ਤੇ ਹਮਲੇ ਦੇ ਮੱਦੇਨਜ਼ਰ ਭਾਰਤ ਦੇ ਜਲ ਸੰਸਾਧਨ ਮੰਤਰੀ ਨਿਤਿਨ ਗਡਕਰੀ ਨੇ ਵੀਰਵਾਰ ਨੂੰ ਐਲਾਨ ਕੀਤਾ ਹੈ ਕਿ ਪਾਕਿਸਤਾਨ ਨੂੰ ਸਤਲੁਜ, ਰਾਵੀ, ਬਿਆਸ ਜਾਂਦੇ ਪਾਣੀ ਨੂੰ ਹੁਣ ਰੋਕ ਲਿਆ ਜਾਵੇਗਾ। ਟਵਿੱਟਰ ਉੱਪਰ ਬਿਆਨ ਵਿੱਚ ਗਡਕਰੀ ਨੇ ਕਿਹਾ ਕਿ ਹੁਣ ਪੂਰਬੀ (ਭਾਰਤ) ਪਾਸੇ ਦੇ ਦਰਿਆਵਾਂ ਦਾ ਪਾਣੀ ਪਾਕਿਸਤਾਨ ਦੀ ਬਜਾਏ ਭਾਰਤ ਦੇ ਅੰਦਰ ਹੀ ਜੰਮੂ-ਕਸ਼ਮੀਰ ਅਤੇ ਪੰਜਾਬ ਨੂੰ ਦਿੱਤਾ ਜਾਵੇਗਾ। ਪੁਲਵਾਮਾ ਹਮਲੇ ਵਿੱਚ 40 ਤੋਂ ਵੱਧ ਕੇਂਦਰੀ ਰਿਜ਼ਰਵ ਪੁਲਿਸ ਬਲ ਦੇ ਜਵਾਨ ਮਾਰੇ ਗਏ ਸਨ। ਉਸ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਉੱਪਰ ਇਲਜ਼ਾਮ ਲਗਾਉਂਦਿਆਂ ਸਖ਼ਤ ਰੁਖ਼ ਅਖ਼ਤਿਆਰ ਕੀਤਾ ਹੋਇਆ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਇਲਜ਼ਾਮਾਂ ਨੂੰ ਬੇਬੁਨਿਆਦ ਆਖਿਆ ਹੈ, ਹਾਲਾਂਕਿ ਹਮਲੇ ਦੀ ਜ਼ਿੰਮੇਵਾਰੀ ਜੈਸ਼-ਏ-ਮੁਹੰਮਦ ਅੱਤਵਾਦੀ ਸੰਗਠਨ ਨੇ ਲਈ ਹੈ ਜਿਸ ਦਾ ਕਥਿਤ ਅੱਡਾ ਪਾਕਿਸਤਾਨ ਹੈ। ਗਡਕਰੀ ਨੇ ਪਾਕਿਸਤਾਨ ਨੂੰ ਜਾਂਦਾ ਪਾਣੀ ਰੋਕਣ ਦੇ ਸੰਦਰਭ 'ਚ ਇੱਕ ਟਵੀਟ 'ਚ ਇਹ ਵੀ ਕਿਹਾ ਹੈ ਕਿ ਰਾਵੀ ਨਦੀ ਉੱਪਰ ਸ਼ਾਹਪੁਰ-ਕੰਡੀ ਬੰਨ੍ਹ ਬਣਾਉਣ ਦਾ ਕੰਮ ਜਾਰੀ ਹੈ।





### ਕੀ ਹੈ ਸਿੰਧੂ ਜਲ ਸੰਧੀ

1960 ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਅਯੂਬ ਖ਼ਾਨ ਨੇ ਸਿੰਧੂ ਜਲ ਸੰਧੀ ਕੀਤੀ ਸੀ। ਇਸ ਸੰਧੀ ਦੇ ਮੁਤਾਬਕ ਸਿੰਧੂ ਨਦੀ ਦੀਆਂ ਸਹਾਇਕ ਨਦੀਆਂ ਨੂੰ ਪੂਰਬ ਅਤੇ ਪੱਛਮੀ ਨਦੀਆਂ ਵਿੱਚ ਵੰਡਿਆ ਗਿਆ ਸੀ। ਸਮਝੌਤੇ ਵਿੱਚ ਝੇਲਮ ਅਤੇ ਚਨਾਬ ਦਾ ਪਾਣੀ ਪਾਕਿਸਤਾਨ ਨੂੰ ਦਿੱਤਾ ਗਿਆ ਅਤੇ ਰਾਵੀ, ਬਿਆਸ ਤੇ ਸਤਲੁਜ ਦਾ ਪਾਣੀ ਭਾਰਤ ਨੂੰ। ਸੰਧੀ ਮੁਤਾਬਕ ਭਾਰਤ ਆਪਣੇ ਵਾਲੀਆਂ ਨਦੀਆਂ ਦਾ ਪਾਣੀ ਲਗਭਗ ਬੇਰੋਕਟੋਕ ਇਸਤੇਮਾਲ ਕਰ ਸਕਦਾ ਹੈ। ਉੱਥੇ ਹੀ ਪਾਕਿਸਤਾਨ ਵਾਲੀਆਂ ਨਦੀਆਂ ਦੇ ਪਾਣੀ ਦੇ ਇਸਤੇਮਾਲ ਦਾ ਕੁਝ ਸੀਮਿਤ ਅਧਿਕਾਰ ਭਾਰਤ ਨੂੰ ਵੀ ਦਿੱਤਾ ਗਿਆ ਸੀ ਜਿਵੇਂ ਬਿਜਲੀ ਬਣਾਉਣ, ਖੇਤੀ ਲਈ ਸੀਮਿਤ ਪਾਣੀ। ਸਿੰਧੂ ਨਦੀ ਘਾਟੀ ਦੇ ਪਾਣੀ ਨੂੰ ਲੈ ਕੇ ਦੋਵਾਂ ਦੇਸਾਂ ਵਿਚਕਾਰ ਖਿੱਚੋਤਾਨ ਚਲਦੀ ਰਹੀ ਹੈ। ਪਾਕਿਸਤਾਨ ਭਾਰਤ ਵਿੱਚ ਵੱਡੇ ਪਣ-ਬਿਜਲੀ ਪ੍ਰਾਜੈਕਟ ਤੇ ਇਤਰਾਜ਼ ਚੁੱਕਦਾ ਰਿਹਾ ਹੈ। ਭਾਰਤ ਸ਼ਾਸਿਤ ਕਸ਼ਮੀਰ ਵਿੱਚ ਪਾਣੀ ਦੇ ਸਰੋਤਾਂ ਦਾ ਸੂਬੇ ਨੂੰ ਫਾਇਦਾ ਨਾ ਮਿਲਣ ਦੀ ਗੱਲ ਕੀਤੀ ਜਾਂਦੀ ਰਹੀ ਹੈ। ਜਦੋਂ ਭਾਜਪਾ ਦੇ ਸਮਰਥਨ ਨਾਲ ਮਹਿਬੂਬਾ ਮੁਫ਼ਤੀ ਜੰਮੂ-ਕਸ਼ਮੀਰ ਦੀ ਮੁੱਖ ਮੰਤਰੀ ਸੀ, ਤਾਂ ਉਨ੍ਹਾਂ ਨੇ ਕਿਹਾ ਸੀ ਕਿ ਸਿੰਧੂ ਜਲ ਸੰਧੀ ਕਾਰਨ ਸੂਬੇ ਨੂੰ 20 ਹਜ਼ਾਰ ਕਰੋੜ ਦਾ ਨੁਕਸਾਨ ਹੋ ਰਿਹਾ ਹੈ ਅਤੇ ਕੇਂਦਰ ਨੂੰ ਇਸ ਦੀ ਭਰਪਾਈ ਲਈ ਕਦਮ ਚੁੱਕਣੇ ਚਾਹੀਦੇ ਹਨ। ਪਾਕਿਸਤਾਨ ਦੇ ਪੰਜਾਬ ਅਤੇ ਸਿੰਧ ਇਲਾਕੇ ਨੂੰ ਖੇਤੀ ਲਈ ਇੱਥੋਂ ਹੀ ਪਾਣੀ ਮਿਲਦਾ ਹੈ। ਪਾਕਿਸਤਾਨ ਦੇ ਜ਼ਿਆਦਾਤਰ ਇਲਾਕਿਆਂ ਲਈ ਇਹ ਹੀ ਸਿੰਚਾਈ ਦਾ ਜ਼ਰੀਆ ਹੈ। ਪਾਕਿਸਤਾਨ ਦੇ ਉਦਯੋਗ ਅਤੇ ਸ਼ਹਿਰਾਂ ਦੀ ਬਿਜਲੀ ਲਈ ਵੀ ਇਹ ਸੰਧੀ ਜ਼ਰੂਰੀ ਹੈ। ਸੰਧੀ ਮੁਤਾਬਕ ਕੋਈ ਵੀ ਇਕਤਰਫ਼ਾ ਇਸ ਨੂੰ ਤੋੜ ਜਾਂ ਬਦਲ ਨਹੀਂ ਸਕਦਾ। ਕੌਮਾਂਤਰੀ ਅਦਾਲਤ ਨੇ ਕਿਹਾ ਹੈ ਕਿ ਜੇ ਮੂਲ ਸਥਿਤੀਆਂ ਵਿੱਚ ਕੋਈ ਤਬਦੀਲੀ ਆਉਂਦੀ ਹੈ ਤਾਂ ਕਿਸੇ ਵੀ ਸੰਧੀ ਨੂੰ ਤੋੜਿਆ ਜਾ ਸਕਦਾ ਹੈ। ਪਰ ਇਹ ਸਭ ਸੌਖਾ ਨਹੀਂ ਹੈ। ਵੰਡ ਤੋਂ ਬਾਅਦ ਸਿੰਧੂ ਘਾਟੀ ਵਿੱਚੋਂ ਲੰਘਣ ਵਾਲੀਆਂ ਨਦੀਆਂ ਤੇ ਹੋਏ ਵਿਵਾਦ ਦੌਰਾਨ ਵਿਸ਼ਵ ਬੈਂਕ ਨੇ ਵਿਚੋਲੇ ਦੀ ਭੂਮਿਕਾ ਨਿਭਾਈ ਸੀ। ਜੇ ਭਾਰਤ ਇਹ ਸੰਧੀ ਤੋੜਦਾ ਹੈ ਤਾਂ ਪਾਕਿਸਤਾਨ ਸਭ ਤੋਂ ਪਹਿਲਾਂ ਵਿਸ਼ਵ ਬੈਂਕ ਕੋਲ ਜਾਵੇਗਾ। ਵਿਸ਼ਵ ਬੈਂਕ ਭਾਰਤ 'ਤੇ ਇਸ ਤਰ੍ਹਾਂ ਨਾ ਕਰਨ ਦਾ ਦਬਾਅ ਬਣਾ ਸਕਦਾ ਹੈ। ਹਾਲਾਂਕਿ ਸਿੰਧੂ ਨਦੀ ਤਿੱਬਤ ਤੋਂ ਸ਼ੁਰੂ ਹੁੰਦੀ ਹੈ, ਚੀਨ ਨੂੰ ਇਸ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ ਹੈ। ਪਰ ਜੇ ਚੀਨ ਨੇ ਨਦੀ ਨੂੰ ਰੋਕ ਦਿੱਤਾ ਜਾਂ ਇਸ ਦਾ ਵਹਾਅ ਬਦਲ ਦਿੱਤਾ ਤਾਂ ਦੋਵਾਂ ਦੇਸ਼ਾਂ ਨੂੰ ਨੁਕਸਾਨ ਹੋਵੇਗਾ। ਕੀ ਪਾਕਿਸਤਾਨ ਵੱਲ ਭਾਰਤ ਤੋਂ ਜਾਂਦਾ ਪਾਣੀ ਰੋਕਿਆ ਜਾ ਸਕਦਾ ਹੈ ਇਸ ਬਾਰੇ ਬੀਬੀਸੀ ਨੇ ਸੈਂਟਰਲ ਵਾਟਰ ਕਮਿਸ਼ਨ ਦੇ ਸਾਬਕਾ ਚੇਅਰਮੈਨ, ਏਕੇ ਬਜਾਜ ਨਾਲ ਗੱਲਬਾਤ ਕੀਤੀ ਪੇਸ਼ ਹੈ ਉਨ੍ਹਾਂ ਦਾ ਨਜ਼ਰੀਆ: ਪੂਰਬੀ ਦਰਿਆ ਸਤਲੁਜ, ਬਿਆਸ ਅਤੇ ਰਾਵੀ ਹਨ, ਬਿਆਸ ਦਾ ਪਾਣੀ ਤਾਂ ਪਹਿਲਾਂ ਹੀ ਪਾਕਿਸਤਾਨ ਨਹੀਂ ਜਾਂਦਾ ਅਤੇ ਇੰਡਸ ਵਾਟਰ ਸੰਧੀ ਤਹਿਤ ਭਾਰਤ ਜਿਵੇਂ ਮਰਜ਼ੀ ਉਸ ਦੀ ਵਰਤੋਂ ਕਰ ਸਕਦਾ ਹੈ। ਪਾਕਿਸਤਾਨ ਨੂੰ ਪਾਣੀ ਨਾ ਜਾਵੇ, ਇਸ ਲਈ ਅਸੀਂ 10 ਸਾਲ ਤੋਂ ਕੋਸ਼ਿਸ਼ ਕਰ ਰਹੇ ਹਾਂ। ਸਾਲ 2009-10 ਵਿੱਚ ਕੈਬਨਿਟ ਸਕੱਤਰ ਦੀ ਅਗਵਾਈ ਵਿੱਚ ਇੱਕ ਕਮੇਟੀ ਬਣੀ ਸੀ। ਕਮੇਟੀ ਦਾ ਕੰਮ ਇਹ ਦੇਖਣਾ ਸੀ ਕਿ ਕਿਵੇਂ ਅਤੇ ਕਿਸ ਤਰ੍ਹਾਂ ਅਸੀਂ ਪਾਕਿਸਤਾਨ ਵੱਲ ਜਾਂਦੇ ਪਾਣੀ ਨੂੰ ਰੋਕ ਸਕਦੇ ਹਾਂ। ਇਸ ਲਈ ਸਾਨੂੰ ਨਿਰਮਾਣ ਕਰਨ ਦੀ ਲੋੜ ਹੈ, ਜਿਵੇਂ ਸ਼ਾਹਪੁਰ ਕਾਂਡੀ ਬੰਨ੍ਹ ਬਣਨ ਨਾਲ ਅਸੀਂ ਕਾਫ਼ੀ ਪਾਣੀ ਰੋਕ ਸਕਾਂਗੇ।

### ਪਾਕਿਸਤਾਨ 'ਤੇ ਅਸਰ

ਪਾਕਿਸਤਾਨ 'ਤੇ ਵੈਸੇ ਤਾਂ ਇਸ ਦਾ ਕੋਈ ਅਸਰ ਨਹੀਂ ਪੈਣ ਵਾਲਾ ਕਿਉਂਕਿ ਸੰਧੀ ਤਹਿਤ ਪਾਣੀ 'ਤੇ ਅਧਿਕਾਰ ਭਾਰਤ ਦਾ ਹੈ। ਇਸ ਲਈ ਪਾਕਿਸਤਾਨ ਸਿਰਫ਼ ਉਹ ਪਾਣੀ ਵਰਤਦਾ ਹੈ ਜੋ ਇਤਫਾਕ ਨਾਲ ਜਾਂ ਕਦੇ-ਕਦੇ ਉਧਰ ਚਲਾ ਜਾਂਦਾ ਹੈ। ਪਾਕਿਸਤਾਨ ਨੇ ਸੰਧੀ 'ਤੇ ਕਾਫ਼ੀ ਪੈਸੇ ਦਿੱਤੇ ਸਨ, ਇਸ ਲਈ ਇਸ 'ਤੇ ਭਾਰਤ ਦਾ ਪੂਰਾ ਹੱਕ ਹੈ।

### ਪੁਲਵਾਮਾ ਹਮਲੇ ਤੋਂ ਬਾਅਦ ਟ੍ਰਿਟੀ ਤੋੜਨ ਦੀ ਗੱਲ

ਇਹ ਕਦਮ ਠੀਕ ਨਹੀਂ ਰਹੇਗਾ। ਸਾਡੇ ਕੋਲ ਅਜਿਹਾ ਪ੍ਰਬੰਧ ਨਹੀਂ ਕਿ ਪਾਣੀ ਰੋਕ ਸਕੀਏ। ਸਿੰਧੂ ਨਦੀ ਸੰਧੀ ਆਪਣੀ ਥਾਂ ਬਣੀ ਰਹੇਗੀ। ਪੱਛਮੀ ਨਦੀ ਦਾ 3.6 ਮਾਸ ਜਾਇਜ਼ ਪਾਣੀ ਹੈ, ਅਸੀਂ ਉਸ ਲਈ ਵੀ ਪ੍ਰੋਜੈਕਟ ਨਹੀਂ ਬਣਾ ਸਕੇ। ਜਦੋਂ ਤੱਕ ਪਾਣੀ ਲਈ ਪ੍ਰੋਜੈਕਟ ਨਹੀਂ ਬਣਦੇ ਪਾਣੀ ਰੋਕਣਾ ਔਖਾ ਹੈ। ਸੰਧੀ ਤੋੜਨਾ ਚੰਗਾ ਵੀ ਨਹੀਂ ਹੋਵੇਗਾ ਕਿਉਂਕਿ ਇਸ ਨਾਲ ਕੌਮਾਂਤਰੀ ਭਾਈਚਾਰੇ 'ਚ ਵਧੀਆਂ ਅਕਸ ਨਹੀਂ ਜਾਵੇਗਾ। ਇਹ ਸੰਧੀ ਸਿਰਫ਼ ਦੋਵਾਂ ਮੁਲਕਾਂ ਵਿਚਾਲੇ ਨਹੀਂ ਵਿਸ਼ਵ ਬੈਂਕ ਦੇ ਤਹਿਤ ਚਲਦੀ ਹੈ। ਜਦੋਂ ਵੀ ਕੋਈ ਮੁੱਦਾ ਗੱਲਬਾਤ ਨਾਲ ਨਹੀਂ ਸੁਲਝਦਾ ਤਾਂ ਉਹ ਮਸਲੇ ਦਾ ਹੱਲ ਕਰਦਾ ਹੈ। ਇਸ ਨਾਲ ਸਾਨੂੰ ਕੋਈ ਖ਼ਾਸਾ ਲਾਭ ਨਹੀਂ ਹੋਵੇਗਾ ਕਿਉਂਕਿ ਪਾਣੀ ਤਾਂ ਅਸੀਂ ਰੋਕ ਨਹੀ ਸਕਦੇ। ਸਾਨੂੰ ਨਵੇਂ ਡੈਮ ਬਣਾਉਣ ਲਈ ਕਰੀਬ 10 ਸਾਲ ਲੱਗਣਗੇ।

### ਪੱਛਮੀ ਨਦੀਆਂ

**ਸਿੰਧੂ-ਜੇਹਲਮ - ਝਨਾਬ**

ਇਨ੍ਹਾਂ ਦੇ ਅਧਿਕਾਰ ਵੀ ਭਾਰਤ ਕੋਲ ਹਨ। ਹਾਈਡਰੋਲਿਕ ਪ੍ਰੋਜੈਕਟ ਦੇ ਹੱਕ ਹਨ। ਸਾਡੇ ਕੋਲ 9 ਮਾਸ ਦਾ ਹੱਕ ਹੈ ਪਰ ਉਸ ਨੂੰ ਵੀ ਨਹੀਂ ਵਰਤਿਆ ਜਾ ਰਿਹਾ ਕਿਉਂਕਿ ਜਦੋਂ ਤੱਕ ਪ੍ਰੋਜੈਕਟ ਨਹੀਂ ਬਣਦਾ ਕੁਝ ਵੀ ਸੰਭਵ ਨਹੀਂ। ਸਾਡਾ ਨਾਮ ਬਦਨਾਮ ਹੋਵੇਗਾ ਕਿ ਪਹਿਲਾਂ ਸੰਧੀ ਕਰਦੇ ਹਾਂ ਫਿਰ ਪਿੱਛੇ ਹਟਦੇ ਹਾਂ। ਪਾਕਿਸਤਾਨ ਦਾ ਇਲਜ਼ਾਮ ਹੈ ਕਿ ਭਾਰਤ ਪ੍ਰੋਜੈਕਟ ਚਲਾ ਰਿਹਾ ਹੈ ਅਤੇ ਚੀਜ਼ਾਂ ਦੀ ਵਧੇਰੇ ਵਰਤੋਂ ਕਰਦਾ ਹੈ। ਪਾਕਿਸਤਾਨ ਚਾਹੁੰਦਾ ਹੈ ਕਿ ਜੋ ਇੰਡੀਆ ਬਣਾ ਰਿਹਾ ਹੈ ਉਸ ਦਾ ਵਿਰੋਧ ਹੋਵੇ। ਮਕਸਦ ਸੰਧੀ ਦਾ ਵਿਰੋਧ ਕਰਨਾ ਨਹੀਂ ਗਲਤ ਖ਼ਬਰਾਂ ਫੈਲਾਉਣੀਆਂ ਹੈ। ਪੱਛਮੀ ਦਰਿਆਵਾਂ ਤੋਂ ਮਿਲਦੇ ਪਾਣੀ ਦੇ ਚੌਥੇ ਹਿੱਸੇ 'ਤੇ ਭਾਰਤ ਦਾ ਅਧਿਕਾਰ ਹੈ। ਸਾਡੇ ਤੋਂ ਚਾਰ ਗੁਣਾ ਵੱਧ ਪਾਣੀ ਪਾਕਿਸਤਾਨ ਨੂੰ ਮਿਲਿਆ ਹੈ।

ਪੂਰਬੀ ਦਰਿਆਵਾਂ ਵਿੱਚ ਪਹਿਲਾਂ ਹੀ ਪਾਣੀ ਘੱਟ ਹੈ, ਇਸ ਲਈ ਵੱਧ ਵਰਤੋਂ ਕਰਨ ਦੀ ਵੀ ਸਾਡੇ ਕੋਲ ਸਮਰਥਾ ਨਹੀਂ ਹੈ। ਸੰਧੀ ਤਹਿਤ ਮਿਲੇ ਪਾਣੀ ਨੂੰ ਪੂਰੀ ਤਰ੍ਹਾਂ ਵਰਤਣ ਦੀ ਕੋਸ਼ਿਸ਼ ਹੈ। ਸਾਡੀ ਕੋਸ਼ਿਸ਼ ਰਹੇਗੀ ਕਿ ਪੱਛਮੀ ਨਦੀਆਂ ਦਾ ਪਾਣੀ ਵੀ ਰੋਕਿਆ ਜਾਵੇ ਪਰ ਉਸ ਨੂੰ ਭਾਰਤ ਵਿੱਚ ਵਰਤਣ ਦੀ ਸਾਡੇ ਕੋਲ ਸਮਰਥਾ ਨਹੀਂ ਹੈ।

# ਪੁਲਵਾਮਾ ਹਮਲਾ : ਪਾਕਿਸਤਾਨੀ ਮੁਟਿਆਰਾਂ ਨੇ ਸੋਸ਼ਲ ਮੀਡਿਆ 'ਤੇ ਸ਼ੁਰੂ ਕੀਤੀ 'ਅਮਨ ਦੀ ਲਹਿਰ'

ਭਾਰਤ-ਸ਼ਾਸਤ ਕਸ਼ਮੀਰ ਵਿੱਚ 14 ਫਰਵਰੀ ਨੂੰ ਹੋਏ ਅੱਤਵਾਦੀ ਹਮਲੇ ਬਾਬਤ ਪਾਕਿਸਤਾਨ ਦੀਆਂ ਕੁਝ ਮੁਟਿਆਰਾਂ ਨੇ ਸੋਸ਼ਲ ਮੀਡੀਆ ਉੱਪਰ ਇੱਕ ਲਹਿਰ ਸ਼ੁਰੂ ਕੀਤੀ ਹੈ, ਭਾਵ 'ਨਫ਼ਰਤ ਨੂੰ ਚੁਣੌਤੀ'।

ਇਸ ਦਾ ਮੁੱਖ ਟੀਚਾ ਹੈ ਪੁਲਵਾਮਾ ਵਿੱਚ ਮਾਰੇ ਗਏ ਫੌਜੀਆਂ ਦੇ ਪਰਿਵਾਰਾਂ ਨਾਲ ਹਮਦਰਦੀ ਜ਼ਾਹਰ ਕਰਨਾ, ਇਕਮੁੱਠਤਾ ਦਿਖਾਉਣਾ।

ਇਸ ਦੀ ਸ਼ੁਰੂਆਤ ਪੱਤਰਕਾਰ ਅਤੇ ਸ਼ਾਂਤੀ ਕਾਰਕੁਨ ਸਹਿਰ ਮਿਰਜ਼ਾ ਨੇ ਕੀਤੀ ਜਿਨ੍ਹਾਂ ਨੇ ਫੇਸਬੁੱਕ ਉੱਪਰ ਇੱਕ ਤਸਵੀਰ ਪਾਈ ਜਿਸ ਵਿੱਚ ਉਨ੍ਹਾਂ ਨੇ ਇੱਕ ਬੈਨਰ ਹੱਥ ਵਿੱਚ ਫੜ੍ਹਿਆ ਹੋਇਆ ਹੈ: 'ਮੈਂ ਇੱਕ ਪਾਕਿਸਤਾਨੀ ਹਾਂ, ਮੈਂ ਪੁਲਵਾਮਾ ਹਮਲੇ ਦੀ ਨਿਖੇਧੀ ਕਰਦੀ ਹਾਂ।'

ਫੇਸਬੁੱਕ ਉੱਤੇ 'ਅਮਨ ਕੀ ਆਸ਼ਾ' ਗਰੁੱਪ ਵਿੱਚ ਸਾਂਝੇ ਕੀਤੇ ਇਸ ਪੋਸਟ ਵਿੱਚ ਉਨ੍ਹਾਂ ਨੇ ਲਿਖਿਆ, "ਅਸੀਂ ਕਸ਼ਮੀਰ ਵਿੱਚ ਨਿਰਦੋਸ਼ਾਂ ਦੀਆਂ ਜਾਨਾਂ ਲੈਣ ਵਾਲੇ ਇਸ ਦਰਦਨਾਕ ਆਤੰਕੀ ਹਮਲੇ ਤੋਂ ਬਹੁਤ ਪਰੇਸ਼ਾਨ ਹਾਂ।"

ਸਹਿਰ ਮਿਰਜ਼ਾ ਨੇ ਸਲਾਹ ਦਿੱਤੀ ਹੈ ਕੀ ਦਹਿਸ਼ਤਗਰਦੀ ਅਤੇ ਜੰਗ ਦੇ ਮਾਹੌਲ ਖਿਲਾਫ ਦੋਵਾਂ ਦੇਸ਼ਾਂ ਵਿੱਚ ਆਵਾਜ਼ ਉੱਠਣੀ ਚਾਹੀਦੀ ਹੈ। ਉਨ੍ਹਾਂ ਨੇ ਪਾਕਿਸਤਾਨੀਆਂ ਨੂੰ ਸੱਦਾ ਦਿੱਤਾ ਕੀ ਉਹ ਵੀ ਪੁਲਵਾਮਾ ਹਮਲੇ ਦੀ ਨਿਖੇਧੀ ਖੁੱਲ੍ਹ ਕੇ ਕਰਨ "ਇਹ ਨਜ਼ਰ ਆ ਹੀ ਰਿਹਾ ਹੈ ਕੀ ਭਾਰਤ ਦੇ ਲੋਕ ਗੁੱਸੇ ਵਿੱਚ ਹਨ, ਉਨ੍ਹਾਂ ਨੂੰ ਦਰਦ ਵੀ ਮਹਿਸੂਸ ਹੋ ਰਿਹਾ ਹੈ। ਸੋਸ਼ਲ ਮੀਡੀਆ ਉੱਪਰ ਹਰ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਆ ਰਹੀਆਂ ਹਨ।" ਇਸੇ ਲਈ ਸਹਿਰ ਅਤੇ ਉਨ੍ਹਾਂ ਦੇ ਦੋਸਤਾਂ ਨੇ ਫੈਸਲਾ ਕੀਤਾ ਕੀ ਪਾਕਿਸਤਾਨ ਵੱਲੋਂ ਵੀ ਚੁੱਪ ਤੋੜਨੀ ਚਾਹੀਦੀ ਹੈ।

"ਮੈਨੂੰ ਲੱਗਦਾ ਹੈ ਕਿ ਗੁੱਸੇ, ਦੁੱਖ ਅਤੇ ਦਰਦ ਦੇ ਇਸ ਮਾਹੌਲ ਵਿੱਚ ਸਾਨੂੰ ਇੱਕ-ਦੂਜੇ ਨੂੰ ਪਲੋਸਣ ਲਈ ਵੀ ਕੁਝ ਥਾਵਾਂ ਬਣਾਉਣੀਆਂ ਚਾਹੀਦੀਆਂ ਹਨ। ਇਹ ਸਿਰਫ ਪਿਆਰ ਨਾਲ ਹੀ ਸੰਭਵ ਹੈ।"




ਆਪਣੀ ਫੇਸਬੁੱਕ ਪੋਸਟ ਵਿੱਚ ਸਹਿਰ ਨੇ ਮਸ਼ਹੂਰ ਸ਼ਾਇਰ ਸਾਹਿਰ ਲੁਧਿਆਣਵੀ ਦੀਆਂ ਕੁਝ ਉਰਦੂ ਸਤਰਾਂ ਵੀ ਅੰਗਰੇਜ਼ੀ ਤਰਜ਼ੁਮਾ ਕਰ ਕੇ ਲਿਖੀਆਂ ਹਨ, ਜਿਨ੍ਹਾਂ ਵਿੱਚੋਂ ਕੁਝ ਹਨ:

'ਖ਼ੂਨ ਅਪਨਾ ਹੋ ਯਾ ਪਰਾਯਾ ਹੋ,
ਨਸਲ-ਏ-ਆਦਮ ਕਾ ਖ਼ੂਨ ਹੈ ਆਖਿਰ,
ਜੰਗ ਮਸ਼ਰਿਕ ਮੈ ਹੋ ਯਾ
ਮਗ਼ਰਿਬ ਮੇਂ
ਅਮਨ-ਏ-ਆਲਮ ਕਾ
ਖ਼ੂਨ ਹੈ ਆਖਿਰ...'

ਜਿਨ੍ਹਾਂ ਲੋਕਾਂ ਨੇ ਉਨ੍ਹਾਂ ਦੀ ਅਪੀਲ ਤੋਂ ਬਾਅਦ ਸੰਦੇਸ਼ ਪਾਏ ਉਨ੍ਹਾਂ ਵਿਚ ਲਾਹੌਰ ਦੀ ਵਕੀਲ ਸ਼ਮਾਇਲਾ ਖ਼ਾਨ ਹਨ। ਸ਼ਮਾਇਲਾ ਨੇ ਲਿਖਿਆ, "ਸਾਨੂੰ ਲੱਗਿਆ ਕਿ ਜੋ ਗੱਲਬਾਤ ਇਸ ਹਮਲੇ ਤੋਂ ਬਾਅਦ ਹੋਈ ਉਸ ਵਿੱਚ ਅਮਨ ਦੀ ਗੱਲ ਨਹੀਂ ਸੀ।"

"ਦੋਵਾਂ ਪਾਸੋਂ ਅਤਿ-ਰਾਸ਼ਟਰਵਾਦ ਦੀ ਗੱਲ ਹੋਣ ਲੱਗੀ ਸੀ। ਅਸੀਂ ਦੋਹਾਂ ਪਾਸਿਓਂ ਨਾਗਰਿਕਾਂ ਦੁਆਰਾ ਸ਼ੁਰੂ ਕੀਤਾ ਇੱਕ ਅਮਨ ਦਾ ਪੈਗਾਮ ਪੇਸ਼ ਕਰਨਾ ਚਾਹੁੰਦੇ ਸੀ।" ਟਵਿੱਟਰ ਉੱਪਰ ਵੀ ਇਸ ਨੂੰ ਸਮਰਥਨ ਮਿਲਿਆ ਹੈ। 'ਅਮਨ ਕੀ ਆਸ਼ਾ' ਫੇਸਬੁੱਕ ਗਰੁੱਪ ਨੂੰ ਚਲਾਉਣ ਵਾਲੀ ਪਾਕਿਸਤਾਨੀ ਪੱਤਰਕਾਰ ਬੀਨਾ ਸਰਵਰ ਨੇ ਵੀ ਅਪੀਲ ਨੂੰ ਅੱਗੇ ਵਧਾਇਆ ਹੈ।

ਸਹਿਰ ਮਿਰਜ਼ਾ ਨੇ ਦੱਸਿਆ ਕਿ ਪ੍ਰਤੀਕਿਰਿਆ ਮਿਲੀ-ਜੁਲੀ ਰਹੀ ਹੈ। ਬਹੁਤ ਲੋਕ ਉਨ੍ਹਾਂ ਨੂੰ ਗਾਲਾਂ ਵੀ ਕੱਢ ਰਹੇ ਹਨ। "ਕਈਆਂ ਨੂੰ ਲੱਗਿਆ ਕਿ ਸਾਡੀਆਂ ਤਸਵੀਰਾਂ ਫਰਜ਼ੀ ਹਨ। ਦੋਵਾਂ ਪਾਸੇ ਹੀ ਅਮਨ-ਪਸੰਦ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਲਈ ਜ਼ਰੂਰੀ ਹੈ ਕਿ ਅਸੀਂ ਆਪਣੀ ਗੱਲ ਸਾਹਮਣੇ ਲਿਆਈਏ।" ਇਸ 'ਚੈਲੇਂਜ' ਦੀ ਨਿਖੇਧੀ ਕਰਨ ਵਾਲਿਆਂ ਵਿੱਚ ਕਈ ਅਜਿਹੇ ਸਨ ਜਿਨ੍ਹਾਂ ਮੁਤਾਬਕ ਭਾਰਤੀ ਫੌਜ ਵੱਲੋਂ ਕਸ਼ਮੀਰ ਵਿੱਚ ਤਸ਼ੱਦਦ ਹੀ ਇਸ ਹਮਲੇ ਲਈ ਜ਼ਿੰਮੇਵਾਰ ਹੈ।

ਬੁਰਹਾਨ ਗਿਲਾਨੀ ਨੇ ਟਵਿੱਟਰ 'ਤੇ ਲਿਖਿਆ, "ਜੇ ਪਾਕਿਸਤਾਨ ਦੇ ਅਮੀਰ ਵਰਗ ਨੂੰ ਇਹ ਨਹੀਂ ਸਮਝ ਆ ਰਿਹਾ ਕਿ ਸਾਡੇ ਪੜੋਸੀ ਖਿੱਤੇ ਵਿੱਚ ਕੀ ਹੋ ਰਿਹਾ ਹੈ ਤਾਂ ਇਸ ਵਰਗ ਦੇ ਲੋਕਾਂ ਨੂੰ ਅਜਿਹੇ (ਹਮਲੇ ਦੀ) ਨਿਖੇਧੀ ਦੇ ਸੰਦੇਸ਼ ਨਹੀਂ ਦੇਣੇ ਚਾਹੀਦੇ। ਸੋਚੋ, ਅਮਨ ਉਦੋਂ ਹੀ ਆਵੇਗਾ ਜਦੋਂ ਕਬਜ਼ਾ ਮੁੱਕ ਜਾਵੇਗਾ।"

ਸ਼ੁਮਾਇਲਾ ਖ਼ਾਨ ਮੁਤਾਬਕ ਕਈ ਲੋਕ ਪਰਿਪੇਖ ਨੂੰ ਚੰਗੀ ਤਰ੍ਹਾਂ ਸਮਝ ਰਹੇ ਹਨ ਅਤੇ ਕਹਿ ਰਹੇ ਹਨ ਕਿ ਅਜਿਹੇ ਗੁੰਝਲਦਾਰ ਮਸਲੇ ਨੂੰ ਇੱਕ ਸੋਸ਼ਲ ਮੀਡੀਆ ਲਹਿਰ 'ਚ ਨਹੀਂ ਸਮੇਟਿਆ ਜਾ ਸਕਦਾ।

"ਅਸੀਂ ਇਹ ਬਹਿਸ ਸ਼ੁਰੂ ਕਰ ਕੇ ਖੁਸ਼ ਹਾਂ ਕਿ ਪਾਕਿਸਤਾਨੀਆਂ ਨੂੰ ਅਜਿਹੇ ਹਮਲੇ ਤੋਂ ਬਾਅਦ ਕਹਿਣਾ ਕੀ ਚਾਹੀਦਾ ਹੈ। ਸਾਨੂੰ ਸੋਚਣਾ ਪਵੇਗਾ ਕਿ ਕਸ਼ਮੀਰੀਆਂ ਦਾ ਖਿਆਲ ਰੱਖਦੇ ਹੋਏ ਅਸੀਂ ਅਮਨ ਦੀ ਗੱਲ ਕਿਵੇਂ ਕਰ ਸਕਦੇ ਹਾਂ।" ਉਨ੍ਹਾਂ ਕਿਹਾ ਕਿ ਇਹ ਜ਼ਰੂਰੀ ਹੈ ਕਿ ਨਾਗਰਿਕ ਇਸ ਬਹਿਸ ਵਿੱਚ ਹਿੱਸਾ ਲੈਣ, "ਬਜਾਇ ਕਿ ਸਰਕਾਰਾਂ ਹੀ ਇਸ ਉੱਪਰ ਬਹਿਸਦੀਆਂ ਰਹਿਣ ਅਤੇ ਆਪਣੇ-ਆਪਣੇ ਰਾਸ਼ਟਰਵਾਦ ਦਾ ਹਵਾਲਾ ਦਿੰਦੀਆਂ ਰਹਿਣ"।

# ਦਹਿਸ਼ਤਗਰਦੀ ਵਿਰੁੱਧ ਜੰਗ ਲਈ ਭਾਰਤ ਨੂੰ ਕੌਮਾਂਤਰੀ ਸੁਨੇਹਾ

ਜੰਮੂ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿਚ ਸੈਂਟਰਲ ਰਿਜ਼ਰਵ ਪੁਲਿਸ ਫੋਰਸ 'ਤੇ ਹੋਏ ਆਤਮਘਾਤੀ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਤੋਂ 'ਸਭ ਤੋਂ ਵੱਧ ਤਰਜੀਹੀ ਮੁਲਕ' ਦਾ ਦਰਜਾ ਵਾਪਸ ਲੈ ਲਿਆ ਹੈ। ਇਸ ਗੱਲ ਦਾ ਦੋਵਾਂ ਦੇਸ਼ਾਂ ਵਿਚਲੇ ਵਪਾਰ 'ਤੇ ਕੋਈ ਜ਼ਿਆਦਾ ਅਸਰ ਨਹੀਂ ਪਵੇਗਾ ਕਿਉਂਕਿ ਹਿੰਦੋਸਤਾਨ ਨੇ ਤਾਂ ਪਾਕਿਸਤਾਨ ਨੂੰ ਵਪਾਰਕ ਤੌਰ 'ਤੇ ਸਭ ਤੋਂ ਵੱਧ ਤਰਜੀਹੀ ਮੁਲਕ ਮੰਨਿਆ ਹੋਇਆ ਸੀ ਪਰ ਪਾਕਿਸਤਾਨ ਨੇ ਭਾਰਤ ਨੂੰ ਇਹੋ ਜਿਹੀ ਮਾਨਤਾ ਕਦੇ ਨਹੀਂ ਸੀ ਦਿੱਤੀ, ਭਾਵ ਪਾਕਿਸਤਾਨ ਨੇ ਹਿੰਦੋਸਤਾਨ ਨਾਲ ਹੋਣ ਵਾਲੇ ਵਪਾਰ ਦੇ ਵਿਰੁੱਧ ਰੋਕਾਂ ਲਾਈ ਰੱਖੀਆਂ ਸਨ ਪਰ ਇਸ ਗੱਲ ਦਾ ਪ੍ਰਤੀਕਾਤਮਕ ਮਹੱਤਵ ਬਹੁਤ ਹੈ, ਕਿਉਂਕਿ ਭਾਰਤ ਦੇ ਇਸ ਪੈਂਤੜੇ ਨਾਲ ਸਾਰੇ ਦੇਸ਼ਾਂ ਦੇ ਕੂਟਨੀਤਕ ਤੇ ਸਫ਼ਾਰਤੀ ਹਲਕਿਆਂ ਵਿਚ ਇਹ ਸੰਦੇਸ਼ ਗਿਆ ਹੈ ਕਿ ਹਿੰਦੋਸਤਾਨ ਤੇ ਪਾਕਿਸਤਾਨ ਵਿਚਲੇ ਸਬੰਧ ਬਹੁਤ ਵਿਗੜ ਚੁੱਕੇ ਹਨ।



ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੌਹਨ ਬੋਲਟਨ ਨੇ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੂੰ ਫ਼ੋਨ ਕਰਕੇ ਕਿਹਾ ਹੈ ਕਿ ਅਮਰੀਕਾ ਭਾਰਤ ਦੀ ਆਤਮ ਸੁਰੱਖਿਆ ਲਈ ਕੀਤੀ ਜਾਣ ਵਾਲੀ ਕਿਸੇ ਵੀ ਕਾਰਵਾਈ ਦੀ ਹਮਾਇਤ ਕਰੇਗਾ। ਇਹ ਸੰਕੇਤ ਹੈ ਕਿ ਜੇਕਰ ਭਾਰਤ ਸਰਜੀਕਲ ਸਟਰਾਈਕ ਜਾਂ ਕੋਈ ਹੋਰ ਫ਼ੌਜੀ ਕਾਰਵਾਈ ਕਰਦਾ ਹੈ ਤਾਂ ਕਈ ਦੇਸ਼ ਉਸ ਦਾ ਸਮਰਥਨ ਕਰਨਗੇ। ਹਿੰਦੋਸਤਾਨ ਤੇ ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਵਿਚਕਾਰ ਹੋਈ ਇਸ ਗੱਲਬਾਤ ਦੀ ਤਾਸੀਰ ਦਸੰਬਰ-2016 ਵਿਚ ਹੋਈ ਗੱਲਬਾਤ ਤੋਂ ਬਿਲਕੁਲ ਵੱਖਰੀ ਹੈ। ਦਸੰਬਰ-2016 ਵਿਚ ਦਹਿਸ਼ਤਗਰਦਾਂ ਨੇ ਉੜੀ ਵਿਚ ਭਾਰਤੀ ਫ਼ੌਜ ਦੇ ਟਿਕਾਣੇ 'ਤੇ ਹਮਲਾ ਕੀਤਾ ਸੀ ਤਾਂ ਉਸ ਤੋਂ ਬਾਅਦ ਅਮਰੀਕਾ ਦੇ ਉਸ ਤਤਕਾਲੀਨ ਰਾਸ਼ਟਰੀ ਸੁਰੱਖਿਆ ਸਲਾਹਕਾਰ ਸੂਸਨ ਰਾਈਸ ਨੇ ਡੋਵਾਲ ਨੂੰ ਇਹ ਸੁਨੇਹਾ ਪਹੁੰਚਾਇਆ ਸੀ ਕਿ ਭਾਰਤ ਨੂੰ ਸੰਜਮ ਤੋਂ ਕੰਮ ਲੈਣ ਦੀ ਜ਼ਰੂਰਤ ਹੈ। ਇਸ ਵਾਰ ਭਾਰਤ ਵਿਚ ਅਮਰੀਕਾ ਦੇ ਰਾਜਦੂਤ ਤੇ ਅਮਰੀਕਾ ਦੇ ਸੈਕਟਰੀ ਆਫ਼ ਸਟੇਟ ਨੇ ਵੀ ਭਾਰਤ ਨੂੰ ਵਿਸ਼ਵਾਸ ਦਿਵਾਇਆ ਹੈ ਕਿ ਉਹ ਦਹਿਸ਼ਤਗਰਦੀ ਵਿਰੁੱਧ ਲੜਾਈ ਵਿਚ ਹਿੰਦੋਸਤਾਨ ਦੇ ਨਾਲ ਹਨ। ਅਮਰੀਕਾ ਦੇ 70 ਤੋਂ ਜ਼ਿਆਦਾ ਸੰਸਦ ਮੈਂਬਰਾਂ ਨੇ ਵੀ ਦਹਿਸ਼ਤਗਰਦਾਂ ਦੀ ਕਾਰਵਾਈ ਦੀ ਨਿਖੇਧੀ ਕੀਤੀ ਹੈ।

ਇਸ ਵੇਲੇ ਸਾਰੇ ਦੇਸ਼ ਵਿਚ ਦਹਿਸ਼ਤਗਰਦਾਂ ਦੀ ਇਸ ਕਾਰਵਾਈ ਦੇ ਵਿਰੁੱਧ ਰੋਸ ਹੈ ਪਰ ਸੁਰੱਖਿਆ ਤੇ ਫ਼ੌਜੀ ਕਾਰਵਾਈਆਂ ਕਰਨ ਲਈ ਦੂਰ-ਦ੍ਰਿਸ਼ਟੀ ਤੇ ਸੂਝ ਤੋਂ ਕੰਮ ਲੈਣਾ ਚਾਹੀਦਾ ਹੈ। ਇਸ ਸਬੰਧੀ ਰਾਜਸੀ ਮਾਹਿਰ ਦੋ ਤਰ੍ਹਾਂ ਦੀ ਰਾਇ ਦੇ ਰਹੇ ਹਨ। ਕੁਝ ਮਾਹਿਰਾਂ ਅਨੁਸਾਰ ਫ਼ੌਜ ਤੇ ਸੁਰੱਖਿਆ ਬਲਾਂ ਨੂੰ ਆਪਣਾ ਸਾਰਾ ਧਿਆਨ ਕਸ਼ਮੀਰ 'ਤੇ ਕੇਂਦਰਿਤ ਕਰਨਾ ਚਾਹੀਦਾ ਹੈ ਅਤੇ ਦਹਿਸ਼ਤਗਰਦਾਂ ਵਿਰੁੱਧ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਕੁਝ ਹੋਰ ਰਾਜਸੀ ਮਾਹਿਰਾਂ ਦਾ ਖਿਆਲ ਹੈ ਕਿ ਸੁਰੱਖਿਆ ਬਲਾਂ ਦੀ ਕਾਰਵਾਈ ਦੇ ਨਾਲ ਨਾਲ ਭਾਰਤ ਨੂੰ ਕੂਟਨੀਤਕ ਤੌਰ 'ਤੇ ਪਾਕਿਸਤਾਨ 'ਤੇ ਅੰਤਰਰਾਸ਼ਟਰੀ ਦਬਾਓ ਵਧਾਉਣਾ ਚਾਹੀਦਾ ਹੈ ਕਿ ਉਹ ਜੈਸ਼-ਏ-ਮੁਹੰਮਦ, ਲਸ਼ਕਰ-ਏ-ਤੋਇਬਾ, ਹਿਜ਼ਬੁਲ-ਮੁਜਾਹਿਦੀਨ ਅਤੇ ਹੋਰ ਦਹਿਸ਼ਤਗਰਦ ਜਥੇਬੰਦੀਆਂ ਵਿਰੁੱਧ ਸਖ਼ਤ ਕਦਮ ਚੁੱਕੇ ਅਤੇ ਨਾਲ ਨਾਲ ਹਿੰਦੁਸਤਾਨੀ ਫ਼ੌਜ ਨੂੰ ਵੀ ਪਹਿਲਾਂ ਕੀਤੀ ਸਰਜੀਕਲ ਸਟਰਾਈਕ ਵਰਗੀ ਫ਼ੌਜੀ ਕਾਰਵਾਈ ਕਰਨੀ ਚਾਹੀਦੀ ਹੈ; ਕਾਰਵਾਈ ਕਰਨ ਦੇ ਤੌਰ-ਤਰੀਕੇ ਤੇ ਵਕਤ ਬਾਰੇ ਫ਼ੈਸਲੇ ਫ਼ੌਜ, ਸੁਰੱਖਿਆ ਬਲਾਂ ਤੇ ਖ਼ੁਫ਼ੀਆ ਏਜੰਸੀਆਂ ਦੁਆਰਾ ਕੀਤੇ ਜਾਣੇ ਚਾਹੀਦੇ ਹਨ। ਇਸ ਦੇ ਨਾਲ ਨਾਲ ਇਕ ਹੋਰ ਵੱਡੀ ਜ਼ਿੰਮੇਵਾਰੀ ਸਿਆਸਤਦਾਨਾਂ 'ਤੇ ਇਹ ਆਉਂਦੀ ਹੈ ਕਿ ਫ਼ੌਜ ਤੇ ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ਦੇ ਨਾਲ ਨਾਲ ਕਸ਼ਮੀਰੀਆਂ ਦਾ ਵਿਸ਼ਵਾਸ ਜਿੱਤਣ ਲਈ ਵੱਡੇ ਪੱਧਰ ਉੱਤੇ ਮੁਹਿੰਮ ਚਲਾਈ ਜਾਵੇ। ਕਈ ਥਾਵਾਂ 'ਤੇ ਕਸ਼ਮੀਰੀ ਵਿਦਿਆਰਥੀਆਂ ਵਿਰੁੱਧ ਮੁਜ਼ਾਹਰੇ ਹੋਏ ਹਨ ਤੇ ਉਨ੍ਹਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ। ਇਹੋ ਜਿਹੇ ਰੁਝਾਨ ਨੂੰ ਰੋਕਣ ਦੀ ਜ਼ਿੰਮੇਵਾਰੀ ਵੀ ਸਰਕਾਰ ਤੇ ਸਿਆਸਤਦਾਨਾਂ ਦੀ ਹੀ ਹੈ ਕਿਉਂਕਿ ਇਨ੍ਹਾਂ ਨਾਲ ਕਸ਼ਮੀਰੀ ਨੌਜਵਾਨਾਂ ਵਿਚ ਪਹਿਲਾਂ ਤੋਂ ਪਨਪ ਰਹੀ ਬੇਗ਼ਾਨਗੀ ਦੀ ਭਾਵਨਾ ਵਧੇਗੀ।

GOLDEN INDIA
RESTAURANT
North & South Indian Cuisine
EVERY DAY LUNCH BUFFET : 11AM - 3 PM
Mon - Fri : 5 PM - 9.30 PM
Sat - Sun : 5 PM - 10 PM
To-Go, DINING & CATERING SERVICES AVAILABLE
GOLDEN INDIA, FREMONT
North & South Indian Cuisine
WWW.GOLDENINDIAFREMONT.COM
GOLDENINDIAEVENT@GMAIL.COM
Contact for catering
Rakesh kumar
510-745-1000
4918 Paseo Padre Pkwy, Fremont, CA 94555

## ਬਜ਼ੁਰਗਾਂ ਲਈ ਖੁਸ਼ਖਬਰੀ

ਬੇ-ਏਰੀਆ ਵਿਚ ਬਜ਼ੁਰਗ ਘਰਾਂ 'ਚ ਬੈਠ-ਬੈਠ ਅੱਕ ਜਾਂਦੇ ਹਨ। ਬਾਹਰ ਉਹਨਾਂ ਨੂੰ ਕੋਈ ਲਿਜਾਣ ਵਾਲਾ ਨਹੀਂ। ਉਹ ਜ਼ਿਆਦਾਤਰ ਇਕੱਲੇਪਣ ਨਾਲ ਤੰਗ ਹੁੰਦੇ ਹਨ। ਇਸੇ ਲਈ ਉਹਨਾਂ ਦਾ ਦਿਲ ਲਾਉਣ ਲਈ ਡਾ. ਹਰਮੇਸ਼ ਕੁਮਾਰ ਹੁਰਾਂ ਨੇ ਇਕ ਤਰਕੀਬ ਤਹਿਤ ਰੈਸਟੋਰੈਂਟ ਵੱਲੋਂ ਮੱਕੀ ਦੀ ਰੋਟੀ ਤੇ ਸਾਗ ਬਣਾ ਕੇ ਆਪਣੇ ਇਲਾਕੇ ਦੇ ਪੰਜਾਬੀਆਂ ਤੱਕ ਸਵਾਦਿਸ਼ਟ ਖਾਣਾ ਖੁਆਉਣ ਲਈ ਇਹਨਾਂ ਬਜ਼ੁਰਗਾਂ ਨੂੰ ਕੰਮ ਦੇਣ ਦੀ ਸੋਚ ਕੀਤੀ ਹੈ, ਜਿਸ ਵਿਚ ਰੈਸਟੋਰੈਂਟ ਵੱਲੋਂ ਮੱਕੀ ਦੀ ਰੋਟੀ ਤੇ ਸਾਗ ਵਰਤਾਇਆ ਜਾਇਆ ਕਰੇਗਾ।

ਕੋਈ ਵੀ ਬਜ਼ੁਰਗ ਮਾਤਾ-ਭੈਣ ਜੀ ਜੇ ਚਾਹੁਣ ਤਾਂ ਉਸ ਰੈਸਟੋਰੈਂਟ ਵਿਚ ਦੋ ਘੰਟੇ, ਚਾਰ ਘੰਟੇ ਜਾਂ ਜਿੰਨੀ ਦੇਰ ਕੰਮ ਕਰਨਾ ਚਾਹੁਣ ਕਰ ਸਕਦੇ ਹਨ। ਤਨਖਾਹ ਵੀ ਮਿਲੇਗੀ। ਘਰਾਂ ਤੋਂ ਲਿਆਉਣ ਤੇ ਛੱਡਣ ਦਾ ਜ਼ਿੰਮਾ ਰੈਸਟੋਰੈਂਟ ਮਾਲਕਾਂ ਦਾ ਹੋਵੇਗਾ।

ਜਾਣਕਾਰੀ ਲਈ ਫੋਨ ਕਰੋ 925-285-9881

Dr. Harmesh Kumar

Golden India Restaurant, Fremont

# ਕਿੰਨੇ ਕੁ ਲੋਕਾਂ ਦੀ ਪਹੁੰਚ ਵਿਚ ਹੈ ਸਿਆਸਤ ਦੀ ਖੇਡ?

ਚੋਣ ਕਮਿਸ਼ਨ ਨੇ ਛੋਟੇ ਵਿਧਾਨ ਸਭਾ ਹਲਕੇ ਦੀ ਚੋਣ ਲਈ 16 ਲੱਖ ਅਤੇ ਵੱਡੇ ਹਲਕੇ ਲਈ 20 ਲੱਖ ਰੁਪਏ ਤੱਕ ਖਰਚਣ ਦੀ ਇਜਾਜ਼ਤ ਦੇ ਦਿੱਤੀ ਹੋਈ ਹੈ। ਇਸੇ ਤਰ੍ਹਾਂ ਛੋਟੇ ਲੋਕ ਸਭਾ ਹਲਕੇ ਲਈ 54 ਲੱਖ ਅਤੇ ਵੱਡੇ ਹਲਕੇ ਲਈ 70 ਲੱਖ ਰੁਪਏ ਤੱਕ ਖਰਚ ਕੋਈ ਵੀ ਉਮੀਦਵਾਰ ਕਰ ਸਕਦਾ ਹੈ ਪਰ ਉਸ ਦੇਸ਼ ਜਿੱਥੇ 22 ਫੀਸਦੀ ਜਾਂ 30 ਕਰੋੜ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰ ਰਹੇ ਹੋਣ, ਉੱਥੇ ਕੋਈ ਆਮ ਬੰਦਾ ਸਾਰੀ ਉਮਰ ਵੀ ਵਿਧਾਨ ਸਭਾ ਹਲਕੇ ਵਿਚ ਖਰਚਣ ਜੋਗੇ ਪੈਸੇ ਨਹੀਂ ਕਮਾ ਸਕਦਾ। ਗਰੀਬੀ ਦੀ ਰੇਖਾ ਦੀ ਪਰਿਭਾਸ਼ਾ ਇਹ ਦਿੱਤੀ ਜਾਂਦੀ ਹੈ ਕਿ ਪਿੰਡਾਂ ਵਿਚ ਜਿਸ ਬੰਦੇ ਦੀ ਰੋਜ਼ਾਨਾ 27 ਰੁਪਏ ਅਤੇ ਸ਼ਹਿਰਾਂ ਵਿਚ 32 ਰੁਪਏ ਆਮਦਨ ਹੈ, ਉਹ ਗਰੀਬੀ ਦੀ ਰੇਖਾ ਤੋਂ ਉਪਰ ਹੈ। ਜ਼ਾਹਿਰ ਹੈ ਕਿ ਲੋਕ ਸਭਾ ਚੋਣ ਲਈ ਆਮ ਬੰਦੇ ਦਾ ਪੂਰਾ ਪਰਿਵਾਰ ਵੀ ਸਾਰੀ ਜ਼ਿੰਦਗੀ ਓਨੀ ਕਮਾਈ ਨਹੀਂ ਕਰ ਸਕਦਾ। ਇਸ ਹਾਲਤ ਵਿਚ ਚੋਣ ਵਿਚ ਖੜ੍ਹੇ ਹੋਣ ਅਤੇ ਚੋਣਾਂ ਦੌਰਾਨ ਹਰ ਇਕ ਲਈ ਬਰਾਬਰ ਦੇ ਮੌਕੇ ਕਿਸ ਤਰ੍ਹਾਂ ਕਹੇ ਜਾ ਸਕਦੇ ਹਨ?

ਕਿਸੇ ਵੀ ਲੋਕਤੰਤਰ ਦੀ ਸਫ਼ਲਤਾ ਲਈ ਦੋ ਮੁੱਢਲੇ ਤੱਤ ਹਨ: ਵਿੱਦਿਆ ਅਤੇ ਖੁਸ਼ਹਾਲੀ, ਜਿਨ੍ਹਾਂ ਦੇ ਆਧਾਰ ’ਤੇ ਵੋਟ ਪਾਉਣ ਵਾਲਾ ਸ਼ਖ਼ਸ ਠੀਕ ਉਮੀਦਵਾਰ ਦੀ ਚੋਣ ਕਰ ਸਕਦਾ ਹੈ। ਖੁਸ਼ਹਾਲੀ ਜਾਂ ਗਰੀਬੀ ਬਾਰੇ ਤਾਂ ਉੱਤੇ ਦਿੱਤੀ ਪਰਿਭਾਸ਼ਾ ਰਾਹੀਂ ਦੱਸਿਆ ਹੀ ਗਿਆ ਹੈ; ਵਿੱਦਿਆ ਦੇ ਪੱਖ ਤੋਂ ਅਜੇ ਵੀ ਦੇਸ਼ ਦੀ ਸਾਖ਼ਰਤਾ ਦਰ 72 ਫੀਸਦੀ ਹੈ। ਇਸ ਦਾ ਅਰਥ ਹੈ ਕਿ 100 ਵਿਚੋਂ 28 ਬੱਚੇ 8ਵੀਂ ਜਮਾਤ ਤੋਂ ਪਹਿਲਾਂ ਹੀ ਸਕੂਲ ਛੱਡ ਜਾਂਦੇ ਹਨ, ਤੇ 8ਵੀਂ ਜਮਾਤ ਪੜ੍ਹੇ ਬੱਚੇ ਨੂੰ ਪੜ੍ਹਿਆਂ-ਲਿਖਿਆਂ ਵਿਚ ਗਿਣ ਲਿਆ ਜਾਂਦਾ ਹੈ। ਬਹੁਤ ਸਾਰੀਆਂ ਰਿਪੋਰਟਾਂ ਵਿਚ ਇਹ ਗੱਲ ਦੱਸੀ ਗਈ ਹੈ ਕਿ ਚੋਣਾਂ ਵਿਚ ਪੈਸੇ ਨਾਲ ਵੋਟਰਾਂ ਨੂੰ ਪ੍ਰਭਾਵਿਤ ਕੀਤਾ ਜਾਂਦਾ ਹੈ। ਪਿੱਛੇ ਜਿਹੇ ਔਕਸਫਾਮ ਨੇ ਦੇਸ਼ ਵਿਚ ਆਮਦਨ ਦੀ ਨਾਬਰਾਬਰੀ ਦੀ ਜਿਹੜੀ ਰਿਪੋਰਟ ਦਿੱਤੀ ਹੈ, ਉਸ ਅਨੁਸਾਰ ਸਿਰਫ਼ ਇਕ ਫੀਸਦੀ ਲੋਕਾਂ ਕੋਲ ਦੇਸ਼ ਦੇ ਕੁੱਲ ਧਨ ਵਿਚੋਂ 51.55 ਫੀਸਦੀ ਹੈ, ਜਦੋਂਕਿ 10 ਫੀਸਦੀ ਕੋਲ 77.4 ਫੀਸਦੀ ਧਨ ਹੈ। ਫਿਰ ਦੇਸ਼ ਦੇ ਸਿਰਫ਼ 9 ਅਮੀਰ ਆਦਮੀਆਂ ਕੋਲ ਓਨਾ ਧਨ ਹੈ, ਜਿੰਨਾ ਦੇਸ਼ ਦੀ ਅੱਧੀ ਆਬਾਦੀ ਜਾਂ 65 ਕਰੋੜ ਲੋਕਾਂ ਕੋਲ ਹੈ। ਦੇਸ਼ ਦੇ 10 ਫੀਸਦੀ ਜਾਂ 13.6 ਕਰੋੜ ਲੋਕ, ਜਿਹੜੇ 2004 ਤੋਂ ਲਗਾਤਾਰ ਗਰੀਬੀ ਭੋਗ ਰਹੇ ਹਨ, ਉਹ ਕਰਜ਼ੇ ਦੇ ਬੋਝ ਥੱਲੇ ਦੱਬੇ ਹੋਏ ਹਨ। ਵਧਦੀ ਹੋਈ ਨਾਬਰਾਬਰੀ ਬਾਰੇ ਜਿਹੜੇ ਹਾਲਾਤ ਦੱਸੇ ਗਏ ਹਨ, ਉਸ ਅਨੁਸਾਰ ਪਿਛਲੇ ਸਾਲ ਇਕ ਫੀਸਦੀ ਅਮੀਰਾਂ ਨੇ ਰੋਜ਼ਾਨਾ 2200 ਕਰੋੜ ਰੁਪਏ ਕਮਾਏ ਅਤੇ ਉਨ੍ਹਾਂ ਦੀ ਜਾਇਦਾਦ ਵਿਚ 39 ਫੀਸਦੀ ਵਾਧਾ ਹੋਇਆ। ਦੂਜੇ ਪਾਸੇ 50 ਫੀਸਦੀ ਆਬਾਦੀ ਦੀ ਜਾਇਦਾਦ ਵਿਚ ਸਿਰਫ਼ 3 ਫੀਸਦੀ ਦਾ ਵਾਧਾ ਹੋਇਆ ਹੈ।

ਅਸਾਵੇਂ ਵਿਕਾਸ ਵਿਚ ਖੇਤੀ ’ਤੇ ਅਜੇ ਵੀ ਅੱਧੀ ਤੋਂ ਵੱਧ ਵਸੋਂ ਨੂੰ ਨਿਰਭਰ ਕਰਨਾ ਪੈ ਰਿਹਾ ਹੈ, ਜਦੋਂਕਿ ਉਨ੍ਹਾਂ ਦਾ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿਚ ਯੋਗਦਾਨ 14 ਫੀਸਦੀ ਤੋਂ ਵੀ ਥੱਲੇ ਹੋ ਗਿਆ ਹੈ। ਬਾਕੀ ਦੀ ਤਕਰੀਬਨ 40 ਫੀਸਦੀ ਵਸੋਂ ਦੇ ਹਿੱਸੇ 86 ਫੀਸਦੀ ਆਮਦਨ ਆਉਂਦੀ ਹੈ। ਦੇਸ਼ ਵਿਚ ਗ਼ੈਰ-ਜਥੇਬੰਦ ਖੇਤਰ, ਜਿਸ ਵਿਚ ਹੁਣ ਤਕਰੀਬਨ 93 ਫੀਸਦੀ ਕਿਰਤ ਸ਼ਕਤੀ ਲੱਗੀ ਹੋਈ ਹੈ, ਦੇ ਵਧਣ ਕਰਕੇ ਉਨ੍ਹਾਂ ਦੀ ਸਮਾਜਿਕ ਸੁਰੱਖਿਆ ਜਿਵੇਂ ਪੈਨਸ਼ਨ, ਪ੍ਰਾਵੀਡੈਂਟ ਫੰਡ, ਬੀਮਾ ਆਦਿ ਸਹੂਲਤਾਂ ਵਿਚ ਵੱਡੀ ਕਮੀ ਆਈ ਹੈ।

ਭਾਰਤੀ ਰਾਜਨੀਤੀ ਵਿਚ ਪਰਿਵਾਰਕ ਨੇਤਾਗਿਰੀ ਪੀੜ੍ਹੀ-ਦਰ-ਪੀੜ੍ਹੀ ਚਲਦੀ ਆ ਰਹੀ ਹੈ ਅਤੇ ਚੱਲ ਰਹੀ ਹੈ। ਪਿੰਡਾਂ ਅਤੇ ਸ਼ਹਿਰਾਂ ਦੇ ਅਸਾਵੇਂ ਵਿਕਾਸ ਕਰਕੇ ਗਰੀਬੀ ਦੀ ਰੇਖਾ ਤੋਂ ਥੱਲੇ ਲੋਕਾਂ ਦੀ ਜ਼ਿਆਦਾ ਗਿਣਤੀ ਪਿੰਡਾਂ ਵਿਚ ਹੈ। ਪਿੰਡਾਂ ਵਿਚ ਸਿਹਤ ਅਤੇ ਵਿੱਦਿਅਕ ਸਹੂਲਤਾਂ ਪਛੜੀਆਂ



ਰਹਿਣ ਕਰਕੇ ਇਕ ਰਿਪੋਰਟ ਅਨੁਸਾਰ, ਯੂਨੀਵਰਸਿਟੀਆਂ ਅਤੇ ਉਚੇਰੀ ਵਿੱਦਿਆ ਦੀਆਂ ਸੰਸਥਾਵਾਂ ਵਿਚ ਪਿੰਡਾਂ ਦੇ ਸਿਰਫ਼ 4 ਫੀਸਦੀ ਵਿਦਿਆਰਥੀ ਹਨ। ਪਿੰਡਾਂ ਅਤੇ ਸ਼ਹਿਰਾਂ ਦੀ ਰਹਿਣੀ ਦੇ ਫ਼ਰਕ ਨੂੰ ਇਸ ਤੱਥ ਤੋਂ ਹੀ ਵਾਚਿਆ ਜਾ ਸਕਦਾ ਹੈ ਕਿ ਅਸੈਂਬਲੀ ਅਤੇ ਪਾਰਲੀਮੈਂਟ ਵਿਚ ਪ੍ਰਤੀਨਿਧਤਾ ਕਰਨ ਵਾਲਿਆਂ ਵਿਚੋਂ ਸ਼ਾਇਦ ਹੀ ਕਿਸੇ ਦੀ ਰਿਹਾਇਸ਼ ਪਿੰਡ ਵਿਚ ਹੋਵੇ ਹਾਲਾਂਕਿ ਜ਼ਿਆਦਾਤਰ ਪਾਰਲੀਮੈਂਟ ਤੇ ਅਸੈਂਬਲੀ ਹਲਕਿਆਂ ਵਿਚ ਵੋਟਰਾਂ ਦੀ ਵਧੇਰੇ ਗਿਣਤੀ ਪਿੰਡਾਂ ਵਿਚ ਰਹਿੰਦੀ ਹੈ, ਇਉਂ ਇਹ ਲੋਕ ਇਕ ਤਰ੍ਹਾਂ ਨਾਲ ਪਿੰਡਾਂ ਦੀ ਹੀ ਪ੍ਰਤੀਨਿਧਤਾ ਕਰਦੇ ਹਨ।

ਰਾਜਨੀਤੀ ਵਿਚ ਮਜ਼ਬੂਤ ਆਰਥਿਕਤਾ ਦੀ ਭੂਮਿਕਾ ਦਾ ਬੜਾ ਬੋਲਬਾਲਾ ਹੈ, ਫਿਰ ਇਹ ਮਜ਼ਬੂਤ ਹਾਲਤ ਹੀ ਬਾਕੀ ਤੱਤਾਂ ਨੂੰ ਪ੍ਰਭਾਵਿਤ ਕਰਦੀ ਹੈ। ਇਸ ਪ੍ਰਕਾਰ ਆਮਦਨ ਅਤੇ ਧਨ ਦੀ ਨਾਬਰਾਬਰੀ ਹੋਰ ਵਧ ਰਹੀ ਹੈ। ਰਾਜਨੀਤਿਕ ਸੀਮਾ ਵੀ ਲਗਾਤਾਰ ਸੁੰਗੜ ਰਹੀ ਹੈ ਅਤੇ ਘਟ ਰਹੀ ਹੈ। ਲੈ-ਦੇ ਕੇ ਸਿਰਫ਼ ਵੋਟ ਪਾਉਣ ਤੱਕ ਹੀ, ਹਰ ਇਕ ਦੀ ਬਰਾਬਰ ਭਾਗੀਦਾਰ ਸੀਮਤ ਹੋ ਗਈ ਹੈ ਅਤੇ ਇਸ ਨੂੰ ਪੈਸਾ, ਤੋਹਫੇ ਅਤੇ ਵਾਅਦੇ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਢੰਗ-ਤਰੀਕਿਆਂ ਨਾਲ ਲਗਾਤਾਰ ਵਿਕਾਸ ਅਤੇ ਖੁਸ਼ਹਾਲੀ ਦੇ ਵਾਅਦੇ ਤਾਂ ਭਾਵੇਂ ਕੀਤੇ ਜਾਂਦੇ ਹਨ ਪਰ ਖੁਸ਼ਹਾਲੀ ਬਣਨ ਵਾਲੇ ਆਧਾਰ ਦੀ ਕੋਈ ਵਿਆਖਿਆ ਨਹੀਂ ਕੀਤੀ ਜਾਂਦੀ। ਜਿਵੇਂ ਪਿੱਛੇ ਜਿਹੇ ਹੋਈਆਂ ਚੋਣਾਂ ਦੌਰਾਨ ਕਰਜ਼ਾ ਮੁਆਫ਼ੀ ਦੇ ਵਾਅਦੇ ਨਾਲ ਚੋਣਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਜ਼ਿਆਦਾਤਰ ਵਾਅਦੇ ਆਰਥਿਕਤਾ ਨਾਲ ਹੀ ਸਬੰਧਤ ਹੁੰਦੇ ਹਨ, ਜਿਨ੍ਹਾਂ ਵਿਚ ਰੁਜ਼ਗਾਰ ਪੈਦਾ ਕਰਨਾ ਮੁੱਖ ਹੈ ਜਦੋਂ ਕਿ ਰੁਜ਼ਗਾਰ-ਰਹਿਤ ਵਿਕਾਸ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਸਗੋਂ ਹੋਰ ਗੰਭੀਰ ਹੋਈ ਹੈ।

ਲੋਕਤੰਤਰ ਰਾਜ ਪ੍ਰਬੰਧ ਦੀ ਸਭ ਤੋਂ ਚੰਗੀ ਪ੍ਰਣਾਲੀ ਹੈ ਪਰ ਇਸ ਵਿਚ ਇਹ ਬਹੁਤ ਜ਼ਰੂਰੀ ਹੈ ਕਿ ਇਸ ਵਿਚ ਹਰ ਕੋਈ ਬਰਾਬਰ ਦਾ ਹਿੱਸੇਦਾਰ ਹੋਵੇ; ਰਾਜਨੀਤੀ ਜਾਂ ਵੋਟ ਨੂੰ ਪੈਸੇ ਨਾਲ ਜਾਂ ਕਿਸੇ ਲਾਲਚ ਵਿਚ ਪ੍ਰਭਾਵਿਤ ਨਾ ਕੀਤਾ ਜਾ ਸਕੇ। ਦੁਨੀਆਂ ਦੇ ਵਿਕਸਿਤ ਦੇਸ਼ਾਂ ਦਾ ਲੋਕਤੰਤਰ ਦਾ ਮਾਡਲ ਸਫ਼ਲ ਲੋਕਤੰਤਰ ਦੀ ਵਧੀਆ ਮਿਸਾਲ ਹੈ। ਉਨ੍ਹਾਂ ਦੇਸ਼ਾਂ ਵਿਚ ਕਦੇ ਵੀ ਵੋਟਰਾਂ ਨੂੰ ਪੈਸੇ ਨਾਲ ਪ੍ਰਭਾਵਿਤ ਕਰਨ ਜਾਂ ਲਾਲਚ ਦੇ ਕੇ ਪ੍ਰਭਾਵਿਤ ਕਰਨ ਦੀਆਂ ਖ਼ਬਰਾਂ ਜਾਂ ਮਿਸਾਲਾਂ ਨਹੀਂ ਮਿਲਦੀਆਂ। ਉਨ੍ਹਾਂ ਦੇਸ਼ਾਂ ਵਿਚ ਧਨ ਦੀ ਨਾਬਰਾਬਰੀ ਤਾਂ ਹੈ ਪਰ ਆਮਦਨ ਦੀ ਨਾਬਰਾਬਰੀ ਘੱਟ ਹੈ। ਘੱਟੋ-ਘੱਟ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਕਿ ਵੋਟਾਂ ਨੂੰ ਧਨ ਦੇ ਲਾਲਚ ਨਾਲ ਪ੍ਰਭਾਵਿਤ ਕੀਤਾ ਜਾ ਸਕੇ। ਫਿਰ ਉਨ੍ਹਾਂ ਦੇਸ਼ਾਂ ਵਿਚ ਸਾਖ਼ਰਤਾ ਦੀ ਦਰ ਵੀ 100 ਫੀਸਦੀ ਹੈ, ਠੀਕ ਚੋਣ ਦੀ ਸਮੱਸਿਆ ਨਹੀਂ।

ਇਸ ਦੇ ਉਲਟ ਭਾਰਤ ਵਿਚ ਆਮਦਨ ਦੀ ਨਾਬਰਾਬਰੀ ਹੈ ਜਿਹੜੀ ਸਗੋਂ ਹੋਰ ਵਧ ਰਹੀ ਹੈ ਅਤੇ 100 ਵਿਚੋਂ 72 ਸ਼ਖ਼ਸਾਂ ਦੇ ਅਨਪੜ੍ਹ ਹੋਣ ਕਰਕੇ ਫਿਰ ਦੇਸ਼ ਦੇ 3 ਕਰੋੜ ਬੱਚੇ ਕਿਰਤ ਕਰਨ ਲਈ ਮਜਬੂਰ ਹੋਣੇ ਅਤੇ ਉਨ੍ਹਾਂ ਦੀ ਗਿਣਤੀ ਵਿਚ ਹਰ ਸਾਲ ਹੋ ਰਿਹਾ ਵਾਧਾ, ਲੋਕਤੰਤਰ ਦੀ ਰੁਕਾਵਟ ਬਣਦਾ ਹੈ। ਇਸੇ ਕਰਕੇ ਲੋਕਤੰਤਰ ਵਿਚ ਹਰ ਇਕ ਦੀ ਹਿੱਸੇਦਾਰੀ ਨਹੀਂ ਬਣਦੀ ਅਤੇ ਰਾਜਨੀਤੀ ਦਾ ਇਕ ਹੀ ਪਰਿਵਾਰ ਵਿਚ ਸੁੰਗੜ ਕੇ ਰਹਿ ਜਾਣ ਦਾ ਕਾਰਨ ਵੀ ਬਣਦਾ ਹੈ।



ਡਾ.ਸ ਸ ਛੀਨਾ

ਆਮਦਨ ਦੀ ਨਾਬਰਾਬਰੀ ਆਪਣੇ ਆਪ ਹੀ ਖੁਸ਼ਹਾਲੀ ਦੀ ਸਭ ਤੋਂ ਵੱਡੀ ਰੁਕਾਵਟ ਹੈ। ਜ਼ਿਆਦਾ ਗਿਣਤੀ ਕੋਲ ਘੱਟ ਆਮਦਨ ਹੋਣ ਕਰਕੇ ਉਨ੍ਹਾਂ ਦੀ ਖਰੀਦ ਸ਼ਕਤੀ ਘੱਟ ਹੈ, ਜਿਸ ਕਰਕੇ ਉਹ ਘੱਟ ਵਸਤੂਆਂ ਅਤੇ ਸੇਵਾਵਾਂ ਖਰੀਦਦੇ ਹਨ। ਨਵੀਆਂ ਵਸਤੂਆਂ ਅਤੇ ਸੇਵਾਵਾਂ ਦੇ ਪੈਦਾ ਹੋਣ ਦੀ ਇਸ ਕਰਕੇ ਲੋੜ ਨਹੀਂ ਪੈਂਦੀ ਕਿਉਂ ਜੋ ਪਹਿਲੀਆਂ ਹੀ ਨਹੀਂ ਵਿਕਦੀਆਂ। ਇਸ ਕਰਕੇ ਜਿਸ ਤਰ੍ਹਾਂ ਰਾਜਨੀਤੀ ਸੁੰਗੜ ਕੇ ਕੁਝ ਕੁ ਲੋਕਾਂ ਤੱਕ ਸੀਮਤ ਰਹਿ ਜਾਂਦੀ ਹੈ, ਉਸ ਤਰ੍ਹਾਂ ਹੀ ਆਮਦਨ ਤੇ ਧਨ ਵੀ ਕੁਝ ਲੋਕਾਂ ਤੱਕ ਸੀਮਤ ਹੋ ਜਾਂਦਾ ਹੈ ਜੋ ਅਗਾਂਹ ਰਾਜਨੀਤੀ ਨੂੰ ਪ੍ਰਭਾਵਿਤ ਕਰਦਾ ਹੈ।

ਪਿਛਲੇ 70 ਸਾਲਾਂ ਤੋਂ ਚੋਣਾਂ ਦੇ ਇਹ ਨਾਅਰੇ ਲਗਾਤਾਰ ਚਰਚਿਤ ਰਹੇ ਹਨ: ਗਰੀਬੀ ਹਟਾਓ ਅਤੇ ਰੋਟੀ, ਕੱਪੜਾ ਤੇ ਮਕਾਨ। ਇਹ ਨਾਅਰੇ ਇਕ ਨਹੀਂ, ਹਰ ਪਾਰਟੀ ਥੋੜ੍ਹੇ-ਬਹੁਤੇ ਹੇਰ-ਫੇਰ ਨਾਲ ਵਰਤਦੀ ਹੈ। ਚੋਣਾਂ ਦੇ ਦਿਨਾਂ ਵਿਚ ਇਨ੍ਹਾਂ ਨਾਅਰਿਆਂ ਦੀ ਵਰਤੋਂ ਵਧ ਜਾਂਦੀ ਹੈ। ਵੋਟਰਾਂ ਨੂੰ ਉਨ੍ਹਾਂ ਸਾਰੀਆਂ ਆਰਥਿਕ ਸਮੱਸਿਆਵਾਂ ਦੇ ਖਾਤਮੇ ਦਾ ਸੁਪਨਾ ਦਿਖਾਇਆ ਜਾਂਦਾ ਹੈ; ਇਸ ਗੱਲ ਦੀ ਵਿਆਖਿਆ ਤੋਂ ਬਗੈਰ ਕਿ ਵੱਡੀਆਂ ਪ੍ਰਾਪਤੀਆਂ, ਜਿਨ੍ਹਾਂ ਦੇ ਵਾਅਦੇ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਕਿਸ ਤਰ੍ਹਾਂ ਪ੍ਰਾਪਤ ਕੀਤਾ ਜਾ ਸਕੇਗਾ। ਆਰਥਿਕਤਾ ਨੂੰ ਮਜ਼ਬੂਤ ਕਰਨ ਅਤੇ ਆਰਥਿਕ ਨਾਬਰਾਬਰੀਆਂ ਦੂਰ ਕਰਕੇ ਖੁਸ਼ਹਾਲ ਆਰਥਿਕਤਾ ਸਥਾਪਤ ਕਰਨ ਲਈ ਢਾਂਚੇ ਵਿਚ ਤਬਦੀਲੀਆਂ ਦੀ ਵਿਆਖਿਆ ਕਿਤੇ ਨਹੀਂ ਕੀਤੀ ਜਾਂਦੀ। ਫਿਰ ਜਦੋਂ ਉਸ ਗੱਲ ਦੀ ਵਿਆਖਿਆ ਨਹੀਂ ਕੀਤੀ ਜਾਂਦੀ ਤਾਂ ਚੋਣਾਂ ਤੋਂ ਬਾਅਦ ਉਸ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨ ਦੀ ਕੀ ਜ਼ਰੂਰਤ ਹੁੰਦੀ ਹੈ? ਇਸ ਤਰ੍ਹਾਂ ਇਨ੍ਹਾਂ ਲੋਕ ਲੁਭਾਊ ਨਾਅਰਿਆਂ ਅਤੇ ਵਾਅਦਿਆਂ ਦਾ ਦੌਰ ਇਕ ਚੋਣ ਤੋਂ ਬਾਅਦ ਦੂਸਰੀ ਚੋਣ ਤੱਕ ਚਲਦਾ ਜਾ ਰਿਹਾ ਹੈ। ਲੋਕਤੰਤਰ ਵਿਚ ਹਰ ਇਕ ਦੀ ਹਿੱਸੇਦਾਰੀ ਬਣਾਉਣ ਲਈ ਰੁਕਾਵਟਾਂ ਦੂਰ ਕਰਨ ਲਈ ਯਤਨ ਹੋਣੇ ਚਾਹੀਦੇ ਹਨ। ਚੋਣ ਕਮਿਸ਼ਨ ਘੱਟੋ-ਘੱਟ ਖਰਚ ਨਾਲ ਚੋਣਾਂ ਕਰਵਾਉਣ ਦਾ ਪ੍ਰਬੰਧ ਕਰੇ। ਇਸ ਦੇ ਨਾਲ ਹੀ ਵੱਡੇ ਆਰਥਿਕ ਢਾਂਚੇ ਵਿਚ ਅਜਿਹੀ ਤਬਦੀਲੀ ਹੋਵੇ ਜਿਸ ਨਾਲ ਧਨ ਅਤੇ ਆਮਦਨ ਨਾਬਰਾਬਰੀ ਦਾ ਖਾਤਮਾ ਹੋਵੇ।

ਸਾਖ਼ਰਤਾ ਦਰ 100 ਫੀਸਦੀ ਕਰਨ ਅਤੇ ਖੁਸ਼ਹਾਲੀ ਵਧਾਉਣ ਲਈ ਯਤਨ ਹੋਣੇ ਚਾਹੀਦੇ ਹਨ ਤਾਂ ਕਿ ਹਰ ਇਕ ਲਈ ਚੋਣ ਵਿਚ ਹਿੱਸਾ ਲੈਣਾ ਹੀ ਨਹੀਂ, ਚੋਣ ਲੜਨਾ ਵੀ ਸੰਭਵ ਹੋਵੇ।

# ਕਿਮ ਜੌਂਗ ਉਨ ਇਸ ਟਰੇਨ ’ਚ ਹੀ ਕਿਉਂ ਸਫ਼ਰ ਕਰਦੇ ਹਨ?

ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਮਿਲਣ ਲਈ ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਆਪਣੀ ਖਾਸ ਟਰੇਨ ਵਿੱਚ ਸਫਰ ਕਰਕੇ ਪਹੁੰਚੇ। ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਕਿਮ 10 ਜਨਵਰੀ ਤੱਕ ਚੀਨ ਵਿੱਚ ਰਹਿਣਗੇ। ਖਬਰਾਂ ਹਨ ਕਿ ਇਹ ਦੌਰਾ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਅਤੇ ਕਿਮ ਦੇ ਦੂਜੇ ਸਮਿਟ ਹੋਏ ਜਾਣ ਬਾਰੇ ਗੱਲਾਂ ਨਾਲ ਜੁੜਿਆ ਲਗਦਾ ਹੈ। ਇਸ ਗੱਲ ’ਤੇ ਹੈਰਾਨੀ ਹੋ ਸਕਦੀ ਹੈ ਕਿ ਸਮਾਂ ਬਚਾਉਣ ਲਈ ਦੁਨੀਆਂ ਦੇ ਵਧੇਰੇ ਨੇਤਾ ਜਦੋਂ ਜਹਾਜ਼ ਅਤੇ ਹੈਲੀਕਾਪਟਰ ਵਿੱਚ ਸਫ਼ਰ ਕਰਦੇ ਹਨ ਤਾਂ ਫਿਰ ਉੱਤਰੀ ਕੋਰੀਆ ਵਿੱਚ ਉਲਟੀ ਗੰਗਾ ਕਿਉਂ ਵਹਿ ਰਹੀ ਹੈ।

### ਹਵਾਈ ਸਫ਼ਰ ਵਿੱਚ ਡਰ ਕਿਉਂ?

ਕਿਮ ਜੋਂਗ ਦੇ ਪਿਤਾ ਕਿਮ ਜੋਂਗ ਇਲ ਨੂੰ ਵੀ ਹਵਾਈ ਜਹਾਜ਼ ਵਿੱਚ ਸਫ਼ਰ ਕਰਨ ਤੋਂ ਨਫ਼ਰਤ ਸੀ। ਜਦੋਂ ਉਹ ਸਾਲ 2002 ਵਿੱਚ ਤਿੰਨ ਹਫ਼ਤੇ ਦੇ ਰੂਸ ਦੌਰੇ ’ਤੇ ਗਏ ਸੀ, ਤਾਂ ਉਨ੍ਹਾਂ ਨਾਲ ਸਫ਼ਰ ਕਰਨ ਵਾਲੇ ਇੱਕ ਰੂਸੀ ਅਫ਼ਸਰ ਨੇ ਇਸ ਟਰੇਨ ਬਾਰੇ ਦੱਸਿਆ ਸੀ। ਇਸ ਰੇਲ ਗੱਡੀ ਵਿੱਚ ਦੁਨੀਆਂ ਦੀ ਸਭ ਤੋਂ ਮਹਿੰਗੀ ਵਾਈਨ ਹੁੰਦੀ ਸੀ ਅਤੇ ਬਾਰਬੇਕਿਊ ਦਾ ਇੰਤਜ਼ਾਮ ਵੀ ਹੁੰਦਾ ਹੈ। ਟਰੇਨ ਵਿੱਚ ਸ਼ਾਨਦਾਰ ਪਾਰਟੀ ਹੁੰਦੀ ਸੀ। ਕਿਮ ਜੋਂਗ ਦੂਜੇ ਨੇ ਇਸ ਰੇਲ ਗੱਡੀ ਰਾਹੀਂ ਕਰੀਬ 10-12 ਦੌਰੇ ਕੀਤੇ ਜਿਨ੍ਹਾਂ ਵਿੱਚੋਂ ਵਧੇਰੇ ਚੀਨ ਦੇ ਸਨ। ਸੀਨੀਅਰ ਕਿਮ ਜੋਂਗ ਦੂਰ ਦੇ ਸਫ਼ਰ ਲਈ ਟਰੇਨ ਦੀ ਵਰਤੋਂ ਕਰਦੇ ਸੀ। ਇੱਥੋਂ ਤੱਕ ਕਿ ਸਾਲ 1984 ਵਿੱਚ ਉਹ ਰੇਲ ਗੱਡੀ ਰਾਹੀਂ ਪੂਰਬੀ ਯੂਰਪ ਗਏ ਸੀ। ਉਨ੍ਹਾਂ ਦੀ ਮੌਤ ਵੀ ਟਰੇਨ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਹੋਈ ਸੀ। ਜਿਹੜੀ ਟਰੇਨ ਵਿੱਚ ਕਿਮ ਜੋਂਗ ਉਨ ਜਾਂ ਉਨ੍ਹਾਂ ਦੇ ਪਿਤਾ ਸਵਾਰ ਹੁੰਦੇ ਹਨ, ਉਹ ਕੋਈ ਸਾਧਾਰਨ ਟਰੇਨ ਨਹੀਂ ਹੈ।

### ਕਿਉਂ ਖਾਸ ਹੈ ਇਹ ਰੇਲਗੱਡੀ?

ਨਿਊਯਾਰਕ ਟਾਈਮਜ਼ ਮੁਤਾਬਕ ਬੀਜਿੰਗ ਵਿੱਚ ਦਿਖੀ ਇਸ ਰੇਲਗੱਡੀ ਵਿੱਚ 21 ਕੋਚ ਸੀ ਅਤੇ ਸਾਰਿਆਂ ਦਾ ਰੰਗ ਹਰਾ ਸੀ। ਉਨ੍ਹਾਂ ਦੀਆਂ ਖਿੜਕੀਆਂ ’ਤੇ ਟਿੰਟਿਡ ਗਲਾਸ ਸੀ ਤਾਂਕਿ ਕੋਈ ਬਾਹਰੋਂ ਇਹ ਨਾ ਦੇਖ ਸਕੇ ਕਿ ਅੰਦਰ ਕੌਣ ਹੈ। ਇਸ ਰੇਲ ਗੱਡੀ ਬਾਰੇ ਜੋ ਵੀ ਜਾਣਕਾਰੀ ਹੈ ਉਹ ਖ਼ੁਫ਼ੀਆ ਰਿਪੋਰਟ, ਇਸ ਟਰੇਨ ਵਿੱਚ ਸਵਾਰ ਹੋ ਚੁੱਕੇ ਅਧਿਕਾਰੀਆਂ ਦੇ ਬਿਆਨਾਂ ਅਤੇ ਮੀਡੀਆ ਦੀ ਕਵਰੇਜ ’ਤੇ ਆਧਾਰਿਤ ਹੈ। ਦੱਖਣੀ ਕੋਰੀਆ ਦੀ ਸਾਲ 2009 ਦੀ ਨਿਊਜ਼ ਰਿਪੋਰਟ ਦੇ ਮੁਤਾਬਕ ਕਿਮ ਜੋਂਗ ਦੇ ਲਈ ਸਖ਼ਤ ਸੁਰੱਖਿਆ ਵਾਲੇ ਘੱਟੋ ਘੱਟ 90 ਕੋਚ ਤਿਆਰ ਰਹਿੰਦੇ ਹਨ। ਇਸ ਦੇ ਮੁਤਾਬਕ ਕਿਮ ਦੇ ਪਿਤਾ ਕਿਮ ਜੋਂਗ-ਇਲ ਦੇ ਦੌਰ ਵਿੱਚ ਜਦੋਂ ਵੀ ਸਫ਼ਰ ਕਰਦੇ ਸੀ ਤਾਂ ਤਿੰਨ ਟਰੇਨਾਂ ਚੱਲਦੀਆਂ ਸਨ। ਇਨ੍ਹਾਂ ਵਿੱਚ ਇੱਕ ਐਡਵਾਂਸਡ ਸਕਿਊਰਟੀ ਟਰੇਨ, ਕਿਮ ਦੀ ਟਰੇਨ ਅਤੇ ਤੀਜੀ ਟਰੇਨ ਵਿੱਚ ਵਧੇਰੇ ਬਾਡੀਗਾਰਡ ਅਤੇ ਸਪਲਾਈ ਹੁੰਦੀ ਸੀ।





### ਸੁਰੱਖਿਆ ਲਈ ਬੁਲੇਟਪਰੂਫ਼ ਕੋਚ

ਇਨ੍ਹਾਂ ਵਿੱਚ ਹਰ ਇੱਕ ਡੱਬਾ ਬੁਲੇਟਪਰੂਫ਼ ਹੁੰਦਾ ਹੈ, ਜੋ ਆਮ ਰੇਲ ਕੋਚ ਦੇ ਮੁਕਾਬਲੇ ਕਿਤੇ ਵੱਧ ਭਾਰੀ ਹੁੰਦਾ ਹੈ। ਵੱਧ ਭਾਰ ਹੋਣ ਕਰਕੇ ਇਸਦੀ ਰਫ਼ਤਾਰ ਘੱਟ ਹੁੰਦੀ ਹੈ। ਅਨੁਮਾਨ ਮੁਤਾਬਿਕ ਇਸਦੀ ਵਧੇਰੇ ਸਪੀਡ 37 ਮੀਲ ਪ੍ਰਤੀ ਘੰਟੇ ਤੱਕ ਜਾਂਦੀ ਹੈ। 2009 ਦੀ ਰਿਪੋਰਟ ਮੁਤਾਬਕ ਕਿਮ ਜੋਂਗ ਇਲ ਦੇ ਦੌਰ ਵਿੱਚ 100 ਸੁਰੱਖਿਆ ਅਧਿਕਾਰੀ ਐਡਵਾਂਸਡ ਟਰੇਨ ਵਿੱਚ ਹੁੰਦੇ ਸੀ ਅਤੇ ਉਨ੍ਹਾਂ ਦੀ ਜ਼ਿੰਮੇਵਾਰੀ ਹੁੰਦੀ ਸੀ ਸਟੇਸ਼ਨ ਦੀ ਜਾਂਚ ਪੜਤਾਲ ਕਰਨੀ। ਇਸ ਤੋਂ ਇਲਾਵਾ ਵੱਧ ਸੁਰੱਖਿਆ ਮੁਹੱਈਆ ਕਰਵਾਉਣ ਲਈ ਟਰੇਨ ਦੇ ਉੱਪਰ ਫੌਜ ਦੇ ਹੈਲੀਕਾਪਟਰ ਅਤੇ ਏਅਰਪਲੇਨ ਵੀ ਉਡਾਨ ਭਰਦੇ ਸੀ।

ਇੱਕ ਹੋਰ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਉੱਤਰੀ ਕੋਰੀਆ ਵਿੱਚ ਵੱਖੋ-ਵੱਖ ਥਾਵਾਂ ’ਤੇ ਅਜਿਹੇ 22 ਰੇਲਵੇ ਸਟੇਸ਼ਨ ਬਣਾਏ ਗਏ ਹਨ ਜਿਹੜੇ ਕਿਮ ਜੋਂਗ ਦੇ ਵਿਅਕਤੀਗਤ ਇਸਤੇਮਾਲ ਦੇ ਲਈ ਹੈ। ਉੱਤਰੀ ਕੋਰੀਆ ਦੀ ਸਰਕਾਰੀ ਮੀਡੀਆ ਨੇ ਕਦੇ-ਕਦੇ ਟਰੇਨ ਦੇ ਅੰਦਰ ਸਵਾਰ ਆਪਣੇ ਸਭ ਤੋਂ ਵੱਡੇ ਨੇਤਾ ਦੀਆਂ ਤਸਵੀਰਾਂ ਅਤੇ ਵੀਡੀਓਜ਼ ਜਾਰੀ ਕੀਤੀਆਂ ਹਨ। ਸਾਲ 2015 ਵਿੱਚ ਇਸੇ ਟਰੇਨ ਦੇ ਇੱਕ ਕੋਚ ਵਿੱਚ ਕਿਮ ਜੋਂਗ ਉਨ ਇੱਕ ਲੰਬੇ ਸਫ਼ੇਦ ਟੇਬਲ ਉੱਪਰ ਬੈਠੇ ਨਜ਼ਰ ਆਏ ਸੀ ਜਿਹੜਾ ਇੱਕ ਕਾਨਫਰੰਸ ਰੂਮ ਦੀ ਤਰ੍ਹਾਂ ਦਿਖ ਰਿਹਾ ਸੀ।

ਕਿਮ ਜੋਂਗ ਉਨ ਨੂੰ ਲੈ ਕੇ 13 ਨਵੰਬਰ 2015 ਨੂੰ ਬ੍ਰਿਟਿਸ਼ ਅਖ਼ਬਾਰ ’ਦਿ ਗਾਰਡੀਅਨ’ ਵਿੱਚ ਰਿਪੋਰਟ ਛਪੀ ਸੀ ਕਿ ਜਦੋਂ ਉਹ ਦੇਸ ਦੇ ਅੰਦਰ ਵੀ ਦੌਰੇ ’ਤੇ ਹੁੰਦੇ ਹਨ ਤਾਂ ਕਾਫ਼ਲੇ ਵਿੱਚ ਇੱਕ ਮੋਬਾਈਲ ਟਾਇਲਟ ਹੁੰਦਾ ਹੈ।

### ਡਰ ਕਿਉਂ ਰਹਿੰਦਾ ਹੈ?

ਕੀ ਕਿਮ ਆਪਣੀ ਜਾਨ ਨੂੰ ਲੈ ਕੇ ਡਰਦੇ ਹਨ? ਉੱਤਰੀ ਕੋਰੀਆ ਵਿੱਚ 1997 ਤੋਂ 1999 ਤੱਕ ਭਾਰਤ ਦੇ ਰਾਜਦੂਤ ਰਹੇ ਜਗਜੀਤ ਸਿੰਘ ਸਪਰਾ ਨੇ ਇਸਦਾ ਜਵਾਬ ਦਿੱਤਾ ਸੀ,’’ਡਰ ਤਾਂ ਹੈ। ਕਿਮ ਹੀ ਨਹੀਂ ਬਲਕਿ ਉਨ੍ਹਾਂ ਦੇ ਪੁਰਖੇ ਵੀ ਸੁਰੱਖਿਆ ਨੂੰ ਲੈ ਕੇ ਕਾਫ਼ੀ ਚੌਕਸ ਰਹਿੰਦੇ ਸੀ।’’ ਸਪਰਾ ਨੇ ਕਿਹਾ,’’ਕਿਸੇ ਵੀ ਦੇਸ ਦਾ ਸ਼ਾਸਕ ਜਹਾਜ਼ ਦੇ ਬਦਲੇ ਟਰੇਨ ਰਾਹੀਂ ਵਿਦੇਸ਼ ਦੌਰਾ ਕਰੇ, ਇਸ ਨੂੰ ਦੇਖ ਕੇ ਹੀ ਸਮਝਿਆ ਜਾ ਸਕਦਾ ਹੈ ਕਿ ਉਹ ਆਪਣੀ ਸੁਰੱਖਿਆ ਨੂੰ ਲੈ ਕੇ ਕਿੰਨੇ ਫ਼ਿਕਰਮੰਦ ਹਨ।’’ ਸਪਰਾ ਨੇ ਕਿਹਾ ਕਿ ਕਿਮ ਜੋਂਗ ਉਨ ਦੇ ਦਾਦਾ ਕਿਮ ਇਲ-ਸੁੰਗ ਨੇ ਇੱਕ ਵਾਰ ਸਿਰਫ਼ ਜਹਾਜ਼ ਰਾਹੀਂ ਇੰਡੋਨੇਸ਼ੀਆ ਦਾ ਦੌਰਾ ਕੀਤਾ ਸੀ। ਉਨ੍ਹਾਂ ਨੇ ਕਿਹਾ,’’ਪੂਰਾ ਦੇਸ ਤਾਂ ਅਲਰਟ ’ਤੇ ਰਹਿੰਦਾ ਹੈ। ਇਨ੍ਹਾਂ ਦਾ ਕਿਸੇ ਦੇਸ ਨਾਲ ਪੀਸ ਐਗਰੀਮੈਂਟ ਨਹੀਂ ਹੈ। ਅਜਿਹੇ ਵਿੱਚ ਇਹ ਆਪਣੀ ਸੁਰੱਖਿਆ ਨੂੰ ਲੈ ਕੇ ਹੀ ਡਰੇ ਰਹਿੰਦੇ ਹਨ। ਅਜੇ ਉਸ ਦੇਸ ਵਿੱਚ ਜਿੰਨਾ ਰੌਲਾ ਹੈ, ਉਸਦਾ ਸਿੱਧਾ ਸਬੰਧ ਅਸੁਰੱਖਿਆ ਨਾਲ ਹੈ।’’

# ਸਿਰੜੀ ਮਨੁੱਖ ਦੀ ਸੱਚੀ-ਸੁੱਚੀ ਕਿਰਤ ਦਾ ਫ਼ਲ



ਸੀ.ਕੇ.ਸਿੰਘ ਧਾਲੀਵਾਲ

ਸਤੰਬਰ 1960 ਵਿਚ ਦਾਦਾ ਜੀ ਤਿੰਨ-ਚਾਰ ਦਿਨ ਬਿਮਾਰ ਰਹਿਣ ਪਿੱਛੋਂ ਅਕਾਲ ਚਲਾਣਾ ਕਰ ਗਏ। ਉਸ ਸਮੇਂ ਮੈਂ ਪਹਿਲੀ ਵਿਚ ਹੀ ਪੜ੍ਹਦਾ ਸੀ। ਮੇਰੇ ਬਾਪੂ ਜੀ ਹੋਰੀਂ ਚਾਰ ਭਰਾ ਅਤੇ ਦੋ ਭੈਣਾਂ ਸਨ। ਸਾਰੇ ਵਿਆਹੇ ਹੋਏ ਸਨ। ਬਾਪੂ ਜੀ ਸਭ ਤੋਂ ਛੋਟੇ ਸਨ। ਇਕ ਵੱਡਾ ਭਰਾ ਪਿਛਲੇ ਪਿੰਡ ਰਹਿੰਦਾ ਸੀ ਅਤੇ ਬਾਕੀ ਤਿੰਨ ਇਸੇ ਪਿੰਡ ਵਿਚ ਰਹਿੰਦੇ ਸਨ। ਇਸ ਪਿੰਡ ਵਾਲੀ ਜ਼ਮੀਨ ਦਾ ਸਕਿਆਂ ਨਾਲ ਲੰਮਾ ਮੁਕੱਦਮਾ ਚੱਲਿਆ ਅਤੇ ਸਾਲ ਕੁ ਪਹਿਲਾਂ ਹੀ ਉਸ ਦਾ ਫ਼ੈਸਲਾ ਹੋਇਆ ਸੀ। ਪਰਿਵਾਰ ਮੁਕੱਦਮੇ ਕਾਰਨ ਟੁੱਟਿਆ ਹੋਇਆ ਸੀ ਤੇ ਦੋ ਖੇਤ ਜ਼ਮੀਨ ਗਿਰਵੀ ਰੱਖੀ ਹੋਈ ਸੀ।

ਦਾਦਾ ਜੀ ਦੀ ਅਚਾਨਕ ਹੋਈ ਮੌਤ ਨਾਲ ਪਰਿਵਾਰ ਵਿਚ ਵੰਡੀਆਂ ਪੈ ਗਈਆਂ। ਭੋਗ ਤੋਂ ਬਾਅਦ ਉਨ੍ਹਾਂ ਨੇ ਰੋਟੀ ਅਲੱਗ ਕਰ ਲਈ ਅਤੇ ਹਾੜ੍ਹੀ ਦੀ ਫ਼ਸਲ ਆਉਣ ਮਗਰੋਂ ਖੇਤੀ ਵੀ ਅੱਡ ਕਰ ਲਈ। ਇਸ ਦਾ ਇਕੋ ਇਕ ਕਾਰਨ ਸੀ ਕਿ ਦੋਵਾਂ ਨੂੰ ਰਿਸ਼ਤੇਦਾਰੀ ਵਿਚੋਂ ਹੋਰ ਜ਼ਮੀਨ ਆਉਂਦੀ ਸੀ। ਵੱਡੇ ਭਰਾਵਾਂ ਨੇ ਆਪਣੇ ਹਿਸਾਬ ਨਾਲ ਘਰ ਵੀ ਵੰਡ ਲਿਆ ਅਤੇ ਜ਼ਮੀਨ ਵੀ। ਸਭ ਤੋਂ ਛੋਟੇ ਹੋਣ ਕਾਰਨ ਮੇਰੇ ਪਿਤਾ ਜੀ ਨੂੰ ਜਿਹੜਾ ਹਿੱਸਾ ਦਿੱਤਾ, ਉਨ੍ਹਾਂ ਨੇ ਬਗੈਰ ਕਿਸੇ ਉਜਰ ਦੇ ਸਵੀਕਾਰ ਕਰ ਲਿਆ। ਸੱਤ ਏਕੜ ਜ਼ਮੀਨ (ਜਿਸ ਵਿਚੋਂ ਇਕ ਖੇਤ ਗਹਿਣੇ ਸੀ), ਇਕ ਬਲਦ ਤੇ ਇਕ ਮੱਝ ਉਨ੍ਹਾਂ ਦੇ ਹਿੱਸੇ ਆਈ। ਘਰ ਦੇ ਨਾਂ ’ਤੇ ਰਹਿਣ ਵਾਸਤੇ ਇਕ ਵੱਡੀ ਸਬ੍ਹਾਤ ਹੀ ਸੀ, ਪਸ਼ੂਆਂ ਵਾਲੀ ਥਾਂ ਬਿਲਕੁਲ ਖਾਲੀ ਸੀ ਅਤੇ ਨਾ ਹੀ ਤੂੜੀ ਵਗੈਰਾ ਪਾਉਣ ਵਾਸਤੇ ਕੋਈ ਕਮਰਾ ਸੀ।

ਪਿਤਾ ਜੀ, ਜਿਸ ਨੇ ਤਾਂ ਖੇਤਾਂ ਵਿਚ ਹੀ ਕੰਮ ਕੀਤਾ ਸੀ। ਬਾਹਰਲਾ ਲੈਣ-ਦੇਣ ਦਾ ਕੰਮ ਭਾਈ ਜਾਂ ਦਾਦਾ ਜੀ ਹੀ ਕਰਦੇ ਸਨ। ਭਾਈਆਂ ਵੱਲੋਂ ਅਲੱਗ ਕਰ ਦੇਣ ਕਾਰਨ ਬਾਪੂ ਜੀ ਨੂੰ ਇਕ ਤਰ੍ਹਾਂ ਸਦਮਾ ਲੱਗਾ। ਦੋ ਦਿਨ ਘਰ ਤੋਂ ਬਾਹਰ ਹੀ ਨਾ ਗਏ ਤਾਂ ਤੀਜੇ ਦਿਨ ਦਾਦੀ ਜੀ, ਜੋ ਸਾਡੇ ਨਾਲ ਸਨ, ਤੇ ਮਾਤਾ ਜੀ ਨੇ ਬਾਪੂ ਜੀ ਨੂੰ ਕਿਹਾ, ’’ਸਾਰਾ ਜੱਗ ਹੀ ਅੱਡ ਹੁੰਦਾ ਹੈ, ਆਪਾਂ ਕਿਹੜੇ ’ਕੱਲੇ ਅੱਡ ਹੋਏ ਹਾਂ।’’

ਬਾਪੂ ਜੀ ਨੇ ਕਿਹਾ, ’’ਮੈਨੂੰ ਅੱਡ ਹੋਣ ਦਾ ਦੁੱਖ ਨਹੀਂ, ਇਕ ਬਲਦ ਨਾਲ ਖੇਤੀ ਕਿਵੇਂ ਹੋਵੇਗੀ ਅਤੇ ਪਸ਼ੂਆਂ ਨੂੰ ਕਿੱਥੇ ਬੰਨ੍ਹਾਂਗੇ?’’ ਉਸੇ ਵਕਤ ਮਾਤਾ ਜੀ ਅੰਦਰ ਗਏ ਅਤੇ ਸੰਦੂਕ ਵਿਚ ਰੱਖੇ ਹੋਏ ਆਪਣੇ ਗਹਿਣੇ ਬਾਹਰ ਲਿਆ ਕੇ, ਇੱਥੋਂ ਤਕ ਕਿ ਕੰਨਾਂ ਵਿਚ ਪਾਈਆਂ ਵਾਲੀਆਂ ਵੀ ਲਾਹ ਕੇ ਬਾਪੂ ਜੀ ਨੂੰ ਫੜਾ ਦਿੱਤੀਆਂ ਅਤੇ ਕਿਹਾ, ’’ਇਹ ਕੀ ਘਰ ਪਏ ਵਧਣਗੇ! ਜਾਹ ਇਨ੍ਹਾਂ ਨੂੰ ਵੇਚ ਕੇ ਪਹਿਲਾਂ ਤਾਂ ਇਕ ਬਲਦ ਲੈ ਅਤੇ ਨਾਲ ਹੀ ਜਿਹੜਾ ਖੇਤ ਗਹਿਣੇ ਪਿਆ ਹੈ, ਉਸ ਨੂੰ ਛੁਡਾ। ਜੇ ਪੈਸੇ ਬਚ ਗਏ ਤਾਂ ਪਸ਼ੂਆਂ ਨੂੰ ਇਕ ਵਰਾਂਡਾ ਛੱਤ ਲਈਏ ਅਤੇ ਸਬ੍ਹਾਤ ਵਿਚ ਕੰਧ ਕੱਢ ਕੇ ਤੂੜੀ ਪਾ ਲਵਾਂਗੇ।’’ ਪਿਤਾ ਜੀ ਨੂੰ ਇਸ ਨਾਲ ਹੌਸਲਾ ਮਿਲਿਆ, ਉਨ੍ਹਾਂ ਪਿੰਡ ਵਿਚੋਂ ਆਪਣੇ ਇਕ ਦੋਸਤ ਨੂੰ ਨਾਲ ਲਿਜਾ ਕੇ ਸ਼ਹਿਰ ਗਹਿਣੇ ਵੇਚ ਦਿੱਤੇ। ਪਹਿਲਾਂ ਗਹਿਣੇ ਰੱਖਿਆ ਖੇਤ ਛੁਡਾਇਆ ਅਤੇ ਇਕ ਊਠ ਖਰੀਦ ਲਿਆ, ਜਿਸ ਨਾਲ ਖੇਤੀ ਦੇ ਦੋ ਕੰਮ ਹੋਣ ਲੱਗੇ- ਖੂਹ ਵਿਚੋਂ ਪਾਣੀ ਕੱਢਣ ਅਤੇ ਹਲ ਚਲਾਉਣ ਦਾ। ਬਾਕੀ ਬਚੇ ਪੈਸਿਆਂ ਨਾਲ ਪਸ਼ੂਆਂ ਵਾਸਤੇ ਵਰਾਂਡਾ ਬਣਾ ਲਿਆ ਅਤੇ ਰਹਿਣ ਵਾਲੀ ਸਬ੍ਹਾਤ ਵਿਚਕਾਰ ਕੰਧ ਕੱਢ ਕੇ ਅੱਧੀ ਸਬ੍ਹਾਤ ਤੂੜੀ ਪਾਉਣ ਵਾਸਤੇ ਬਣਾ ਲਈ।

ਗੁਆਂਢੀ ਪਿੰਡ ਸਰਦਾਰ ਸੀ ਜਿਨ੍ਹਾਂ ਕੋਲ ਜ਼ਮੀਨ ਵਾਧੂ ਸੀ। ਉਹ ਵੰਡਾਈ (ਤੀਜੇ ਹਿੱਸੇ) ’ਤੇ ਖੇਤੀ ਵਾਸਤੇ ਲੋਕਾਂ ਨੂੰ ਵਾਹੁਣ ਵਾਸਤੇ ਦਿੰਦੇ ਸਨ। ਉਨ੍ਹਾਂ ਤੋਂ ਅੱਠ ਏਕੜ ਜ਼ਮੀਨ ਖੂਹ ਵਾਲੀ ਲੈ ਕੇ ਅਤੇ ਆਪਣੇ ਹਾਣ ਦਾ ਇਕ ਸੀਰੀ ਨਾਲ ਰਲਾ ਕੇ (ਜਿਸ ਨੂੰ ਉਪਜ ਵਿਚੋਂ ਪੰਜਵਾਂ ਹਿੱਸਾ ਦੇਣਾ ਸੀ) 15 ਏਕੜ ਦੀ ਖੇਤੀ ਕਾਰਨ ਲੱਗੇ। ਫਿਰ ਪਿਛਾਂਹ ਮੁੜ ਕੇ ਨਹੀਂ ਵੇਖਿਆ। ਸਬਰ-ਸੰਤੋਖ ਨਾਲ ਹੱਡ-ਭੰਨਵੀਂ ਮਿਹਨਤ ਕੀਤੀ ਅਤੇ ਮਿਹਨਤ ਨੂੰ ਫ਼ਲ ਪੈਣਾ ਸ਼ੁਰੂ ਹੋਇਆ। ਚਾਰ-ਪੰਜ ਸਾਲਾਂ ਵਿਚ ਰਹਿਣ ਵਾਲੇ ਦੋ ਕਮਰੇ ਪੱਕੇ ਬਣਾ ਲਏ ਅਤੇ ਫਿਰ ਬਾਹਰਲੇ ਘਰ ਤੂੜੀ ਤੇ ਪਸ਼ੂਆਂ ਲਈ ਅਲੱਗ ਮਕਾਨ ਬਣਾ ਲਿਆ। ਇਸ ਤੋਂ ਦੋ-ਤਿੰਨ ਸਾਲਾਂ ਬਾਅਦ ਤਿੰਨ-ਚਾਰ ਖੇਤ ਗਹਿਣੇ ਲੈ ਲਏ ਜਿਸ ਨਾਲ ਘਰ ਵਿਚ ਵੱਧ ਫ਼ਸਲ ਆਉਣ ਲੱਗੀ।

ਇਸ ਤੋਂ ਬਾਅਦ ਉਨ੍ਹਾਂ ਨੇ ਪਿੰਡ ਦੇ ਦੋ ਹੋਰ ਜ਼ਿਮੀਦਾਰ ਭਰਾਵਾਂ ਨਾਲ ਦਸ ਦਸ ਸਾਲ ਸਾਂਝੀ ਖੇਤੀ ਕੀਤੀ। ਸਰਦਾਰਾਂ ਦੀ 20 ਏਕੜ ਜ਼ਮੀਨ ਇਕੱਠੀ ਲੈਣੀ ਅਤੇ ਉਸ ਵਿਚ ਤੇ ਘਰ ਵਾਲੀ ਜ਼ਮੀਨ ਵਿਚ ਇਕੱਠੀ ਫ਼ਸਲ ਬੀਜਣੀ, ਵਾਹੁਣੀ ਤੇ ਕੱਢਣੀ ਅਤੇ ਲਾਭ ਹਿੱਸੇ ਮੁਤਾਬਿਕ ਵੰਡ ਲੈਣਾ। ਮੇਰਾ ਛੋਟਾ ਭਰਾ ਪੜ੍ਹਨੋਂ ਹਟ ਗਿਆ। ਉਹ ਵੀ ਖੇਤੀ ਵਿਚ ਉਨ੍ਹਾਂ ਨਾਲ ਕੰਮ ਕਰਨ ਲੱਗਾ ਤਾਂ 1977 ਵਿਚ ਅੱਠ ਏਕੜ ਜ਼ਮੀਨ ਸਰਦਾਰਾਂ ਤੋਂ ਖਰੀਦ ਲਈ। ਵੱਡੀ ਭੈਣ ਦਾ ਵਿਆਹ ਕੀਤਾ ਅਤੇ ਛੋਟਾ ਭਰਾ ਵੀ ਵਿਆਹ ਲਿਆ। 1978 ਵਿਚ ਮੇਰੀ ਪੜ੍ਹਾਈ ਪੂਰੀ ਹੋਈ ਤਾਂ ਮੈਨੂੰ ਸਿੱਖਿਆ ਮਹਿਕਮੇ ਵਿਚ ਨੌਕਰੀ ਮਿਲ ਗਈ ਤੇ ਘਰ ਵਿਚ ਹੋਰ ਪੈਸੇ ਆਉਣ ਨਾਲ ਘਰ ਦਾ ਗੁਜ਼ਾਰਾ ਹੋਰ ਸੁਖਾਲਾ ਹੋ ਗਿਆ।

ਮੇਰੇ ਬਾਪੂ ਜੀ ਨੇ ਸਾਰੀ ਉਮਰ ਕਰਜ਼ਾ ਨਹੀਂ ਲਿਆ। ਇੰਜਣ, ਟਰੈਕਟਰ ਸਭ ਕੁਝ ਨਕਦ ਪੈਸਿਆਂ ਦਾ ਲਿਆ। ਬਾਪੂ ਜੀ ਦਾ ਮੰਨਣਾ ਸੀ ਕਿ ਕਰਜ਼ਾ ਲੈ ਲਿਆ ਤਾਂ ਵਿਆਜ ਤਾਂ ਘਾਹ ਵਾਂਗੂ ਵਧਦਾ ਹੈ। ਮਸ਼ੀਨਰੀ ਆਉਣ ਨਾਲ ਤੇ ਮੇਰੀ ਤਨਖ਼ਾਹ ਆਉਣ ਨਾਲ ਫ਼ਸਲ ਦੀ ਆਮਦਨ ਬਚਣ ਲੱਗੀ। ਉਨ੍ਹਾਂ ਨੇ ਹੋਰ 12 ਏਕੜ ਜ਼ਮੀਨ ਖਰੀਦ ਲਈ ਜਿਸ ਨਾਲ ਹੁਣ ਉਹ 27 ਏਕੜ ਦੇ ਮਾਲਕ ਬਣ ਗਏ। ਛੋਟੀ ਭੈਣ ਨੂੰ ਹੋਸਟਲ ਵਿਚ ਰੱਖ ਕੇ ਬੀ.ਏ. ਕਰਾਈ, ਉਸ ਦਾ ਵਿਆਹ ਕੀਤਾ।

ਉਨ੍ਹਾਂ ਦੇ ਜੀਵਨ ਤੋਂ ਇਹੀ ਸੇਧ ਮਿਲਦੀ ਹੈ ਕਿ ਬਿਨਾਂ ਮਤਲਬ ਕਰਜ਼ੇ ਲੈ ਕੇ ਵਿਆਹਾਂ, ਘਰਾਂ ਤੇ ਫਾਲਤੂ ਮਸ਼ੀਨਰੀ ’ਤੇ ਕੀਤਾ ਖਰਚ ਅਤੇ ਕਿਰਤ ਤੋਂ ਮੁਨਕਰ ਹੋਣਾ ਠੀਕ ਨਹੀਂ। ਘਰ ਜਾਂ ਖੇਤੀ ਦਾ ਕੰਮ ਬਿਗਾਨੇ ਹੱਥਾਂ ਵਿਚ ਛੱਡ ਕੇ ਕਾਰਾਂ ਜਾਂ ਮੋਟਰਸਾਈਕਲਾਂ ’ਤੇ ਬਿਨਾਂ ਕੰਮ ਸ਼ਹਿਰਾਂ ਦੇ ਗੇੜੇ ਲਾਉਣੇ ਛੱਡ ਕੇ ਜਿੰਨਾ ਕੰਮ ਹੱਥੀਂ ਹੋ ਸਕਦਾ ਹੈ, ਹੱਥੀਂ ਕੀਤਾ ਜਾਵੇ। ਲੋੜ ਵੇਲੇ ਹੀ ਮਸ਼ੀਨਾਂ ਦੀ ਵਰਤੋਂ ਕੀਤੀ ਜਾਵੇ ਤਾਂ ਪੈਸੇ ਦੀ ਬੱਚਤ ਹੋਣ ਦੇ ਨਾਲ ਨਾਲ ਮਨੁੱਖ ਸਿਹਤਮੰਦ ਰਹਿੰਦਾ ਹੈ।

# ਆਰਥਿਕ ਸੰਕਟ ਹਰਨ ਲਈ ਮਿਹਨਤ ਮੁਸ਼ੱਕਤ ਕਰਨ ਗਏ ਲੋਕਾਂ ਦੀਆਂ ਪਰਦੇਸਾਂ ਵਿਚ ਮੁਸ਼ਕਿਲਾਂ

ਆਪਣੇ ਪਰਿਵਾਰ ਦਾ ਢਿੱਡ ਭਰਨ ਲਈ ਪੰਜ ਪਾਣੀਆਂ ਦੀ ਧਰਤੀ ਨੂੰ ਛੱਡ ਕੇ ਸਾਊਦੀ ਅਰਬ ਗਿਆ ਨੌਜਵਾਨ ਦੋ ਸਾਲਾਂ ਤੋਂ ਵੀ ਘੱਟ ਸਮੇਂ ਵਿਚ ਜ਼ਿੰਦਗੀ ਨੂੰ ਅਲਵਿਦਾ ਕਹਿ ਗਿਆ। ਆਰਥਿਕ ਸੰਕਟ ਹਰਨ ਲਈ ਮਿਹਨਤ ਮੁਸ਼ੱਕਤ ਕਰਨ ਗਏ ਬਰਨਾਲਾ ਜ਼ਿਲ੍ਹੇ ਦੇ ਬੀਹਲਾ ਪਿੰਡ ਦਾ ਬਜ਼ੁਰਗ ਜਸਪਾਲ ਸਿੰਘ ਆਪਣੇ ਪੁੱਤਰ ਜਸਪ੍ਰੀਤ ਸਿੰਘ ਦੀ ਲਾਸ਼ ਵਾਪਸ ਮੰਗਵਾਉਣ ਲਈ ਤਿੰਨ ਮਹੀਨਿਆਂ ਤੋਂ ਆਗੂਆਂ ਦੇ ਮਿੰਨਤ ਤਰਲੇ ਕਰ ਰਿਹਾ ਹੈ। ਪਰਿਵਾਰ ਅਨੁਸਾਰ ਜਸਪ੍ਰੀਤ ਸਿੰਘ 12 ਅਪਰੈਲ 2016 ਨੂੰ ਸਾਊਦੀ ਅਰਬ ਚਲਾ ਗਿਆ ਸੀ। ਪਰਿਵਾਰ ਵਿਚ ਇਹ ਆਸਾਂ ਜਾਗੀਆਂ ਸਨ ਕਿ ਸ਼ਾਇਦ ਉਨ੍ਹਾਂ ਦੇ ਦਿਨ ਫਿਰਨ ਵਾਲੇ ਹਨ ਪਰ ਨਵੰਬਰ 2018 ਦੇ ਮਹੀਨੇ ਉਨ੍ਹਾਂ ਦੀਆਂ ਸੱਧਰਾਂ ਉੱਤੇ ਪਾਣੀ ਫਿਰ ਗਿਆ। 15 ਨਵੰਬਰ ਨੂੰ ਬਿਮਾਰ ਹੋਣ ਅਤੇ 18 ਨਵੰਬਰ ਨੂੰ ਪੁੱਤਰ ਦੇ ਅਕਾਲ ਚਲਾਣੇ ਦੀ ਖ਼ਬਰ ਆ ਗਈ। ਦੁੱਖ ਵਿਚ ਵਿੰਨ੍ਹਿਆ ਪਰਿਵਾਰ ਲਾਸ਼ ਵਾਪਸ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਜਸਪਾਲ ਸਿੰਘ ਨੇ ਮੀਡੀਆ ਨੂੰ ਦੱਸਿਆ ਹੈ ਕਿ ਢਾਈ ਕੁ ਮਹੀਨੇ ਪਹਿਲਾਂ ਉਨ੍ਹਾਂ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਕੋਲ ਪਹੁੰਚ ਕੀਤੀ ਤੇ ਫਿਰ ਬਲਵੰਤ ਸਿੰਘ ਰਾਮੂਵਾਲੀਆ ਕੋਲ। ਹੁਣ ਉਨ੍ਹਾਂ ਨੂੰ ਕੁਝ ਦਿਨ ਹੋਰ ਉਡੀਕ ਕਰਨ ਲਈ ਕਿਹਾ ਗਿਆ ਹੈ। ਇਹ ਕਿੰਨਾ ਵੱਡਾ ਦੁਖਾਂਤ ਹੈ ਕਿ ਮਾਪਿਆਂ ਨੂੰ ਆਪਣੇ ਪੁੱਤਰ ਦੀ ਲਾਸ਼ ਵਾਪਸ ਲਿਆਉਣ ਲਈ ਦਰ ਦਰ ’ਤੇ ਧੱਕੇ ਖਾਣੇ ਪੈ ਰਹੇ ਹਨ। ਇਹ ਪਹਿਲੇ ਮਾਪੇ ਨਹੀਂ ਜੋ ਵਿਦੇਸ਼ੀਂ ਗਏ ਆਪਣੇ ਜਿਗਰ ਦੇ ਟੋਟਿਆਂ ਦੀ ਤਾਬੂਤਾਂ ਵਿਚ ਵਾਪਸੀ ਨੂੰ ਉਡੀਕਦੇ ਰਹੇ ਹਨ; ਇਸ ਤੋਂ ਪਹਿਲਾਂ ਇਰਾਕ ਤੋਂ 39 ਦੇ ਕਰੀਬ ਨੌਜਵਾਨਾਂ ਦੇ ਪਿੰਜਰ ਸਾਲਾਂਬੱਧੀ ਜੱਦੋਜਹਿਦ ਤੋਂ ਬਾਅਦ ਪਰਤੇ ਸਨ। ਏਜੰਟਾਂ ਦੇ ਢਹੇ ਚੜ੍ਹੇ ਬਹੁਤ ਸਾਰੇ ਨੌਜਵਾਨ ਦਸਤਾਵੇਜ਼ਾਂ ਦੀ ਕਮੀ ਕਾਰਨ ਵਿਦੇਸ਼ੀ ਜੇਲ੍ਹਾਂ ਵਿਚ ਰੁਲ਼ ਰਹੇ ਹਨ। ਜਿਹੜੇ ਵਾਪਸ ਆਉਣ ਵਿਚ ਸਫ਼ਲ ਹੋ ਜਾਂਦੇ ਹਨ, ਉਨ੍ਹਾਂ ਦੇ ਮਾਪੇ ਅਜਿਹੇ ਕੰਮ ਵਿਚ ਮਦਦ ਕਰਨ ਵਾਲਿਆਂ ਦੇ ਸ਼ੁਕਰਗੁਜ਼ਾਰ ਹੁੰਦੇ ਹਨ। ਪੰਜਾਬ ਦੇ ਨੌਜਵਾਨ ਪੰਜਾਬ ਤੋਂ ਨਿਰਾਸ਼ ਹਨ। ਜ਼ਿਆਦਾਤਰ ਨੌਜਵਾਨ ਅਮਰੀਕਾ, ਕੈਨੇਡਾ, ਆਸਟਰੇਲੀਆ ਆਦਿ ਦੇਸ਼ਾਂ ਨੂੰ ਜਾ ਰਹੇ ਹਨ। ਆਰਥਿਕ ਤੌਰ ਉੱਤੇ ਕਮਜ਼ੋਰ ਵਰਗ ਦੇ ਨੌਜਵਾਨਾਂ ਦਾ ਵੱਡਾ ਹਿੱਸਾ ਸਾਊਦੀ ਅਰਬ ਜਾਂ ਹੋਰ ਅਰਬ ਦੇਸ਼ਾਂ ਵਿਚ ਜਾਂਦਾ ਹੈ।



ਸਥਾਨਕ ਪੱਧਰ ਉੱਤੇ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਨੇ ਨੌਜਵਾਨਾਂ ਨੂੰ ਪੰਜਾਬ ਛੱਡ ਜਾਣ ਲਈ ਪ੍ਰੇਰਿਤ ਕੀਤਾ ਹੈ ਤੇ ਇਸੇ ਪ੍ਰੇਰਨਾ ਵਿਚ ਆਰਥਿਕ ਮਜਬੂਰੀ ਦਾ ਹਿੱਸਾ ਵੱਡਾ ਹੈ। ਸੂਬਾ ਅਤੇ ਕੇਂਦਰ ਸਰਕਾਰਾਂ ਆਪਣੇ ਨਾਗਰਿਕਾਂ ਦੀ ਸੁਰੱਖਿਆ ਬਾਰੇ ਉਚਿਤ ਧਿਆਨ ਨਹੀਂ ਦੇ ਰਹੀਆਂ। ਵਿਦੇਸ਼ ਫਸੇ ਹਿੰਦੋਸਤਾਨੀ ਸ਼ਹਿਰੀਆਂ ਨੂੰ ਜੇਲ੍ਹਾਂ ’ਚੋਂ ਛੁਡਾਉਣ ਜਾਂ ਦੁਰਘਟਨਾਵਾਂ ਤੋਂ ਬਾਅਦ ਲਾਸ਼ ਵਾਪਸ ਲਿਆਉਣ ਲਈ ਅੰਬੈਸੀਆਂ ਦੇ ਪੱਧਰ ਉੱਤੇ ਕੋਈ ਅਜਿਹਾ ਪ੍ਰਬੰਧ ਕਰਨ ਦੀ ਲੋੜ ਹੈ ਤਾਂ ਕਿ ਪੀੜਤ ਪਰਿਵਾਰ ਰਾਹਤ ਲਈ ਅਜਿਹੇ ਵਿਭਾਗ ਨਾਲ ਸੰਪਰਕ ਕਰ ਸਕੇ। ਆਗੂਆਂ ਕੋਲ ਜਾਣ ਦੀ ਲੋੜ ਇਸ ਲਈ ਪੈਂਦੀ ਹੈ ਕਿਉਂਕਿ ਇਹੋ ਜਿਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੋਈ ਠੋਸ ਪ੍ਰਬੰਧਕੀ ਢਾਂਚਾ ਨਹੀਂ ਬਣਾਇਆ ਗਿਆ। ਪੰਜਾਬ ਸਰਕਾਰ ਨੂੰ ਜਸਪ੍ਰੀਤ ਦੇ ਮਾਪਿਆਂ ਦੀ ਮੰਗ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਦੁੱਖ ਦੇ ਵੇਲੇ ਉਨ੍ਹਾਂ ਦੀ ਬਾਂਹ ਫੜਨੀ ਚਾਹੀਦੀ ਹੈ। ਬਾਹਰ ਗਏ ਪੰਜਾਬੀਆਂ ਨੂੰ ਦਰਪੇਸ਼ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਪਹਿਲਕਦਮੀ ਦੀ ਲੋੜ ਪਹਿਲਾਂ ਨਾਲੋਂ ਹੁਣ ਬਹੁਤ ਜ਼ਿਆਦਾ ਹੈ।


CENTURY 21

ਸਿਆਟਲ ਜਾਂ ਆਲੇ ਦੁਆਲੇ ਦੇ ਇਲਾਕਿਆਂ ਵਿੱਚ
ਘਰ, ਮੋਟਲ, ਬਿਜਨੈਸ, ਗੈਸ ਸਟੇਸ਼ਨ, ਸ਼ਾਪਿੰਗ ਮਾਲ
ਜਾਂ ਕਿਸੇ ਵੀ ਪ੍ਰਕਾਰ ਦੀ ਪ੍ਰਾਪਰਟੀ ਖਰੀਦਣੀ ਜਾਂ
ਵੇਚਣੀ ਹੋਵੇ ਤਾਂ ਤਸੱਲੀਬਖਸ਼ ਸੇਵਾਵਾਂ ਲਈ ਬਹੁਤ
ਹੀ ਇਮਾਨਦਾਰ ਰੀਅਲ ਅਸਟੇਟ ਬਰੋਕਰ
ਇੰਦਰਜੀਤ ਸਿੰਘ ਨਾਲ ਸੰਪਰਕ ਕਰੋ-



Inderjit Singh

Cell : 425 420 4055

Fax : 425 670 3500

Office: 425 775 8525

Broker Lic # 134890

Email : inderjit.singh@century21.com

MLS

19020 33rd Ave W. #300 Lynnwood WA.98036.



R.PAL SINGH TAX PROFESSIONAL

ENROLLED AGENT

BOOKKEEPING ACCOUNTS PAYROLLS

TAX-INDIVIDUAL FAMILY, BUSINESS, TRUCKING, BOOKKEEPING ACCOUNTS, PAY-ROLLS & INCORPORATION, INSURANCE LIFE Only-Agent. NOTARY, REAL ESTATE (SVA), EX-PECTING REFUND : GET MONEY BACK FAST!

E.A.

Open 7 Days
Weekends/Evenings
(Year Round Service)
Resonalbe Rates
Call for Appointment

IRS e-file

CTEC



CALL: R. PAL. SINGH EA- 510-750-3464

EA 00097224, CRTP A44237 Realtor#148514,

Insurance Life- Only Agent #0G76896

39159 Paseo Padre Pkwy # 103, Fremont, CA 94538

Email:singhrpal@sbeglobal.net Singhtax.com

# ਪੁਨਰ ਜਨਮ

ਕਹਾਣੀ/ - ਅਜਮੇਰ ਸਿੱਧੂ

ਮੈਂ ਨਿੱਕਾ ਹੁੰਦਾ ਨਾਨਕੀ ਰਹਿੰਦਾ ਰਿਹਾਂ । ਮੇਰੇ ਡੈਡੀ ਦੀ ਐਕਸੀਡੈਂਟ ਵਿਚ ਮੌਤ ਹੋ ਗਈ ਸੀ । ਇਸ ਕਰਕੇ ਮੇਰਾ ਪਾਲਣ ਪੋਸ਼ਣ ਤੇ ਸਕੂਲੀ ਪੜ੍ਹਾਈ ਉਥੇ ਹੀ ਹੋਏ ਹਨ । ਸਾਡੇ ਨਾਲ ਦਾ ਘਰ ਕਰਮ ਸਿੰਘ ਦਾ ਸੀ । ਉਸ ਘਰੋਂ ਵੀ ਮੈਨੂੰ ਬਹੁਤ ਮੋਹ ਮਿਲਿਆ । ਉਨ੍ਹਾਂ ਨਾਲ ਸਾਡੀ ਕੰਧ ਸਾਂਝੀ ਸੀ । ਉਨ੍ਹਾਂ ਦੀ ਅੱਲ 'ਕੁੱਬਿਆਂ ਦੇ' ਪਈ ਹੋਈ ਸੀ । ਕਰਮ ਸਿੰਘ ਦੀ ਅਚਾਨਕ ਮੌਤ ਨੇ ਪਿੰਡ ਦੇ ਲੋਕਾਂ ਨੂੰ ਹੈਰਾਨ ਪ੍ਰੇਸ਼ਾਨ ਕੀਤਾ ਸੀ । ਮੇਰੀ ਨਾਨੀ ਭੱਜੀ-ਭੱਜੀ ਉਨ੍ਹਾਂ ਦੇ ਘਰ ਜਾ ਅੱਪੜੀ ਸੀ । ਨਾਨੀਆਂ ਮਾਮੀਆਂ ਦੇ ਵੈਣ ਸੁਣ ਮੇਰਾ ਵੀ ਮਨ ਭਰ ਆਇਆ ਸੀ । ਮੈਂ ਵੀ ਰੋਂਦਾ ਰਿਹਾ।

ਥੋੜ੍ਹੇ ਚਿਰ ਬਾਅਦ ਨਾਨੇ ਕਰਮ ਸਿੰਘ ਦੀ ਲਾਸ਼ ਹਿਲਣ ਲੱਗ ਪਈ । ਸਾਰੇ ਚੁੱਪ ਹੋ ਗਏ । ਮੈਂ ਵੀ ਨਾਨੀ ਦੇ ਨਾਲ ਲੱਗ ਕੇ ਅੱਗੇ ਵਧਿਆ । ਨਾਨਾ ਜੀ ਔਖੇ-ਔਖੇ ਸਾਹ ਲੈਣ ਲੱਗੇ । ਜਿਉਂ ਅੱਖਾਂ ਖੁੱਲ੍ਹੀਆਂ, ਉਨ੍ਹਾਂ ਚਾਰੇ ਪਾਸੇ ਨਿਗ੍ਹਾ ਦੌੜਾਈ । ਉਠ ਕੇ ਬੈਠ ਗਏ । ਮੇਰੀ ਨਾਨੀ ਦੇ ਸਿਰ 'ਤੇ ਹੱਥ ਰੱਖ ਕੇ ਬੋਲੇ :-

''ਭਾਈ ਬੀਬਾ, ਮੈਂ ਮੰਗਲ ਸੂੰਹ ਨੂੰ ਮਿਲ ਕੇ ਆਇਆਂ ।''

''ਚੰਦ ਦੇ ਨਾਨੇ ਨੂੰ?'' ਮੇਰੇ ਸਕੇ ਨਾਨੇ ਦਾ ਨਾਂ ਸੁਣ ਕੇ ਨਾਨੀ ਨੂੰ ਅਚੰਭਾ ਲੱਗਿਆ ।

''ਭਾਇਆ ਕਿਵੇਂ ਆ, ਮੇਰੇ ਹਰਚੰਦ ਸੂੰਹ ਦਾ ਨਾਨਾ?'' ਨਾਨੀ ਨੇ ਘੁੰਡ ਵਾਲਾ ਪੱਲਾ ਥੋੜ੍ਹਾ ਉੱਤੇ ਨੂੰ ਕਰਦਿਆਂ ਉਤਸੁਕਤਾ ਨਾਲ ਪੁੱਛਿਆ ।

''...ਬੱਸ ਸੁੱਖ ਦੀ ਜ਼ਿੰਦਗੀ ਕੱਟਦਾ । ਸੁਰਗ 'ਚ ਤਾਂ ਬੱਸ ਮੌਜ ਮੇਲੇ ਹੀ ਨੇ ।'' ਕਰਮ ਸਿੰਘ ਨੇ ਮੇਰੇ ਮਰੇ ਹੋਏ ਨਾਨੇ ਦੇ ਸਵਰਗ ਨਿਵਾਸ ਬਾਰੇ ਦੱਸਿਆ । ਉਨ੍ਹਾਂ ਕੁਝ ਹੋਰ ਮਰੇ ਗੁਆਂਢੀਆਂ ਅਤੇ ਸਾਕ ਸੰਬੰਧੀਆਂ ਦੇ ਨਾਂ ਵੀ ਗਿਣਾਏ । ਜਿਨ੍ਹਾਂ ਨੂੰ ਉਹ ਮਿਲ ਕੇ ਆਏ ਸਨ। ਫਿਰ ਉਨ੍ਹਾਂ ਅੱਖਾਂ ਮੀਟ ਕੇ ਭਗਤੀ ਕਰਨੀ ਸ਼ੁਰੂ ਕਰ ਦਿੱਤੀ। ਉਸੇ ਵੇਲੇ ਧਤਲਿਆਂ ਵਾਲੀ ਗਲੀ ਚੀਕ ਚਿਹਾੜਾ ਪੈ ਗਿਆ ਸੀ। ਲੋਕ ਉੱਧਰ ਨੂੰ ਭੱਜ ਲਏ । ਬਹੁਤੀਆਂ ਔਰਤਾਂ ਨਾਨੇ ਕਰਮ ਸਿੰਘ ਦੀ ਸੇਵਾ ਵਿਚ ਜੁੱਟੀਆਂ ਰਹੀਆਂ।

ਕੁਝ ਦੇਰ ਬਾਅਦ ਫਿਡਿਆਂ ਦੀ ਸਾਰੋ ਤੇ ਦੋ ਚਾਰ ਹੋਰ ਬੁੜ੍ਹੀਆਂ ਵਾਪਸ ਆ ਗਈਆਂ।

''ਨੀ ਸਾਰੋ, ਕੀ ਭਾਣਾ ਵਰਤ ਗਿਆ?'' ਨਾਨੀ ਨੇ ਚੀਕ ਚਿਹਾੜੇ ਦਾ ਕਾਰਨ ਜਾਣਨਾ ਚਾਹਿਆ।

''ਧਤਲਿਆਂ ਦਾ ਕਰਮ ਸੂੰਹ ਚੱਲ ਵਸਿਆ।'' ਸਾਰੋ ਦੇ ਹਉਕੇ ਦੇ ਨਾਲ ਹੀ ਹੰਝੂ ਵੀ ਵਹਿ ਤੁਰੇ।

''ਇਹ ਤੇ ਹੋਣਾ ਹੀ ਸੀ ।...ਮੈਂ ਤੇ ਬਥੇਰਾ ਪਾਠ ਕੀਤਾ । ਬਈ ਕਰਮ ਸੂੰਹ ਬਚ ਹੀ ਜਾਏ । ਪਰ ਉਹਦੇ ਲਿਖੇ ਨੂੰ ਕੋਈ ਕਿੱਦਾਂ ਟਾਲੇ ।'' ਉਨ੍ਹਾਂ ਅੱਖਾਂ ਖੋਲ੍ਹ ਕੇ ਉਪਰ ਵੱਲ ਹੱਥ ਜੋੜੇ ਸਨ ।

ਸਾਰੇ ਜਣੇ ਇਕਦਮ ਚੁੱਪ ਹੋ ਗਏ । ਉਨ੍ਹਾਂ ਨੂੰ ਧਿਆਨ ਨਾਲ ਸੁਣਨ ਲੱਗ ਪਏ ।

''ਜਮਦੂਤ ਮੈਨੂੰ ਗਲਤੀ ਨਾਲ ਦੂਜੇ ਕਰਮ ਸੂੰਹ ਦੀ ਜਗ੍ਹਾ ਲੈ ਗਏ ਸੀ ।''

''ਕਰਮ ਸਿਆਂ, ਤੈਨੂੰ?...ਨਾ ਚਿਤਰ ਗੁਪਤ ਕਿੱਦਾਂ ਧੋਖਾ ਖਾਗੇ । ਇਹ ਦੋਨੋਂ ਜਮਦੂਤ ਤਾਂ ਹਮੇਸ਼ਾ ਬੰਦੇ ਦੇ ਮੋਢਿਆਂ 'ਤੇ ਬੈਠੇ ਰਹਿੰਦੇ ਨੇ । ਬੰਦੇ ਦਾ ਹਿਸਾਬ ਕਿਤਾਬ ਲਿਖਦੇ ਨੇ ।...ਨਾ ਬਈ ਮਨ ਨੀ ਮੰਨਦਾ।'' ਅਮਰੂ ਬੁੜ੍ਹਾ ਅੜ ਗਿਆ ਸੀ । ਉਹ ਨਾ ਮੰਨਿਆ।

''ਚੁੱਪ ਕਰਕੇ ਬਹਿ ਜਾਹ ਅਮਰੂ । ਨਾ ਸਾਰੀ ਦੁਨੀਆਂ ਦਾ ਹਿਸਾਬ ਕਿਤਾਬ ਰੱਖਣਾ ਹੁੰਦਾ । ਕਿਤੇ ਟਪਲਾ ਵੀ ਲੱਗ ਜਾਂਦੈ । ...ਇੱਦਾਂ ਇਕ ਵਾਰ ਬਾਰ ਵਿਚ ਹੋਈ ਸੀ । ਜਮਦੂਤ ਗਲਤੀ ਨਾਲ ਮੀਆਂ ਮੀਰ ਨੂੰ ਲੈ ਗਏ। ਜਦੋਂ ਕਬਰ ਵਿਚ ਦੱਬਣ ਲੱਗੇ । ਭਾਈ, ਮੀਆਂ ਮੀਰ ਉਠ ਕੇ ਬਹਿ ਗਿਆ । ਸਾਰੇ ਹੈਰਾਨ ਪ੍ਰੇਸ਼ਾਨ । ਜਦੋਂ ਰੌਲੇ ਪਏ, ਉਦੋਂ ਉਹ ਬੁੜ੍ਹਾ ਜਿਉਂਦਾ ਸੀ । ਮੇਰਾ ਖਿਆਲ ਸੌਆਂ ਤੋਂ ਵੀਹ ਟੱਪ ਗਿਆ ਸੀ ਉਦੋਂ ।'' ਮੇਰੇ ਨਾਨੇ ਦਾ ਭਰਾ ਪਾਕਿਸਤਾਨ ਦੇ ਬਾਰ ਇਲਾਕੇ ਦੀ ਗੱਲ ਸੁਣਾਉਣ ਲੱਗ ਪਿਆ ਸੀ।

''ਭਾਈਆ, ਫੇਰ ਕਿੱਦਾਂ ਹੋਈ?'' ਸਾਰੋ ਪੈਰਾਂ ਭਾਰ ਬਹਿ ਗਈ ਸੀ । ''ਜਦੋਂ ਮੇਰੀ ਰੂਹ ਨੂੰ ਧਰਮ ਰਾਜ ਦੇ ਦਰਬਾਰ ਵਿਚ ਪੇਸ਼ ਕੀਤਾ । ਉਨ੍ਹਾਂ ਬਹੀ ਖਾਤਾ ਖੋਲ੍ਹਿਆ । ਪਤਾ ਲੱਗਿਆ ਬਈ ਹਾਲੇ ਮੇਰੀ ਜ਼ਿੰਦਗੀ ਦੇ ਬੜੇ ਦਿਨ ਪਏ ਨੇ । ਮੈਨੂੰ ਗਲਤੀ ਨਾਲ ਕਰਮ ਸੂੰਹ ਬਲਦ ਮੀਹਾਂ ਸੂੰਹ ਦੀ ਜਗ੍ਹਾ ਲੈ ਗਏ ਸੀ । ਜਦਕਿ ਮੇਰੇ ਬਾਪ ਦਾ ਨਾਂ ਤਾਂ ਜੀਉਣ ਸੂੰਹ ਆ ।'' ''ਵਾਹ ਤੇਰੀ ਲੀਲਾ ਨਿਆਰੀ'' ਕਰਮ ਸਿੰਘ ਦੀ ਗੱਲ ਸੁਣ ਕੇ ਨਾਨੇ ਦਾ ਭਰਾ ਉੱਪਰ ਨੂੰ ਹੱਥ ਜੋੜ ਕੇ ਬਹਿ ਗਿਆ।

''ਫੇ' ਧਰਮ ਰਾਜ ਨੇ ਜਮਦੂਤਾਂ ਨੂੰ ਹੁਕਮ ਚਾੜ੍ਹਿਆ ਕਿ ਮੈਨੂੰ ਮਿੰਟਾਂ ਸਕਿੰਟਾਂ ਵਿੱਚ ਮਾਤ ਲੋਕ ਪਹੁੰਚਾਇਆ ਜਾਵੇ । ਮੇਰੀ ਜਗ੍ਹਾ ਧਤਲਿਆਂ ਦੇ ਕਰਮ ਸੂੰਹ ਨੂੰ ਲਿਆਉਣ ਦਾ ਹੁਕਮ ਦਿੱਤਾ ।'' ਕਰਮ ਸਿੰਘ ਜੀ ਦੇ ਮੂੰਹੋਂ ਸੁਣ ਕੇ ਸਾਰੇ ਹੱਕੇ ਬੱਕੇ ਰਹਿ ਗਏ । ਸਾਰੇ ਉਨ੍ਹਾਂ ਨਾਲ ਗੱਲੀਂ ਜੁੱਟ ਗਏ । ਸਾਨੂੰ ਸਵਰਗ ਦੀਆਂ ਗੱਲਾਂ ਸੁਣਾ-ਸੁਣਾ ਹੈਰਾਨ ਕੀਤਾ । ਉਨ੍ਹਾਂ ਇਹ ਵੀ ਦੱਸਿਆ- ''ਮੇਰੀ ਧਰਮਰਾਜ ਨਾਲ ਸਿੱਧੀ ਗੱਲ ਹੋ ਗਈ ਆ । ਮੇਰੀ ਉਮਰ ਤਾਂ ਥੋੜ੍ਹੇ ਦਿਨ ਬਚਦੀ ਸੀ । ਪਰ ਉਨ੍ਹਾਂ ਮੈਨੂੰ ਹੋਰ ਕਈ ਸਾਲ ਬਖਸ਼ ਦਿੱਤੇ ਹਨ । ਕਹਿਣ ਲੱਗੇ-ਜਾਹ ਤੇਰਾ ਦੁਬਾਰਾ ਜਨਮ ਹੋ ਗਿਆ। ਦੁਨੀਆਂ ਨੂੰ ਜਾ ਕੇ ਤਾਰ। ਕਿਸੇ ਨਾਲ ਮਾੜਾ ਨਾ ਕਰੀਂ। ਜੋ ਕੁਝ ਬਖਸ਼ ਹੁੰਦਾ, ਦੁਨੀਆਂ ਨੂੰ ਬਖਸ਼ ਦੇ ।'' ਇਹ ਸੁਣ ਕੇ ਸਾਰਿਆਂ ਨੇ ਉਨ੍ਹਾਂ ਨੂੰ ਮੱਥਾ ਟੇਕਿਆ ਤੇ ਉਨ੍ਹਾਂ ਦੇ ਚਰਨਾਂ ਵਿਚ ਬਹਿ ਗਏ।



ਪੁਨਰ ਜਨਮ ਅਤੇ ਦੁਨੀਆਂ ਨੂੰ ਤਾਰਨ ਵਾਲੀ ਖਬਰ ਅੱਗ ਵਾਂਗ ਫ਼ੈਲ ਗਈ । ਲੋਕ ਉਨ੍ਹਾਂ ਦੇ ਦਰਸ਼ਨਾਂ ਲਈ ਧੜਾਧੜ ਆਉਣ ਲੱਗੇ । ਇਹ ਕਹਾਣੀ ਅਖ਼ਬਾਰਾਂ ਦੇ ਮੁੱਖ ਪੰਨੇ 'ਤੇ ਛਪ ਗਈ । ਲੋਕ ਦੂਰ-ਦੁਰਾਡੇ ਤੋਂ ਆਉਣ ਲੱਗੇ। ਦਿੱਲੀ ਬੰਬਈ ਤੋਂ ਵੀ ਸੰਗਤ ਆਉਣ ਲੱਗ ਪਈ । ਬਾਬਾ ਜੀ ਨੂੰ ਸੱਚੀ ਧਰਮ ਰਾਜ ਨੇ ਵਰ ਦਿੱਤਾ ਸੀ । ਸ਼ਰਧਾਲੂਆਂ ਦੀਆਂ ਮੰਨਤਾਂ ਪੂਰੀਆਂ ਹੋਣ ਲੱਗ ਪਈਆਂ ਸਨ । ਥੋੜ੍ਹੇ ਦਿਨਾਂ ਵਿਚ ਹੀ ਮੇਰਾ ਨਾਨਕਾ ਪਿੰਡ ਚਰਚਾ ਵਿਚ ਆ ਗਿਆ । ਮੈਂ ਸਕੂਲ ਜਾਂਦਾ । ਬਾਕੀ ਸਾਰਾ ਸਮਾਂ ਉਨ੍ਹਾਂ ਦੇ ਨੇੜੇ ਰਹਿ ਕੇ ਗੁਜ਼ਾਰਦਾ । ਮੇਰੇ ਵਰਗੇ ਬਾਪ ਬਾਹਰੇ ਨੂੰ ਤਾਂ ਸਹਾਰੇ ਦੀ ਬਹੁਤ ਲੋੜ ਸੀ।

ਬਾਬਾ ਜੀ ਨੇ ਹਰ ਰੋਜ਼ ਕਮਰੇ 'ਚੋਂ ਬਾਹਰ ਨਿਕਲਣਾ ਬੰਦ ਕਰ ਦਿੱਤਾ । ਹਫ਼ਤੇ ਬਾਅਦ ਐਤਵਾਰ ਨੂੰ ਦਰਸ਼ਨ ਦਿੰਦੇ । ਬਾਕੀ ਦਿਨ ਭਗਤੀ ਵਿਚ ਲੀਨ ਰਹਿੰਦੇ। ਸੰਗਤ ਲੰਗਰ ਲਾਉਣ ਲੱਗ ਪਈ। ਸੰਗਤ ਦਰਸ਼ਨਾਂ ਲਈ ਕਈ-ਕਈ ਦਿਨ ਬੈਠੀ ਰਹਿੰਦੀ। ਉਹ ਜਦੋਂ ਕਿਤੇ ਬਾਹਰ ਨਿਕਲਦੇ, ਲੋਕ ਟੁੱਟ ਕੇ ਪੈ ਜਾਂਦੇ। ਹਰੇਕ ਸ਼ਰਧਾਲੂ ਦਰਸ਼ਨ ਕਰਨ ਲਈ ਅੱਗੇ ਹੋਣਾ ਚਾਹੁੰਦਾ। ਕਈਆਂ ਨੂੰ ਦਰਸ਼ਨ ਨਾ ਹੁੰਦੇ ਤਾਂ ਉਹ ਆਪਣੀ ਮਾੜੀ ਕਿਸਮਤ ਨੂੰ ਕੋਸਦੇ ਪਰ ਘਰਾਂ ਨੂੰ ਨਾ ਜਾਂਦੇ। ''ਦੇਖੋ ਜੀ, ਇਹ ਤਾਂ ਕਰਮਾਂ ਦੀ ਗੱਲ ਏ। ਜਿਹਨਾਂ ਚੰਗੇ ਕਰਮ ਕੀਤੇ। ਬਾਬਾ ਜੀ ਉਨ੍ਹਾਂ ਨੂੰ ਹੀ ਦਰਸ਼ਨ ਦਿੰਦੇ ਨੇ ।'' ਇਹ ਸੰਗਤ ਦੀ ਆਮ ਰਾਇ ਸੀ। ਚੜ੍ਹਾਵੇ ਪੱਖੋਂ ਵੀ ਮਿਹਰ ਹੋ ਗਈ ਸੀ। ਫਿਰ ਸਿਆਣੇ ਬੰਦਿਆਂ ਨੇ ਇਕ ਕਮੇਟੀ ਬਣਾ ਦਿੱਤੀ । ਕਮੇਟੀ ਨੇ ਸੰਗਤ ਦੇ ਪੈਸਿਆਂ ਨਾਲ ਦੋ-ਤਿੰਨ ਸਾਲ ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ ਖੜ੍ਹੀ ਕਰ ਦਿੱਤੀ। ਸੰਗਰਾਂਦ ਵਾਲੇ ਦਿਨ ਮੇਲਾ ਜੁੜਨ ਲੱਗਾ। ਬਾਬਾ ਜੀ ਉਸ ਦਿਨ ਦਰਸ਼ਨ ਵੀ ਦਿੰਦੇ ਤੇ ਸੰਗਤ ਨੂੰ ਪ੍ਰਵਚਨ ਵੀ ਸੁਣਾਉਂਦੇ।

ਗੁਰਦੁਆਰਾ ਸਾਹਿਬ ਦੀ ਵਾਗਡੋਰ ਬਾਬਾ ਜੀ ਦੇ ਪੁੱਤਰਾਂ ਨੇ ਸੰਭਾਲ ਲਈ ਸੀ । ਉਹ ਸਾਊ ਬੰਦੇ ਹਨ । ਰੱਬ ਦੀ ਕਰਨੀ ਤੋਂ ਡਰਨ ਵਾਲੇ । ਹਰ ਤਰ੍ਹਾਂ ਸੰਗਤ ਦੀ ਸੇਵਾ ਕਰਨ ਵਾਲੇ । ਖੁੱਲ੍ਹਾ ਲੰਗਰ ਲਾਂਦੇ । ਸਾਧ ਸੰਗਤ ਨੂੰ ਨਿਹਾਲ ਕਰ ਦਿੰਦੇ।

ਮੈਂ ਪਟਿਆਲੇ ਜਾ ਕੇ ਪੜ੍ਹਨ ਲੱਗ ਪਿਆ। ਬਾਬਾ ਜੀ ਹੌਲੀ-ਹੌਲੀ ਜਗਤ ਪ੍ਰਸਿੱਧੀ ਵਾਲੇ ਬਣ ਗਏ। ਹਰ ਪਾਸੇ ਉਨ੍ਹਾਂ ਦੇ ਨਾਮ ਦੀ ਚਰਚਾ ਸੀ । ਪੇਪਰਾਂ ਤੋਂ ਪਹਿਲਾਂ ਮੈਂ ਉਨ੍ਹਾਂ ਤੋਂ ਆਸ਼ੀਰਵਾਦ ਜ਼ਰੂਰ ਲੈਂਦਾ। ਗੁਰਦੁਆਰਾ ਸਾਹਿਬ ਸੁੱਖ ਵੀ ਸੁੱਖਦਾ। ਪਾਸ ਹੋ ਜਾਂਦਾ। ਮੈਨੂੰ ਬਿਜਲੀ ਬੋਰਡ ਵਿਚ ਕਲਰਕੀ ਦੀ ਨੌਕਰੀ ਮਿਲ ਗਈ। ਮੈਂ ਪੜ੍ਹਾਈ ਛੱਡ ਦਿੱਤੀ ਤੇ ਬਾਬਿਆਂ ਦੀ ਕਿਰਪਾ ਨਾਲ ਨੌਕਰੀ ਕਰਨ ਲੱਗਾ। ਦਸ ਕੁ ਸਾਲ ਪਹਿਲਾਂ ਦੀ ਗੱਲ ਦਸਦਾਂ । ਉਨ੍ਹਾਂ ਦਿਨਾਂ ਵਿਚ ਮੈਂ ਨਾਨਕੀ ਗਿਆ ਹੋਇਆ ਸੀ । ਪਿੰਡ ਦੇ ਕੁਝ ਲੋਕ ਉਨ੍ਹਾਂ ਦੇ ਵਿਰੁੱਧ ਗੱਲਾਂ ਕਰਨ । ਇਸ ਪਿੰਡ ਦੇ ਬਜ਼ੁਰਗ ਤਾਂ ਦੋ ਵੇਲੇ ਨਾਮ ਜਪਣ ਵਾਲੇ ਹਨ। ਪਰ ਨਵੀਂ ਪੀੜ੍ਹੀ ਨੂੰ ਖੰਭ ਨਿਕਲ ਆਏ ਹਨ । ਬਾਬਾ ਜੀ ਦਾ ਸਤਿਕਾਰ ਕਰਨਾ ਤਾਂ ਉਹ ਭੁੱਲ ਹੀ ਗਏ ਸਨ । ਉਨ੍ਹਾਂ ਮੂਰਖ ਪ੍ਰਾਣੀਆਂ ਨੂੰ ਬਾਬਾ ਜੀ ਦੀ ਕਰੋਪੀ ਦਾ ਨਹੀਂ ਪਤਾ। ਉਹ ਤਾਂ ਜੱਗ ਦਾ ਭਲਾ ਕਰਨ ਲਈ ਧਰਮ ਰਾਜ ਨੇ ਭੇਜੇ ਸਨ । ਫਿਰ ਜੇ ਸੰਤ ਮਹਾਤਮਾ ਵਿਗੜ ਜਾਣ ਤਾਂ ਉਪਰ ਥੱਲੇ ਦੀ ਇਕ ਕਰ ਦਿੰਦੇ ਹਨ। ਮੰਨਿਆ ਗੁਰਦੁਆਰਾ ਸਾਹਿਬ ਵਿਚ ਦੋ ਤਿੰਨ ਗਲਤ ਘਟਨਾਵਾਂ ਵਾਪਰ ਗਈਆਂ। ਬਾਬਾ ਜੀ ਨੇ ਕਿਹਾ ਵੀ, ਉਹ ਦੋਸ਼ੀਆਂ ਨੂੰ ਨਰਕ ਵਿਚ ਭੇਜ ਕੇ ਕੋੜੇ ਮਰਵਾਉਣਗੇ । ਇਹ ਮੁੰਡੇ ਕੌਣ ਹੁੰਦੇ ਹਨ ਗੱਲਾਂ ਕਰਨ ਵਾਲੇ? ਬਣਾਈ ਫਿਰਦੇ ਆ ਸਭਾਵਾਂ। ਭਲਾ ਪੰਚਾਇਤ ਇਨ੍ਹਾਂ ਦੇ ਮਤਿਆਂ ਨੂੰ ਮੰਨ ਲਵੇਗੀ? ਪਿੰਡ ਦੇ ਮਾਹੌਲ ਵਿਚ ਤਣਾਅ ਬਣਿਆ ਹੋਇਆ। ਅਸਲ ਬਿਮਾਰੀ ਉਦੋਂ ਫੈਲੀ, ਜਦੋਂ ਪਿੰਡ ਵਿਚ ਇਕ ਡਾਕਟਰ ਆਇਆ। ਉਹ ਬੜੀਆਂ-ਬੜੀਆਂ ਗਿਆਨ ਵਿਗਿਆਨ ਦੀਆਂ ਗੱਲਾਂ ਕਰਨ ਲੱਗਾ । ਮੁੰਡਿਆਂ ਨੂੰ ਰੋਜ਼ ਨਵੀਂ ਪੱਟੀ ਪੜ੍ਹਾਉਂਦਾ ਹੈ। ਦੇਖੋ ਡਾਕਟਰ ਦਾ ਕਿੰਨਾ ਦਿਮਾਗ ਖਰਾਬ ਹੋਇਆ ਪਿਆ। ਬਾਬਾ ਜੀ ਦਾ ਪੁਨਰ ਜਨਮ ਮੰਨਣ ਲਈ ਤਿਆਰ ਨਹੀਂ।

''ਡਾਕਟਰ ਸਾਹਿਬ, ਬਾਬਾ ਜੀ ਦਾ ਪੁਨਰ ਜਨਮ ਮੇਰੀਆਂ ਅੱਖਾਂ ਸਾਹਮਣੇ ਹੋਇਆ ਸੀ ।'' ਮੈਂ ਬਾਬਾ ਜੀ ਤੇ ਧਤਲਿਆਂ ਦੇ ਕਰਮ ਸਿੰਘ ਵਾਲੀ ਸਾਰੀ ਘਟਨਾ ਸੁਣਾਈ।

''ਡਾਕਟਰੀ ਵਿਗਿਆਨ ਦੇ ਖੇਤਰ ਵਿਚ ਇਕ ਖ਼ੂਬ ਜਾਣੀ ਪਛਾਣੀ ਸੱਚਾਈ ਏ ਕਿ ਦਿਲ ਦੀ ਧੜਕਣ ਬੰਦ ਹੋ ਜਾਣ ਤੋਂ ਬਾਅਦ ਵੀ ਦਿਮਾਗ ਕੁਝ ਸਮੇਂ ਲਈ ਜੀਵਿਤ ਰਹਿੰਦਾ।'' ਡਾਕਟਰ ਮੈਨੂੰ ਡਾਕਟਰੀ ਵਿਗਿਆਨ ਪੜ੍ਹਾਉਣ ਲੱਗ ਪਿਆ ਸੀ। ਉੱਝ ਡਾਕਟਰ ਦਲੀਲ ਨਾਲ ਗੱਲ ਕਰ ਰਿਹਾ ਸੀ । ਉਹਨੇ ਪੁਨਰ ਜਨਮ ਦੇ ਖ਼ਿਲਾਫ਼ ਦਲੀਲਾਂ ਵੀ ਦਿੱਤੀਆਂ ਤੇ ਕਈ ਉਦਾਹਰਣਾਂ ਵੀ ਸੁਣਾਈਆਂ। ਪਰ ਮੇਰਾ ਮਨ ਨੀ ਮੰਨਿਆ। ਵਿਸ਼ਵਾਸ ਤੇ ਦਲੀਲ ਦਾ ਆਪਸ ਵਿਚ ਕੋਈ ਸੰਬੰਧ ਨਹੀਂ। ਤਰਕ ਵਾਲੇ ਲੋਕ ਰੂਹਾਨੀਅਤ ਨੂੰ ਸਮਝ ਹੀ ਨਹੀਂ ਸਕਦੇ। ''ਇਹ ਸਭ ਕੁਝ ਖ਼ੂਨ ਦੀ ਸਪਲਾਈ ਬੰਦ ਹੋ ਜਾਣ ਕਾਰਨ ਕਲਪਨਾ ਵਿਚ ਚਿੱਤਰ ਦੇਖਣ ਦੀ ਸਥਿਤੀ ਤੋਂ ਵੱਧ ਕੁਝ ਵੀ ਨਹੀਂ।'' ਡਾਕਟਰ ਆਪਣੀ ਗੱਲ ਮੰਨਵਾਉਣ ਲਈ ਹਰ ਤਰੱਦਦ ਕਰ ਰਿਹਾ ਸੀ।

ਪਿਛਲੇ ਦਸ ਸਾਲਾਂ ਵਿਚ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਮਨੁੱਖ ਮਨਮੁੱਖ ਹੋ ਗਿਆ ਹੈ । ਬਾਬਾ ਜੀ ਦਾ ਪੁਨਰ ਜਨਮ ਤਾਂ ਹੋਇਆ ਹੀ ਮਨੁੱਖਤਾ ਦੇ ਭਲੇ ਲਈ ਸੀ । ਇਹ ਕੁਝ ਵੀ ਹੋਏਗਾ, ਕਦੇ ਸੋਚਿਆ ਹੀ ਨਹੀਂ ਸੀ। ਮੈਂ ਕੱਲ੍ਹ ਦਾ ਨਾਨਕੀ ਆਇਆ ਹੋਇਆਂ । ਬਾਬਾ ਜੀ ਦਾ ਡੇਰਾ ਬੰਦ ਕਰਨ ਬਾਰੇ ਅੱਜ ਇਕੱਠ ਹੋਣਾ ਹੈ । ਲੋਕਾਂ ਵਿਚ ਤਣਾਅ ਬਣਿਆ ਹੋਇਆ । ਝਗੜਾ ਵਧਣ ਦੇ ਆਸਾਰ ਨਜ਼ਰ ਆ ਰਹੇ ਹਨ । ਰਾਜਨੀਤੀ ਕਾਰਨ ਸਰਪੰਚ ਸਮੇਤ ਪੰਚਾਇਤ ਦੇ ਬਹੁਤੇ ਮੈਂਬਰ ਮੁੰਡਿਆਂ ਦੇ ਪੱਖ ਵਿਚ ਬੋਲ ਰਹੇ ਹਨ । ਪੁਲਿਸ ਵੀ ਸੱਦੀ ਹੋਈ ਹੈ।

ਸਕੂਲ ਦੀ ਗਰਾਊਂਡ ਵਿਚ ਪੰਚਾਇਤ ਜੁੜ ਗਈ ਹੈ । ਗੱਲ ਸ਼ੁਰੂ ਹੁੰਦਿਆਂ ਹੀ ਕਾਵਾਂ ਰੌਲੀ ਵੱਧ ਗਈ ਹੈ । ਗੱਲ ਕਿਸੇ ਕੰਢੇ ਨਹੀਂ ਲੱਗ ਰਹੀ। ਮੁੰਡੇ ਗੱਲਾਂ ਬੜੀਆਂ-ਬੜੀਆਂ ਕਰ ਰਹੇ ਹਨ। ਵਿਗਿਆਨ ਦੀਆਂ, ਜੰਮਣ ਮਰਨ ਦੀਆਂ । ਕਲੋਨ ਰਾਹੀਂ ਬੱਚੇ ਪੈਦਾ ਕਰਨ ਦੀਆਂ। ਬਾਬਾ ਜੀ ਦੇ ਸ਼ਰਧਾਲੂ ਮੁੰਡਿਆਂ ਅੱਗੇ ਭਾਵੇਂ ਲਾਜਵਾਬ ਹਨ । ਪਰ ਡੇਰਾ ਚੁੱਕਣ ਲਈ ਨਹੀਂ ਮੰਨ ਰਹੇ। ਅਸੀਂ ਸਾਰੇ ਅੜੇ ਹੋਏ ਹਾਂ।

ਪੰਚਾਇਤ ਨੇ ਡੇਰਾ ਬੰਦ ਕਰਨ ਦਾ ਫ਼ੈਸਲਾ ਦੇ ਦਿੱਤਾ ਹੈ । ਪੰਚਾਇਤ ਦੇ ਫ਼ੈਸਲੇ 'ਤੇ ਖੱਪ ਵੱਧ ਗਈ ਹੈ। ਹੱਥੋਂ ਪਾਈ ਵਿਚ ਪੱਗਾਂ ਲੱਥ ਗਈਆਂ ਹਨ । ਪੁਲਿਸ ਨੇ ਦਖ਼ਲ ਦਿੱਤਾ ਹੈ। ਪੰਚਾਇਤ ਨੇ ਰੇਜ਼ੂਲੇਸ਼ਨ ਵੀ ਪਾਸ ਕਰ ਦਿੱਤਾ ਹੈ। ਪੁਲਿਸ ਦੋਨੋਂ ਧਿਰਾਂ ਤੋਂ ਦਸਤਖ਼ਤ ਕਰਾਉਣ ਲਈ ਜ਼ੋਰ ਪਾ ਰਹੀ ਹੈ। ਪਰ ਸਾਡੇ ਵਾਲੀ ਧਿਰ ਮੰਨ ਨਹੀਂ ਰਹੀ। ਅਸੀਂ ਫ਼ੈਸਲਾ ਸੁਣ ਕੇ ਡੇਰੇ ਆਏ ਹਾਂ। ਬਾਬਾ ਕਰਮ ਸਿੰਘ ਭਗਤੀ ਵਿਚ ਲੀਨ ਬੈਠੇ ਹਨ। ਇਹ ਤਾਂ ਜਾਣੀ ਜਾਣ ਹਨ । ਇਨ੍ਹਾਂ ਨੂੰ ਫ਼ੈਸਲੇ ਦਾ ਪਹਿਲਾਂ ਹੀ ਪਤਾ ਹੋਣਾ । ਅਸੀਂ ਤਾਂ ਇਹ ਸੋਚਦੇ ਹਾਂ ਬਾਬਾ ਜੀ ਵਿਰੋਧੀਆਂ ਨੂੰ ਤਬਾਹ ਕਰ ਦੇਣ । ਹੁਣੇ ਚਮਤਕਾਰ ਦਿਖਾਉਣ, ਚਾਹੇ ਅੰਨ੍ਹੇ ਕਰ ਦੇਣ । ਉਹ ਇਥੇ ਆ ਕੇ ਮਾਫ਼ੀ ਮੰਗਣ । ਪਰ ਮਾਫ਼ੀ ਦੇਣੀ ਨਹੀਂ ਚਾਹੀਦੀ । ਸੰਤਾਂ ਦਾ ਕੀ ਪਤਾ ਮਾਫ਼ ਕਰ ਈ ਦੇਣ । ਅੱਖਾਂ ਖੋਲ੍ਹ ਤਾਂ ਲਈਆਂ ਹਨ। ''ਬਾਬਾ ਜੀ, ਧਰਮਰਾਜ ਨੂੰ ਕਹੋ ਇਨ੍ਹਾਂ ਖੜ੍ਹੇ ਖੜਪੰਚਾਂ ਦਾ ਫਾਹਾ ਵੱਢੇ ।...ਰੱਬ ਦੇ ਦੁਸ਼ਮਣਾਂ ਨੇ ਡੇਰਾ ਬੰਦ ਕਰਨ ਦਾ ਫ਼ੈਸਲਾ ਦੇ ਦਿੱਤਾ ਐ ।'' ਨਾਨੇ ਦੇ ਭਰਾ ਨੇ ਪੰਚਾਇਤ ਦਾ ਫ਼ੈਸਲਾ ਬਾਬਾ ਜੀ ਨੂੰ ਸੁਣਾਇਆ ਹੈ। ਬਾਬਾ ਜੀ ਨੇ ਅੱਖਾਂ ਮੀਟ ਲਈਆਂ ਹਨ । ਮਾਲਾ ਫੇਰਨੀ ਸ਼ੁਰੂ ਕੀਤੀ ਹੈ । ਧਰਮਰਾਜ ਨਾਲ ਲਿਵ ਲਾ ਲਾਈ ਹੈ ।... ਅੱਖਾਂ ਖੋਲ੍ਹੀਆਂ ਹਨ । ''ਧਰਮਰਾਜ ਜੀ ਨੇ ਕਿਹਾ ਹੈ ਕਿ ਇਸ ਜਗ੍ਹਾ ਕਲਯੁਗੀ ਲੋਕ ਆ ਗਏ ਹਨ । ਉਨ੍ਹਾਂ ਦੀ ਗਿਣਤੀ ਵੀ ਵੱਧ ਗਈ ਹੈ । ਨਵੀਂ ਜਗ੍ਹਾ ਜਾਓ ਤੇ ਲੋਕਾਂ ਦਾ ਪਰਉਪਕਾਰ ਕਰੋ।...ਆਪਾਂ ਨਵੀਂ ਜਗ੍ਹਾ ਡੇਰਾ ਉਸਾਰ ਲਵਾਂਗੇ ਪਰ ਇਹਦਾ ਕਬਜ਼ਾ ਵੀ ਕੋਲ ਰੱਖਾਂਗੇ ।''

ਮੈਂ ਕਰਮ ਸਿੰਘ ਦਾ ਪ੍ਰਵਚਨ ਸੁਣ ਕੇ ਸਿੱਥਾ ਪੈ ਗਿਆ ਹਾਂ । ਹੁਣ ਮੇਰਾ ਮਨ ਕਰਦਾ-ਮੈਂ ਵੀ ਡਾਕਟਰ ਤੇ ਉਨ੍ਹਾਂ ਮੁੰਡਿਆਂ ਨਾਲ ਜਾ ਰਲਾਂ ।

# ਵੋਟਾਂ ਦੀ ਛਾਵੇਂ ਛਾਵੇਂ ਜਮਹੂਰੀਅਤ ਨੂੰ ਸੇਕ

ਜਸਵੀਰ ਸਮਰ

ਹਿੰਦੀ ਲਿਖਾਰੀ ਅਸਗ਼ਰ ਵਜਾਹਤ ਨੇ ਆਪਣੀ ਇਕ ਲਿਖਤ ਵਿਚ ਪਾਕਿਸਤਾਨ ਬਾਬਤ ਲਤੀਫ਼ੇ ਦਾ ਜ਼ਿਕਰ ਕੀਤਾ ਹੈ। ਕਿਸੇ ਆਦਮੀ ਨੇ ਫ਼ੌਜ ਦੇ ਮੁਖੀ ਨੂੰ ਪੁੱਛਿਆ, ''ਪਾਕਿਸਤਾਨੀ ਫ਼ੌਜ ਦਾ ਸਭ ਤੋਂ ਵੱਡਾ ਹਾਸਲ ਕੀ ਹੈ?'' ਜਵਾਬ ਮਿਲਿਆ, ''ਪਾਕਿਸਤਾਨੀ ਫ਼ੌਜ ਨੇ ਪਾਕਿਸਤਾਨ ਜਿੱਤ ਲਿਆ ਹੈ।'' ਹੁਣ ਰਤਾ ਭਾਰਤ ਵੱਲ ਪਰਤੀਏ ਜਿਸ ਬਾਰੇ ਮੇਰਠ (ਉੱਤਰ ਪ੍ਰਦੇਸ਼) ਵਿਚ ਜੰਮੀ ਅਤੇ ਲਾਹੌਰ (ਪਾਕਿਸਤਾਨ) ਵਿਚ ਫ਼ੌਤ ਹੋਈ ਸ਼ਾਇਰਾ, ਮਰਹੂਮ ਫਹਿਮੀਦਾ ਰਿਆਜ਼ ਨੇ ਆਪਣੀ ਨਜ਼ਮ 'ਨਯਾ ਭਾਰਤ' ਅੰਦਰ ਟਿੱਪਣੀ ਕੀਤੀ ਸੀ: ਤੁਮ ਬਿਲਕੁਲ ਹਮ ਜੈਸੇ ਨਿਕਲੇ ਅਬ ਤਕ ਕਹਾਂ ਛੁਪੇ ਥੇ ਭਾਈ।... ਇਸ ਨਜ਼ਮ ਦਾ ਨਾਤ੍ਹਾ ਪਿਛਲੇ ਪੰਜ ਸਾਲਾਂ ਦੀ ਕੇਂਦਰ ਸਰਕਾਰ ਨਾਲ ਜੁੜਿਆ ਹੋਇਆ ਹੈ। ਹੁਣ ਜਦੋਂ ਲੋਕ ਸਭਾ ਚੋਣਾਂ ਬਰੂਹਾਂ 'ਤੇ ਆਈਆਂ ਖੜ੍ਹੀਆਂ ਹਨ ਤਾਂ ਹਰ ਪਾਰਟੀ ਅਤੇ ਆਗੂ ਨੂੰ ਵੋਟ ਬੈਂਕ ਦਾ ਜਿਵੇਂ ਤਾਪ ਚੜ੍ਹਿਆ ਹੋਇਆ ਹੈ। ਇਸ ਮਾਮਲੇ ਵਿਚ ਸਭ ਤੋਂ ਵੱਧ ਅਸਰ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਉੱਤੇ ਦਿਸਦਾ ਹੈ; ਇਹ ਪਾਰਟੀ ਸਿਰਫ਼ ਆਪਣਾ ਪ੍ਰਚਾਰ ਹੀ ਨਹੀਂ ਕਰ ਰਹੀ, ਦੂਜਿਆਂ ਨੂੰ ਡੱਕ ਵੀ ਰਹੀ ਹੈ। ਉਂਜ, ਮੀਡੀਆ ਦੇ ਵੱਡੇ ਹਿੱਸੇ ਦੇ ਗੋਡਣੀਆਂ ਪਰਨੇ ਹੋਣ ਦੇ ਬਾਵਜੂਦ, ਕਿਤੇ ਨਾ ਕਿਤੇ ਇਹ ਸਵਾਲ ਉੱਭਰ ਆਉਂਦਾ ਹੈ: 'ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ' ਦੇ 'ਸਭ ਤੋਂ ਵੱਧ ਸਰਗਰਮ ਪ੍ਰਧਾਨ ਮੰਤਰੀ' ਨਰਿੰਦਰ ਮੋਦੀ ਦਾ ਪਿਛਲੇ ਪੰਜ ਸਾਲਾਂ ਦਾ ਹਾਸਲ ਕੀ ਹੈ? ਹਰ ਧਿਰ ਅਤੇ ਧੜੇ ਦੇ ਇਸ ਸਵਾਲ ਦੇ ਜਵਾਬ ਵੱਖਰੇ ਵੱਖਰੇ ਹੋ ਸਕਦੇ ਹਨ ਪਰ ਇਕ ਜਵਾਬ ਜਿਹੜਾ ਪਿਛਲੇ ਪੰਜਾਂ ਸਾਲਾਂ ਦੀ ਸਰਗਰਮੀ ਨੇ ਸਭ ਦੇ ਸਾਹਮਣੇ ਲਿਆਂਦਾ ਹੈ, ਉਹ ਹੈ: ਪ੍ਰਧਾਨ ਮੰਤਰੀ ਨੇ ਮੁਲਕ ਅੰਦਰ ਅਜਿਹਾ ਮਾਹੌਲ ਬਣਾ ਦਿੱਤਾ ਹੈ ਕਿ ਕਿਤੇ ਕੋਈ ਮਾੜਾ-ਮੋਟਾ ਫਲੂਹਾ ਸੁੱਟਣ ਦੀ ਦੇਰ ਹੈ, ਭਾਂਬੜ ਬਲ਼ ਉੱਠਦਾ ਹੈ। ਪੁਲਵਾਮਾ ਦਹਿਸ਼ਤੀ ਹਮਲੇ ਤੋਂ ਬਾਅਦ ਮੁਲਕ ਭਰ ਵਿਚ ਜੋ ਕੁਝ ਕਸ਼ਮੀਰੀਆਂ, ਖ਼ਾਸਕਰ ਕਸ਼ਮੀਰੀ ਵਿਦਿਆਰਥੀਆਂ ਨਾਲ ਹੋਈ-ਬੀਤੀ ਹੈ, ਇਸੇ ਮਾਹੌਲ ਦੀ ਤਾਜ਼ਾਤਰੀਨ ਮਿਸਾਲ ਹੈ। ਮੁਲਕ ਦੀਆਂ ਵੱਖ ਵੱਖ ਥਾਵਾਂ ਉੱਤੇ ਮੁਸਲਮਾਨਾਂ ਖ਼ਿਲਾਫ਼ ਜੋ ਨਫ਼ਰਤ, ਹਿੰਸਾ ਦਾ ਰੂਪ ਧਾਰ ਕੇ ਅਕਸਰ ਪ੍ਰਗਟ ਹੁੰਦੀ ਰਹੀ ਹੈ, ਇਸ ਵਾਰ ਇਸ ਦੀ ਲਪੇਟ ਵਿਚ ਕਸ਼ਮੀਰੀ ਮੁਸਲਮਾਨ ਆਏ ਹਨ। ਇਨ੍ਹਾਂ ਖ਼ੌਫ਼ਨਾਕ ਹਾਲਾਤ ਵਿਚ ਸਾਡੇ 'ਪੁਖ਼ਤਾ' ਜਮਹੂਰੀ ਨਿਜ਼ਾਮ ਨੂੰ ਫ਼ਰਜ਼ਾਂ ਦਾ ਚੇਤਾ ਕਰਵਾਉਣ ਲਈ ਸੁਪਰੀਮ ਕੋਰਟ ਨੂੰ ਹਦਾਇਤਾਂ ਦੇਣੀਆਂ ਪਈਆਂ ਹਨ। ਸਾਢੇ ਤਿੰਨ ਦਹਾਕੇ ਪਹਿਲਾਂ ਕਸ਼ਮੀਰੀਆਂ ਵਾਲਾ ਭਾਣਾ ਸਿੱਖਾਂ ਨਾਲ ਵਰਤਿਆ ਸੀ।

ਇਹ ਵੱਖਰੀ ਗੱਲ ਹੈ ਕਿ ਉਦੋਂ ਕਿਸੇ ਕੋਰਟ-ਕਚਹਿਰੀ ਨੂੰ ਫ਼ਰਜ਼ਾਂ ਦਾ ਚੇਤਾ ਕਰਵਾਉਣ ਦਾ ਚੇਤਾ ਨਹੀਂ ਸੀ ਆਇਆ ਅਤੇ ਫਿਰ ਦਹਾਕਿਆਂ ਤੱਕ ਇਹ ਚੇਤਾ ਭੁੱਲਿਆ ਹੀ ਰਿਹਾ। ਉਸ ਵਕਤ ਵੀ ਭਾਰਤ ਦਾ ਜਮਹੂਰੀ ਨਿਜ਼ਾਮ ਸੰਸਾਰ ਭਰ ਵਿਚ ਸਭ ਤੋਂ ਵੱਡਾ ਹੀ ਸੀ ਅਤੇ ਉਦੋਂ ਇਕ ਖ਼ਾਸ ਪਾਰਟੀ ਨੇ ਵੋਟਾਂ ਦੀ ਭਰਵੀਂ ਫ਼ਸਲ ਵੱਢੀ ਸੀ; ਐਤਕੀਂ ਵੀ ਜਾਪਦਾ ਹੈ ਕਿ ਕਿਸੇ ਖ਼ਾਸ ਪਾਰਟੀ ਲਈ ਵੋਟਾਂ ਦੀ ਭਰਵੀਂ ਫ਼ਸਲ ਵੱਢਣ ਦੀ ਤਿਆਰੀ ਲਈ ਹਾਲਾਤ 'ਸਾਜ਼ਗਾਰ' ਬਣਾਏ ਜਾ ਰਹੇ ਹਨ। ਕਸ਼ਮੀਰੀ ਮੁਸਲਮਾਨਾਂ ਉੱਪਰ ਹਮਲਿਆਂ ਤੋਂ ਬਾਅਦ ਭੁੱਲੜ ਬੁੱਧੀਜੀਵੀ ਅਜੇ ਵੀ ਆਸ ਲਗਾਈ ਬੈਠੇ ਸਨ ਕਿ ਪ੍ਰਧਾਨ ਮੰਤਰੀ ਦਾ ਕੋਈ ਸਖ਼ਤ ਸੁਨੇਹਾ ਆਵੇਗਾ। ਦਰਅਸਲ, ਊਠ ਦਾ ਇਹ ਬੁੱਲ੍ਹ 2 ਜੂਨ 2014 ਤੋਂ ਲਟਕ ਰਿਹਾ ਹੈ।

ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਵਜੋਂ ਹਲਫ਼ 26 ਮਈ 2014 ਨੂੰ ਲਿਆ ਸੀ ਅਤੇ 2 ਜੂਨ ਨੂੰ ਪੂਣੇ (ਮਹਾਰਸ਼ਟਰ) ਅੰਦਰ ਮੋਹਸਿਨ ਸ਼ੇਖ਼ ਨੂੰ ਕੱਟੜਪੰਥੀਆਂ ਨੇ ਕੱਟ ਕੱਟ ਕੇ ਮਾਰ-ਮੁਕਾਇਆ ਸੀ। ਉਦੋਂ ਜਿਨ੍ਹਾਂ ਨੂੰ ਇਹ ਭੁਲੇਖਾ ਪਿਆ ਸੀ ਕਿ ਅਖੌਤੀ ਵਿਕਾਸ ਦੇ ਨਾਂ 'ਤੇ ਬਣੀ ਸਰਕਾਰ ਦਾ ਮੁਖੀ ਘੱਟੋ-ਘੱਟ ਮੋਹਸਿਨ ਸ਼ੇਖ਼ ਵਾਲੀ ਦਰਦਨਾਕ ਘਟਨਾ ਤੋਂ ਬਾਅਦ ਕੋਈ ਸਖ਼ਤ ਸੁਨੇਹਾ ਦੇਵੇਗਾ, ਉਹ ਭੁਲੇਖਾ ਪੰਜ ਸਾਲਾਂ ਬਾਅਦ ਵੀ ਜਿਉਂ ਦਾ ਤਿਉਂ ਬਰਕਰਾਰ ਹੈ, ਹਾਲਾਂਕਿ ਕਿੰਨਾ ਪਾਣੀ ਪੁਲਾਂ ਹੇਠੋਂ ਲੰਘ ਚੁੱਕਾ ਹੈ। ਜਿਹੜਾ ਪਾਣੀ ਪੁਲਾਂ ਹੇਠੋਂ ਆਉਂਦੇ ਦਿਨਾਂ ਵਿਚ ਲੰਘਣਾ ਹੈ, ਉਸ ਬਾਰੇ ਸਿਰਫ਼ ਇਕ ਸਵਾਲ ਮੁਲਕ ਦੇ ਹਰ ਬਾਸ਼ਿੰਦੇ ਦੇ ਚਿਹਰੇ ਉੱਤੇ ਚਿਪਕਿਆ ਹੋਇਆ ਦਿਸਦਾ ਹੈ।

ਸਵਾਲ ਹੈ: ਐਤਕੀਂ ਮੋਦੀ ਜਿੱਤੇਗਾ? ਮੋਦੀ ਭਲਾ ਹਾਰਿਆ ਕਦੋਂ ਸੀ? ਗੁਜਰਾਤ ਵਿਚ ਫਰਵਰੀ-ਮਾਰਚ 2002 ਨੂੰ ਮੁਸਲਮਾਨਾਂ ਦਾ ਕਤਲੇਆਮ ਹੋਇਆ। ਮੋਦੀ ਦੀ ਤਿੱਖੀ ਤੇ ਬੇਹਿਸਾਬ ਨੁਕਤਾਚੀਨੀ ਹੋਈ ਅਤੇ ਫਿਰ ਕੁਝ ਮਹੀਨਿਆਂ ਬਾਅਦ ਉਥੇ ਦਸੰਬਰ 2002 ਨੂੰ ਵਿਧਾਨ ਸਭਾ ਚੋਣਾਂ ਹੋਈਆਂ।

Home Loans
Call 408.307.6331




# ਤਪਦਿਕ (ਟੀਬੀ) ਦੀ ਬਿਮਾਰੀ ਦੇ ਲੱਛਣ ਤੇ ਰੋਕਥਾਮ

ਡਾ.ਅਨਿਲ ਕੁਮਾਰ ਬੱਗਾ

ਤਪਦਿਕ (ਟੀਬੀ) ਛੂਤ ਦੀ ਬਿਮਾਰੀ ਹੈ ਜੋ ਖੰਘਣ, ਛਿੱਕਣ ਤੇ ਹਵਾ ਰਾਹੀਂ ਇਕ ਤੋਂ ਦੂਜੇ ਸ਼ਖ਼ਸ ਵਿਚ ਬੜੀ ਤੇਜ਼ੀ ਨਾਲੀ ਫੈਲਦੀ ਹੈ। ਜੇ ਦੋ ਹਫਤਿਆਂ ਤੋਂ ਜ਼ਿਆਦਾ ਲੰਮੀ ਖੰਘ ਹੈ ਤਾਂ ਜਾਂਚ ਕਰਵਾਉਣੀ ਚਾਹੀਦੀ ਹੈ। ਇਹ ਫੇਫੜਿਆਂ ਦੀ ਟੀਬੀ ਦਾ ਸੰਕੇਤ ਹੋ ਸਕਦੀ ਹੈ। ਇਸ ਨੂੰ ਡਾਕਟਰੀ ਭਾਸ਼ਾ ਵਿਚ ਫੇਫੜਿਆ ਦੀ ਟੀਬੀ (ਫੁਲਮੋਨਅਰੇ ਠੁਬੲਰਚੁਲੋਸਸਿ) ਕਹਿੰਦੇ ਹਨ। ਆਮ ਲੋਕਾਂ ਨੂੰ ਇਹ ਵੀ ਭੁਲੇਖਾ ਹੈ ਕਿ ਟੀਬੀ ਦੀ ਬਿਮਾਰੀ ਕੇਵਲ ਫੇਫੜਿਆਂ ਨੂੰ ਪ੍ਰਭਾਵਿਤ ਕਰਦੀ ਹੈ। ਇਹ ਬਿਮਾਰੀ ਕਿਸੇ ਵੀ ਅੰਗ ਨੂੰ ਹੋ ਸਕਦੀ ਹੈ।

ਅਸੀਂ ਇਹ ਸਮਝੀ ਬੈਠੇ ਹੈ ਕਿ ਟੀਬੀ ਕੇਵਲ ਗਰੀਬ ਤੇ ਕਮਜ਼ੋਰ ਲੋਕਾਂ ਦੀ ਬਿਮਾਰੀ ਹੈ ਪਰ ਸਚਾਈ ਇਹ ਹੈ ਕਿ ਖਾਣ ਪੀਣ ਵਿਚ ਲਾਪਰਵਾਹੀ ਤੇ ਹਵਾ ਪ੍ਰਦੂਸ਼ਣ ਕਰਕੇ ਇਹ ਅਮੀਰਾਂ ਨੂੰ ਵੀ ਆਪਣਾ ਸ਼ਿਕਾਰ ਬਣਾ ਸਕਦੀ ਹੈ। ਅਸੀ ਇਕ ਹਫਤੇ ਤੋਂ ਜ਼ਿਆਦਾ ਖੰਘ ਨੂੰ ਠੀਕ ਕਰਨ ਲਈ ਮੈਡੀਕਲ ਸਟੋਰ ਤੋਂ ਐਂਟੀਬਾਓਟਿਕ ਦਵਾਈਆਂ ਲੈਂਦੇ ਰਹਿੰਦੇ ਹਾਂ ਜਿਸ ਕਰਕੇ ਇਸ ਬਿਮਾਰੀ ਦੇ ਲੱਛਣਾਂ ਦੀ ਪਛਾਣ ਨਹੀਂ ਹੁੰਦੀ। ਐਂਟੀਬਾਓਟਿਕ ਦਵਾਈਆਂ ਖੰਘ ਦਾ ਕੋਈ ਪੱਕਾ ਇਲਾਜ ਨਹੀਂ। ਨਵੀਂ ਜਾਂ ਪੁਰਾਣੀ ਖੰਘ ਲਈ ਦਵਾਈ ਦੀ ਚੋਣ ਡਾਕਟਰ ਹੀ ਕਰਦਾ ਹੈ। ਟੀਬੀ ਦੇ ਇਲਾਜ ਵਿਚ ਦੇਰੀ ਹੋਣ ਕਰਕੇ ਬਿਮਾਰੀ ਹੋਰ ਅੰਗਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ।

ਅੱਜ ਵੀ ਇਹ ਰੋਗ ਤੇਜ਼ੀ ਨਾਲ ਪੈਰ ਪਸਾਰ ਰਿਹਾ ਹੈ। ਹਰ ਰੋਜ਼ ਨਵੇਂ ਤੇ ਅਣਗਿਣਤ ਕੇਸ ਸਾਹਮਣੇ ਆ ਰਹੇ ਹਨ। ਭਾਰਤ ਵਿਚ ਇਸ ਦੀ ਲਾਗ (ਇਨਫੈਕਸ਼ਨ) ਸਭ ਤੋਂ ਜ਼ਿਆਦਾ ਹੈ। ਟੀਬੀ ਰੋਕਣ ਲਈ ਬੀਸੀਜੀ (ਭਛਘ) ਦਾ ਸਰਕਾਰੀ ਟੀਕਾ ਲਗਵਾਉਣ ਦੇ ਬਾਵਜੂਦ ਅਸੀਂ ਅਜੇ ਇਹ ਨਾਅਰਾ ਲਗਾਉਣ ਵਿਚ ਪੂਰੀ ਤਰ੍ਹਾਂ ਕਾਮਯਾਬ ਨਹੀ ਹੋ ਸਕੇ: ਟੀਬੀ ਹਾਰੇਗਾ ਮੁਲਕ ਜਿੱਤੇਗਾ। ਲੋਕਾਂ ਨੇ ਇਸ ਪੁਰਾਣੀ ਬਿਮਾਰੀ ਬਾਰੇ ਸੁਣ ਤਾਂ ਰੱਖਿਆ ਹੈ ਪਰ ਇਸ ਨੂੰ ਸਮਝਣ ਵਿਚ ਅਜੇ ਵੀ ਅਸੀਂ ਭੁੱਲ ਕਰ ਰਹੇ ਹਾਂ। ਅਸੀਂ ਇਨ੍ਹਾਂ ਹੋਕਿਆਂ ਕਿ ਦੋ ਹਫਤਿਆਂ ਦੀ ਖੰਘ ਟੀਬੀ ਦੇ ਲੱਛਣ ਹੋ ਸਕਦੇ ਹਨ, ਨੂੰ ਅਣਗੌਲਿਆ ਕਰਦੇ ਹੋਏ ਛਾਤੀ ਦੇ ਸਪੈਸ਼ਲਿਸਟ ਡਾਕਟਰ ਕੋਲ ਜਾਣ ਤੋਂ ਗੁਰੇਜ਼ ਕਰਦੇ ਹਾਂ। ਟੀਬੀ ਨਾਲ ਹੋਣ ਵਾਲੇ ਬੁਖਾਰ ਨੂੰ ਟਾਈਫਾਈਡ ਦਾ ਹਮਲਾ ਸਮਝਦੇ ਹੋਏ ਮਰੀਜ਼ ਨੀਮ ਹਕੀਮ ਦੇ ਚੱਕਰਾਂ ਵਿਚ ਪਿਆ ਰਹਿੰਦਾ ਹੈ। ਜਦ ਇਸ ਰੋਗ ਬਾਰੇ ਪਤਾ ਲੱਗਦਾ ਹੈ, ਤਦ ਤੱਕ ਇਸ ਦੇ ਕੀਟਾਣੂ ਸਰੀਰ ਦੇ ਹੋਰ ਅੰਗਾਂ ਵਿਚ ਵੀ ਘੁਸਪੈਠ ਕਰ ਚੁੱਕੇ ਹੁੰਦੇ ਹਨ।

### ਕਾਰਨ

1. ਇਹ ਬਿਮਾਰੀ ਮਾਇਕਰੋਬੈਕਟੀਰੀਅਮ ਟਿਊਬਰਕੁਲੋਸਿਸ ਬੈਕਟੀਰੀਆ ਕਰਕੇ ਹੁੰਦੀ ਹੈ। ਇਸ ਬੈਕਟੀਰੀਆ ਨੂੰ ਡਾ. ਰਾਬਰਟ ਕੋਚ ਨੇ 24 ਮਾਰਚ 1882 ਵਿਚ ਪਛਾਣਿਆ ਸੀ।
2. ਤਾਜ਼ੀ ਹਵਾ, ਧੁੱਪ ਤੇ ਹਵਾਦਾਰ ਕਮਰਿਆਂ ਦਾ ਨਾ ਹੋਣਾ।
3. ਸਾਫ ਸਫਾਈ ਦੀ ਘਾਟ ਹੋਣ ਕਰਕੇ ਇਸ ਦੇ ਕੀਟਾਣੂ ਮੂੰਹ ਰਾਹੀਂ ਫੇਫੜਿਆਂ ਵਿਚ ਚਲੇ ਜਾਂਦੇ ਹਨ।
4. ਟੀਬੀ ਵਾਲੇ ਮਰੀਜ਼ ਦੇ ਸੰਪਰਕ ਵਿਚ ਰਹਿਣਾ।
5. ਫੇਫੜਿਆਂ ਦੀ ਝਿੱਲੀ ਵਿਚ ਪਾਣੀ ਭਰਨਾ।
6. ਟੌਂਸਿਲ ਗਿਲਟੀਆਂ ਨੂੰ ਅਪਰੇਸ਼ਨ ਰਾਹੀਂ ਕਢਵਾਉਣਾ।
7. ਲੰਮੇ ਸਮੇਂ ਤੱਕ ਸਟੀਰਾਇਡ ਦਵਾਈਆਂ ਲੈਣਾ।
8. ਇਹ ਬਿਮਾਰੀ ਜਨਮਜਾਤ ਵੀ ਹੋ ਸਕਦੀ ਹੈ।
9. ਕੱਚਾ ਦੁੱਧ ਪੀਣ ਵਾਲਿਆਂ ਨੂੰ ਭੋਵਨਿੲ ਠਭ ਹੋਣ ਦਾ ਖਤਰਾ ਰਹਿੰਦਾ ਹੈ।

### ਕਿਨ੍ਹਾਂ ਲੋਕਾਂ ਨੂੰ ਟੀਬੀ ਹੋਣ ਦਾ ਡਰ ਹੁੰਦਾ ਹੈ

ਛੋਟੇ ਬੱਚੇ, ਵੈਕਸੀਨੇਸ਼ਨ ਨਾ ਕਰਵਾਉਣਾ, ਬਜ਼ੁਰਗ, ਏਡਜ਼, ਸ਼ੂਗਰ ਵਾਲੇ ਮਰੀਜ਼, ਝੁੱਗੀ-ਝੋਪੜੀਆਂ ਤੇ ਗੰਦੀਆਂ ਥਾਵਾਂ 'ਤੇ ਰਹਿਣ ਵਾਲੇ ਲੋਕ, ਪੌਸ਼ਟਿਕ ਭੋਜਨ ਦੀ ਕਮੀ, ਗੁਰਦਿਆਂ ਦੇ ਰੋਗ, ਬੀੜੀਆਂ ਸਿਗਰੇਟਾਂ ਤੇ ਅਲਕੋਹਲ ਦਾ ਸੇਵਨ ਕਰਨ ਵਾਲੇ ਸ਼ਖ਼ਸ ਤੇ ਇਸ ਬਿਮਾਰੀ ਤੋਂ ਪੀੜਤ ਸ਼ਖ਼ਸ ਦਾ ਝੂਠਾ ਭੋਜਨ ਖਾਣ ਨਾਲ ਬਿਮਾਰੀ ਇਕ ਤੋਂ ਦੂਜੇ ਸ਼ਖ਼ਸ ਨੂੰ ਹੋ ਜਾਂਦੀ ਹੈ।

### ਚਿੰਨ੍ਹ ਜਾਂ ਲੱਛਣ

1. ਦੋ ਹਫਤਿਆਂ ਤੋਂ ਜ਼ਿਆਦਾ ਖੰਘ ਹੋਣਾ।
2. ਭਾਰ ਘਟਣਾ, ਭੁੱਖ ਨਾ ਲੱਗਣਾ।
3. ਸ਼ਾਮ ਨੂੰ ਸਰੀਰਕ ਤਾਪਮਾਨ ਵਧਣਾ।
4. ਐਂਟੀਬਾਓਟਿਕ ਦਵਾਈਆਂ ਬੇਅਸਰ ਹੋਣੀਆਂ।
5. ਥਕਾਵਟ ਤੇ ਕਮਜ਼ੋਰੀ ਮਹਿਸੂਸ ਹੋਣਾ।
6. ਖੰਘਾਰ ਵਿਚ ਖੂਨ ਆਉਣਾ (ਅਇਮੋਪਟੇਸਸਿ)।
7. ਛਾਤੀ ਵਿਚ ਦਰਦ ਤੇ ਸਾਹ ਲੈਣ ਵਿਚ ਪਰੇਸ਼ਾਨੀ।
8. ਬੱਚੇ ਦੇ ਗਲੇ ਕੋਲ ਟੀਬੀ ਦੀਆਂ ਗੱਠਾਂ ਹੋ ਸਕਦੀਆਂ ਹਨ ਜਿਸ ਵਿਚ ਦਰਦ ਦਾ ਕੋਈ ਲੱਛਣ ਨਹੀਂ ਹੁੰਦਾ।
9. ਇਕ ਮਹੀਨੇ ਤੋਂ ਰੋਗੀ ਰਹਿਣਾ।
10. ਸਰਦੀ ਵਿਚ ਵੀ ਪਸੀਨਾ ਆਉਣਾ।

ਇਹ ਜ਼ਰੂਰੀ ਨਹੀਂ ਕਿ ਇਨ੍ਹਾਂ ਲੱਛਣਾਂ ਵਾਲੇ ਸ਼ਖ਼ਸ ਨੂੰ ਹੀ ਟੀਬੀ ਹੋਵੇ। ਇਹ ਲੱਛਣ ਹੋਰ ਬਿਮਾਰੀਆਂ ਨੂੰ ਵੀ ਦਰਸਾਉਂਦੇ ਹਨ ਪਰ ਜੇ ਇਨ੍ਹਾਂ ਵਿਚ ਕੋਈ ਵੀ ਲੱਛਣ ਦਿਖਾਈ ਦੇਵੇ ਤਾਂ ਤੁਰੰਤ ਆਪਣੇ ਨਜ਼ਦੀਕੀ ਹਸਪਤਾਲ ਤੋਂ ਜਾਂਚ ਕਰਵਾਓ।

### ਸਾਵਧਾਨੀਆਂ ਤੇ ਬਚਾਅ

1. ਦੋ ਹਫਤਿਆਂ ਤੋਂ ਹੋ ਰਹੀ ਖੰਘ ਦੀ ਜਾਂਚ ਕਰਵਾਉ; ਖਾਸ ਕਰਕੇ ਜਦੋਂ ਥੁੱਕ ਜਾਂ ਖੰਘਾਰ ਵਿਚ ਖੂਨ ਆ ਰਿਹਾ ਹੋਵੇ। ਇਸ ਨੂੰ ਡਾਕਟਰੀ ਭਾਸ਼ਾ ਵਿਚ ੍ਹਅਇਮੋਪਟੇਸਸਿ ਕਹਿੰਦੇ ਹਨ।
2. ਖੁੱਲ੍ਹੇ ਵਿਚ ਨਾ ਥੁੱਕੋ ਕਿਉਂਕਿ ਇਸ ਨਾਲ ਟੀਬੀ ਦੇ ਕੀਟਾਣੂ ਤੇਜ਼ੀ ਨਾਲ ਫੈਲਦੇ ਹਨ। ਮਰੀਜ਼ ਦਾ ਖੰਘਾਰ ਮਿੱਟੀ ਵਿਚ ਦੱਬ ਦੇਣਾ ਚਾਹੀਦਾ ਹੈ।
3. ਬੀੜੀ, ਹੁੱਕਾ, ਸਿਗਰੇਟ, ਤੰਬਾਕੂ ਤੇ ਸ਼ਰਾਬ ਦੇ ਸੇਵਨ ਤੋਂ ਦੂਰ ਰਹੋ।
4. ਟੀਬੀ ਦੇ ਇਲਾਜ ਦਾ ਪੂਰਾ ਕੋਰਸ ਕਰੋ, ਨਹੀਂ ਤਾਂ ਹੋਰ ਸਰੀਰਕ ਤਕਲੀਫਾਂ ਪੈਦਾ ਹੋ ਜਾਂਦੀਆਂ ਹਨ।
5. ਖੰਘਦੇ, ਛਿੱਕਦੇ ਤੇ ਹੱਸਦੇ ਹੋਏ ਮੂੰਹ-ਨੱਕ ਨੂੰ ਰੁਮਾਲ ਜਾਂ ਨੈਪਕਿਨ ਨਾਲ ਢਕੋ।
6. ਸਿੱਲ੍ਹੀਆਂ ਥਾਵਾਂ, ਤੰਗ ਤੇ ਹਨੇਰੇ ਵਾਲੇ ਕਮਰਿਆਂ ਵਿਚ ਨਾ ਰਹੋ।
7. ਸਾਫ ਸਫਾਈ ਦਾ ਪੂਰਾ ਧਿਆਨ ਰੱਖੋ।
8. ਪੌਸ਼ਿਟਕ ਭੋਜਨ ਤੇ ਕਸਰਤ ਕਰੋ।

### ਪੇਚੀਦਗੀਆਂ

1. ਸਹੀ ਇਲਾਜ ਨਾ ਮਿਲਣ ਕਰਕੇ ਇਸ ਦੀ ਲਾਗ ਸਰੀਰ ਦੇ ਦੂਜੇ ਅੰਗਾਂ ਵਿਚ ਹੋ ਜਾਂਦੀ ਹੈ।
2. ਫੇਫੜਿਆਂ ਦੀ ਬਾਹਰੀ ਝਿੱਲੀ (ਫਲਏੂਰਸਿ) ਵਿਚ ਪਾਣੀ ਭਰ ਜਾਣਾ।
3. ਦੋਵੇਂ ਫੇਫੜੇ ਇਸ ਬਿਮਾਰੀ ਦੀ ਮਾਰ ਹੇਠ ਆ ਜਾਂਦੇ ਹਨ।
4. ਸਹੀ ਇਲਾਜ ਨਾ ਕਰਵਾਉਣ 'ਤੇ ਮਰੀਜ਼ ਦੀ ਮੌਤ ਵੀ ਹੋ ਸਕਦੀ ਹੈ।
5. ਟੀਬੀ ਦਾ ਪੂਰਾ ਇਲਾਜ ਨਾ ਕਰਵਾਉਣ ਕਰਕੇ ਮਰੀਜ਼ ਨੂੰ ਡਰੱਗ ਰੈਜਿਸਟੈਂਟ (ਧ੍ਰ) ਟੀਬੀ ਹੋ ਸਕਦੀ ਹੈ ਜਿਸ ਦਾ ਇਲਾਜ ਪੇਚੀਦਾ ਹੈ।
6. ਸਹੀ ਇਲਾਜ ਨਾ ਹੋਣ ਕਰਕੇ ਸਭ ਤੋਂ ਵੱਧ ਦਿਮਾਗ ਦੀਆਂ ਕੋਸ਼ਿਕਾਵਾਂ ਪ੍ਰਭਾਵਿਤ ਹੁੰਦੀਆਂ ਹਨ ਜਿਸ ਨਾਲ ਰੋਗੀ ਦੀ ਮੌਤ ਵੀ ਹੋ ਸਕਦੀ ਹੈ।

### ਖੁਰਾਕ

ਪ੍ਰੋਟੀਨ ਵਾਲਾ ਭੋਜਨ ਲੈਣਾ ਚਾਹੀਦਾ ਹੈ ਜਿਵੇਂ ਦੁੱਧ, ਦਹੀਂ, ਪਨੀਰ, ਆਂਡੇ, ਦਾਲਾਂ, ਸੋਇਆਬੀਨ, ਹਰੀਆਂ ਸਬਜ਼ੀਆਂ ਛੋਲੇ ਆਦਿ ਪ੍ਰੋਟੀਨ ਦੇ ਚੰਗੇ ਸ੍ਰੋਤ ਹਨ।

### ਰੋਗ ਦੀ ਪੜਤਾਲ

1. ਛਾਤੀ ਦਾ ਐਕਸਰੇ ਤੇ ਸੀਟੀ ਸਕੈਨ, ਬਲਗਮ ਦੀ ਜਾਂਚ (Sputum Examination) ਕਰਵਾਉਣੀ ਚਾਹੀਦੀ ਹੈ।
2. ੍ਹਅਨਟੋਣ ਠੲਸਟ ਟੀਬੀ ਦੀ ਜਾਂਚ ਲਈ ਚਮੜੀ ਵਿਚ ਲੱਗਣ ਵਾਲਾ ਟੀਕਾ ਹੈ।
3. ESR (Erythrocyte Sedimentation Rate)
4. HIV Test or AIDS (Acquired Immune Deficiency Syndrome)
5. Biopsy- ਇਸ ਰਾਹੀਂ ਸਰਿੰਜ ਨਾਲ ਰੋਗ ਦੀ ਮਾਰ ਹੇਠਲੇ ਭਾਗ ਤੋਂ ਤਰਲ (ਫਲਿਊਡ) ਲੈ ਕੇ ਰੋਗ ਦੀ ਜਾਂਚ ਕੀਤੀ ਜਾਂਦੀ ਹੈ।
6. ਸੀਬੀ ਨਾਟ (NAAT) ਜਾਂਚ ਨਾਲ ਟੀਬੀ ਰੋਗ ਦਾ ਜਲਦੀ ਪਤਾ ਲੱਗਦਾ ਹੈ।

### ਜਾਗਰੂਕਤਾ

ਪ੍ਰਾਈਵੇਟ ਹਸਪਤਾਲਾਂ ਵਿਚ ਪੈਸੇ ਖਰਚ ਕੇ ਟੀਬੀ ਦੀ ਬਿਮਾਰੀ ਦਾ ਇਲਾਜ ਕਰਵਾਉਣ ਦੀ ਲੋੜ ਨਹੀਂ ਸਗੋਂ ਜ਼ਿਲ੍ਹੇ ਦੇ ਸਾਰੇ ਸਰਕਾਰੀ ਹਸਪਤਾਲਾਂ ਵਿਚ ਡਾਟਸ ਦੇ ਅਧੀਨ ਇਲਾਜ ਐਕਸਰੇ, ਦਵਾਈਆਂ, ਬਲਗਮ ਦੀ ਜਾਂਚ ਆਦਿ ਟੈਸਟ ਮੁਫਤ ਹਨ।

### ਵੈਕਸੀਨੇਸ਼ਨ ਰਾਹੀਂ ਬਚਾਅ

ਬੱਚੇ ਦੇ ਜਨਮ ਤੋਂ ਤੁਰੰਤ ਬਾਅਦ BCG (Bacillus Calmette Guerin) ਦਾ ਟੀਕਾ ਲਗਵਾਉਣਾ ਚਾਹੀਦਾ ਹੈ। ਜੇ ਬਚਪਨ ਵਿਚ ਇਹ ਟੀਕਾ ਨਹੀਂ ਲੱਗਿਆ ਤਾਂ ਇਹ ਕਿਸੇ ਉਮਰ ਵਿਚ ਲਗਵਾ ਸਕਦੇ ਹਾਂ।

### ਸਕਾਰਾਤਮਕ ਗੱਲਾਂ

1. ਟੀਬੀ ਛੂਹਣ ਅਤੇ ਹੱਥ ਮਿਲਾਉਣ ਨਾਲ ਨਹੀਂ ਫੈਲਦੀ।
2. ਟੀਬੀ ਦੇ ਮਰੀਜ਼ਾਂ ਨਾਲ ਦੋਸਤੀ ਕਰੋ, ਭੇਦ-ਭਾਵ ਨਾ ਰੱਖੋ।
3. ਟੀਬੀ ਦੇ ਮਰੀਜ਼ ਨੂੰ ਹਸਪਤਾਲ ਦਾਖਲ ਹੋਣ ਦੀ ਲੋੜ ਨਹੀਂ ਪੈਂਦੀ।
4. ਟੀਬੀ ਦੀ ਬਿਮਾਰੀ ਜੈਨੇਟਿਕ ਨਹੀਂ ਹੁੰਦੀ, ਅਰਥਾਤ ਇਹ ਪੀੜ੍ਹੀ-ਦਰ-ਪੀੜ੍ਹੀ ਨਹੀਂ ਫੈਲਦੀ।
5. ਮਰੀਜ਼ ਦੇ ਇਲਾਜ ਦਾ ਪੂਰਾ ਲੇਖਾ-ਜੋਖਾ ਰੱਖਿਆ ਜਾਂਦਾ ਹੈ।

ਡਾਟਸ (DOTS – Direct Observed Treatment, Short-Course) ਕੀ ਹੈ?

1. ਡਾਟਸ ਅਧੀਨ ਟੀਬੀ ਦੀ ਬਿਮਾਰੀ ਦੇ ਇਲਾਜ 'ਤੇ ਆਉਣ ਵਾਲਾ ਖਰਚਾ ਸਰਕਾਰ ਵੱਲੋਂ ਮੁਫਤ ਹੈ।
2. ਇਸ ਦਾ ਇਲਾਜ 6 ਤੋਂ 8 ਮਹੀਨੇ ਚੱਲਦਾ ਹੈ।
3. ਡਾਟਸ ਕਾਰਜਕਰਤਾ (DOTS Provider) ਟੀਬੀ ਵਾਲੇ ਮਰੀਜ਼ ਨਾਲ ਭੇਦ-ਭਾਵ ਨਾ ਕਰਦਾ ਹੋਇਆ ਆਪਣੇ ਸਾਹਮਣੇ ਟੀਬੀ ਦੀ ਦਵਾਈ ਮਰੀਜ਼ ਨੂੰ ਦਿੰਦਾ ਹੈ।
4. ਟੀਬੀ ਫੈਲਣ ਤੋਂ ਰੋਕਣ ਦਾ ਬਿਹਤਰ ਤਰੀਕਾ ਹੈ, ਡਾਟਸ ਨੂੰ ਅਪਣਾਇਆ ਜਾਵੇ।
5. ਡਾਟਸ ਪ੍ਰਣਾਲੀ ਅਧੀਨ ਬਲਗਮ ਦੀ ਜਾਂਚ ਕਰਕੇ ਇਸ ਰੋਗ ਦਾ ਪੱਕਾ ਪਤਾ ਲਗਾਇਆ ਜਾਂਦਾ ਹੈ।
6. ਇਸ ਬਿਮਾਰੀ ਨੂੰ ਜੜ੍ਹੋਂ ਪੁੱਟਣ ਲਈ 6 ਤੋਂ 8 ਮਹੀਨੇ ਲਗਦੇ ਹਨ। ਕਈ ਹਾਲਾਤ ਵਿਚ ਦੋ ਸਾਲ ਵੀ ਲੱਗ ਸਕਦੇ ਹਨ।
7. ਟੀਬੀ ਦਾ ਅਧੂਰਾ ਇਲਾਜ ਮਰੀਜ਼ ਇਸ ਕਰਕੇ ਛੱਡਦਾ ਹੈ ਕਿਉਂਕਿ ਉਹ ਸੋਚਦਾ ਹੈ ਕਿ ਹੁਣ ਉਹ ਠੀਕ ਮਹਿਸੂਸ ਕਰ ਰਿਹਾ ਹੈ। ਇਸ ਲਈ ਦਵਾਈ ਦੀ ਲੋੜ ਨਹੀਂ ਪਰ ਇਸ ਦੇ ਅਧੂਰੇ ਇਲਾਜ ਨਾਲ ਲਾਗ ਬਰਕਰਾਰ ਰਹਿੰਦੀ ਹੈ।
8. ਟੀਬੀ ਅਤੇ ਐਮਡੀਆਰ ਟੀਬੀ ਦੀਆਂ ਦਵਾਈਆਂ ਜ਼ਿਲ੍ਹੇ ਦੇ ਸਾਰੇ ਸਰਕਾਰੀ ਹਸਤਪਾਲਾਂ ਵਿਚ ਮੁਫਤ ਮਿਲਦੀਆਂ ਹਨ।

ਟੀਬੀ ਰੋਗ ਜੀਵਨ ਲਈ ਖਤਰੇ ਦੀ ਘੰਟੀ ਹੈ। ਟੀਬੀ ਮੁਹਿੰਮ ਕਰਕੇ ਲੋਕਾਂ ਵਿਚ ਜਾਗਰੂਕਤਾ ਵਧੀ ਹੈ ਜਿਸ ਕਰਕੇ ਮਰੀਜ਼ਾਂ ਦੀ ਗਿਣਤੀ ਅੱਗੇ ਨਾਲੋਂ ਘਟੀ ਹੈ ਪਰ ਅਜੇ ਵੀ ਇਸ ਦੇ ਖਾਤਮੇ ਦੀ ਹਾਲਤ ਤਸੱਲੀਬਖਸ਼ ਨਹੀਂ। ਜੇ ਲੋਕ ਇਸ ਬਿਮਾਰੀ ਬਾਰੇ ਜਾਗਰੂਕ ਹੁੰਦੇ ਤਾਂ ਅਜਿਹੇ ਲੇਖ ਲਿਖਣ ਦੀ ਲੋੜ ਨਹੀਂ ਪੈਣੀ ਸੀ। ਇਹ ਵੀ ਸੋਚਣਾ ਬਣਦਾ ਹੈ ਕਿ ਹਰ ਖੰਘ ਟੀਬੀ ਦੀ ਬਿਮਾਰੀ ਨਹੀਂ ਹੁੰਦੀ। ਇਸ ਦਾ ਪੱਕਾ ਪਤਾ ਕਰਨ ਲਈ ਛਾਤੀ ਦੇ ਸਪੈਸ਼ਲਿਸਟ ਡਾਕਟਰ ਤੋਂ ਜਾਂਚ ਕਰਵਾਉਣ ਦੀ ਲੋੜ ਹੁੰਦੀ ਹੈ। ਮੁਲਕ ਨੂੰ ਪੋਲੀਓ ਮੁਕਤ ਹੋਣ ਦਾ ਨਾਅਰਾ ਤਾਂ ਅਸੀਂ ਲਾ ਸਕਦੇ ਹਾਂ ਪਰ ਅਜੇ ਮੁਲਕ ਤਪਦਿਕ ਮੁਕਤ ਨਹੀਂ ਹੋਇਆ ਹੈ।

# ਹੱਡੀਆਂ ਨੂੰ ਖੋਖਲਾ ਬਣਾਉਣ ਵਾਲਾ ਰੋਗ

**ਡਾ. ਰਿਪੁਦਮਨ ਸਿੰਘ / ਡਾ. ਸੁਧੀਰ ਗੁਪਤਾ**

ਆਸਟਯੋਪੋਰੋਸਿਸ ਹੱਡੀਆਂ ਨੂੰ ਭੁਰਭੁਰੀ ਅਤੇ ਖੋਖਲੀ ਬਣਾ ਦੇਣ ਵਾਲਾ ਅਜਿਹਾ ਰੋਗ ਹੈ ਜਿਸ ਕਾਰਨ ਹੱਡੀਆਂ ਸੌਖਿਆਂ ਹੀ ਟੁੱਟ ਜਾਂਦੀਆਂ ਹਨ। ਇਸ ਨੂੰ ਖਾਮੋਸ਼ ਰੋਗ ਵੀ ਕਿਹਾ ਜਾਂਦਾ ਹੈ। ਆਮ ਤੌਰ 'ਤੇ ਜਦੋਂ ਤੱਕ ਰੋਗੀ ਨੂੰ ਫਰੈਕਚਰ ਨਹੀਂ ਹੋ ਜਾਂਦਾ, ਤਦ ਤੱਕ ਇਸ ਦਾ ਪਤਾ ਨਹੀਂ ਲੱਗਦਾ। ਇਸ ਰੋਗ ਵਿਚ ਹੱਡੀਆਂ ਇਸ ਹੱਦ ਤੱਕ ਕਮਜ਼ੋਰ ਹੋ ਜਾਂਦੀਆਂ ਹਨ ਕਿ ਹਲਕਾ ਜਹੇ ਝੱਟਕਾ ਲੱਗਣ, ਡਿੱਗਣ ਅਤੇ ਇੱਥੋਂ ਤੱਕ ਕਿ ਛਿੱਕ ਆਉਣ ਜਾਂ ਖੰਘਣ ਨਾਲ ਵੀ ਰੀੜ੍ਹ ਦੀ ਹੱਡੀ ਫਰੈਕਚਰ ਹੋ ਸਕਦੀ ਹੈ। ਇਹ ਹਾਲਤ ਅਚਾਨਕ ਪੈਦਾ ਨਹੀਂ ਹੁੰਦੀ ਹੈ ਸਗੋਂ ਉਮਰ ਵਧਣ ਨਾਲ ਵਿਕਸਿਤ ਹੁੰਦੀ ਹੈ ਤੇ ਤੇਜ਼ੀ ਨਾਲ ਵਧਦੀ ਹੈ। ਆਸਟਯੋਪੋਰੋਸਿਸ ਹੁਣ ਵੱਡੇਰੀ ਉਮਰ ਦੇ ਟਾਕਰੇ ਵਿਚ ਜਵਾਨ ਲੋਕਾਂ ਨੂੰ ਵੀ ਹੋ ਰਹੀ ਹੈ।

ਮਾਹਿਰ ਦੱਸਦੇ ਹਨ ਕਿ ਭਾਰਤੀਆਂ ਵਿਚ ਜੀਵਨ ਆਸਰਾ ਵਧਣ ਦੇ ਨਾਲ ਨਾਲ ਔਰਤਾਂ ਵਿਚ ਵਿਟਾਮਿਨ-ਡੀ ਦੀ ਕਮੀ ਦਾ ਕਹਿਰ ਵੀ ਵਧ ਰਿਹਾ ਹੈ। ਵਿਟਾਮਿਨ-ਡੀ ਦੀ ਕਮੀ ਦੀ ਵਿਆਪਕ ਸਮੱਸਿਆ ਦੇ ਨਾਲ ਨਾਲ ਘੱਟ ਮਾਤਰਾ ਵਿਚ ਕੈਲਸ਼ੀਅਮ ਦੇ ਸੇਵਨ, ਆਸਟਯੋਪੋਰੋਸਿਸ ਬਾਰੇ ਵਿਚ ਬਹੁਤ ਘੱਟ ਜਾਗਰੂਕਤਾ ਅਤੇ ਭਾਰਤੀ ਔਰਤਾਂ ਵਿਚ ਆਸਟਯੋਪੋਰੋਸਿਸ ਦੀ ਪਛਾਣ ਵਿਚ ਮੁਸ਼ਕਿਲ ਵਰਗੇ ਕਾਰਨਾਂ ਕਰਕੇ ਭਾਰਤ, ਖਾਸ ਕਰਕੇ ਪੰਜਾਬ ਦੀਆਂ ਔਰਤਾਂ ਵਿਚ ਆਸਟਯੋਪੋਰੋਸਿਸ ਮੁੱਖ ਸਿਹਤ ਸਮੱਸਿਆ ਬਣ ਗਈ ਹੈ।


ਇਹ ਰੋਗ ਪਰੰਪਰਾਗਤ ਰੂਪ ਨਾਲ ਮਾਹਵਾਰੀ ਤੱਕ ਪੁੱਜਣ ਦੇ ਬਾਅਦ ਔਰਤਾਂ ਵਿਚ ਜ਼ਿਆਦਾ ਹੁੰਦੀ ਹੈ। ਅੰਕੜੀਆਂ ਅਨੁਸਾਰ ਭਾਰਤ ਵਿਚ ਤਕਰੀਬਨ 80 ਫ਼ੀਸਦੀ ਔਰਤਾਂ, ਅਰਥਾਤ ਹਰ ਚਾਰ ਵਿਚੋਂ ਤਿੰਨ ਤੋਂ ਜ਼ਿਆਦਾ ਔਰਤਾਂ ਆਸਟਯੋਪੋਰੋਸਿਸ ਨਾਲ ਪੀੜਿਤ ਹਨ।

ਕਾਰਟਿਲੇਜ ਸਸਾਇਟੀ ਦੱਸਦੀ ਕਿ 30 ਫ਼ੀਸਦੀ ਬਜ਼ੁਰਗਾਂ ਆਸਟਯੋਪੋਰੋਸਿਸ ਨਾਲ ਪੀੜਿਤ ਹੁੰਦੇ ਹਨ। ਆਰਥਰਾਇਟਿਸ ਕੇਅਰ ਦੇ ਮੈਡੀਕਲ ਕੈਂਪਾਂ ਵਿਚ ਆਉਣ ਵਾਲੇ ਹੁਣ 35-40 ਸਾਲ ਦੀ ਉਮਰ ਦੇ ਜਵਾਨ ਲੋਕਾਂ ਵਿਚ ਵੀ ਬੋਨ ਮਿਨਰਲ ਡੈਂਸਿਟੀ ਘੱਟ ਨਿਕਲੀ ਹੈ ਜਿਸ ਕਾਰਨ ਉਨ੍ਹਾਂ ਵਿਚ ਆਸਟਯੋਪੋਰੋਸਿਸ ਹੋਣ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ।

ਇਸ ਰੋਗ ਬਾਰੇ ਮਨੁੱਖ ਨੂੰ ਜਾਣਕਾਰੀ ਉਦੋਂ ਮਿਲਦੀ ਹੈ ਜਦੋਂ ਕਦੇ ਉਸ ਨੂੰ ਕੋਈ ਫਰੈਕਚਰ ਹੁੰਦਾ ਹੈ, ਨਹੀਂ ਤਾਂ ਆਪਣੇ ਮੁਲਕ ਵਿਚ ਜਾਣਕਾਰੀ ਪ੍ਰਾਪਤ ਕਰਨ ਦਾ ਰਿਵਾਜ਼ ਹੀ ਨਹੀਂ ਹੈ। ਬਿਨਾਂ ਟੈਸਟਾਂ ਤੋਂ ਇਸ ਬਿਮਾਰੀ ਬਾਰੇ ਪਤਾ ਨਹੀਂ ਲੱਗਦਾ। ਮੈਡੀਕਲ ਕੈਂਪਾਂ ਵਿਚ ਕੀਤੇ ਜਾਂਦੇ ਬੀ-ਐਮਡੀ ਦੇ ਟੈਸਟ ਬਹੁਤੇ ਕਾਰਗਾਰ ਨਹੀਂ ਹੁੰਦੇ। ਇਸ ਲਈ ਸੰਪੂਰਨ ਟੈਸਟ ਕਰਵਾਉਣੇ ਚਾਹੀਦੇ ਹਨ। ਡੈਕਸਾਸਥੈਨ ਬਹੁਤ ਜ਼ਰੂਰੀ ਹੈ।

ਆਸਟਯੋਪੋਰੋਸਿਸ ਤੋਂ ਬਚਣ ਲਈ ਵਿਸ਼ੇਸ਼ ਰੂਪ ਤੋਂ ਕੈਲਸ਼ੀਅਮ, ਪ੍ਰੋਟੀਨ, ਮੈਗਨੀਸ਼ੀਅਮ ਅਤੇ ਵਿਟਾਮਿਨ-ਡੀ ਭਰਭੂਰ ਖਾਣਾ ਚਾਹੀਦਾ ਹੈ। ਤੰਮਾਕੂ ਅਤੇ ਸ਼ਰਾਬ ਦੇ ਸੇਵਨ ਨੂੰ ਜਿੰਨਾ ਸੰਭਵ ਹੋ ਸਕੇ, ਘੱਟ ਕਰਨਾ ਚਾਹੀਦਾ ਹੈ। ਲਾਲ ਮਾਸ ਅਤੇ ਕੈਫੀਨ ਤੋਂ ਵੀ ਬਚਣਾ ਚਾਹੀਦਾ ਹੈ। ਇਸ ਤੋਂ ਇਲਾਵਾ ਡਾਕਟਰ ਦੀ ਸਲਾਹ ਨਾਲ ਕੈਲਸ਼ੀਅਮ ਅਤੇ ਵਿਟਾਮਿਨ-ਡੀ ਸਪਲੀਮੈਂਟ ਵੀ ਲੈਣੇ ਚਾਹੀਦੇ ਹਨ। ਹਾਲਾਂਕਿ ਕਸਰਤ ਨਾਲ ਹੱਡੀ ਘਣਤਾ ਵਿਚ ਵਾਧਾ ਨਹੀਂ ਹੁੰਦਾ ਲੇਕਿਨ ਇਹ ਕਈ ਪ੍ਰਕਾਰ ਨਾਲ ਸਿਹਤ ਵਿਚ ਸੁਧਾਰ ਕਰਦਾ ਹੈ ਅਤੇ ਆਸਟਯੋਪੋਰੋਸਿਸ ਨੂੰ ਰੋਕਣ ਵਿਚ ਵੀ ਮਦਦ ਕਰਦਾ ਹੈ। ਸਰੀਰਕ ਸਰਗਰਮੀ ਵਧਾਓ ਅਤੇ ਰੋਜ਼ ਕਸਰਤ ਕਰੋ। ਯੋਗ ਅਭਿਆਸ ਕਰੋ। ਇਹ ਸਰੀਰ ਵਿਚ ਲਚੀਲਾਪਨ ਅਤੇ ਤਾਕਤ ਵਧਾਉਂਦਾ ਹੈ।

ਇਕ ਗਲ ਹੋਰ, ਮਨੁੱਖ ਨੂੰ ਦਿਨ ਵਿਚ ਇਕ ਵਾਰ ਪੌੜੀਆਂ ਚੜ੍ਹਨੀਆਂ ਤੇ ਉਤਰਨੀਆਂ ਚਾਹੀਦੀਆਂ ਹਨ। ਹੱਡੀ ਅਤੇ ਮਨੁੱਖੀ ਪਿੰਜਰ ਪ੍ਰਣਾਲੀ ਨੂੰ ਮਜ਼ਬੂਤ ਕਰਨ ਵਿਚ



ਸਮਰੱਥ ਤੇ ਤੰਦਰੁਸਤ ਖਾਣਾ, ਮਾਹਿਰ ਦੀ ਦੇਖ ਰੇਖ ਵਿਚ ਕਸਰਤ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਤੰਦਰੁਸਤ ਖਾਣਾ ਅਤੇ ਸਰਗਰਮ ਜੀਵਨਸ਼ੈਲੀ ਦਾ ਪਾਲਣ ਕਰਕੇ ਆਸਟਯੋਪੋਰੋਸਿਸ ਤੋਂ ਬਚਿਆ ਤਾਂ ਨਹੀਂ ਜਾ ਸਕਦਾ ਪਰ ਘੱਟ ਤੋਂ ਘੱਟ ਇਸ ਦੀ ਸ਼ੁਰੂਆਤ ਵਿਚ ਦੇਰੀ ਕੀਤੀ ਜਾ ਸਕਦੀ ਹੈ। ਸੰਸਾਰ ਵਿਚ ਰੋਗ ਹਨ ਤਾਂ ਉਨ੍ਹਾਂ ਦੀ ਦਵਾ ਦਾਰੂ ਵੀ ਹੈ; ਬਸ ਜ਼ਰੂਰਤ ਇਹ ਹੈ ਕਿ ਆਪਣੇ ਰੋਗ ਬਾਰੇ ਆਪਣੇ ਡਾਕਟਰ ਨਾਲ ਤੁਰੰਤ ਸੰਪਰਕ ਕਰੋ।

# ਮਲੇਸ਼ੀਆ ਦੀ ਸੱਭਿਆਚਾਰਕ ਰਾਜਧਾਨੀ ਮਲੱਕਾ



ਵਰਲਡ ਯੂਥ ਫਾਊਂਡੇਸ਼ਨ ਦੇ ਸੱਦੇ 'ਤੇ ਮਲੇਸ਼ੀਆ ਜਾਣ ਦਾ ਸਬੱਬ ਬਣਿਆ। ਮਲੇਸ਼ੀਆ ਦੇ ਇਕ ਰਾਜ ਦੀ ਰਾਜਧਾਨੀ ਮਲੱਕਾ ਜਾਣ ਦੀ ਗੱਲ ਸੁਣ ਕੇ ਮਨ ਵਿਚ ਬਹੁਤਾ ਉਤਸ਼ਾਹ ਨਾ ਜਾਗਿਆ ਕਿਉਂਕਿ ਸਾਡੇ ਗਰੁੱਪ ਦੇ ਸਾਰੇ ਸਾਥੀ ਕੁਆਲਾਲੰਪੁਰ ਜਾਣ ਦੇ ਵੱਧ ਇਛੁੱਕ ਸਨ। ਪਰ ਕੁਆਲਾਲੰਪੁਰ ਤੋਂ ਲਗਭਗ 150 ਕਿਲੋਮੀਟਰ ਸਮੁੰਦਰ ਕਿਨਾਰੇ ਵਸੇ ਸ਼ਹਿਰ ਮਲੱਕਾ ਵਿਚ ਪੁਹੰਚਦੇ ਹੀ ਸਭ ਦੇ ਭਰਮ ਦੂਰ ਹੋ ਗਏ।

ਮਲੇਸ਼ੀਆ ਦੇ ਦੱਖਣ-ਪੱਛਮੀ ਸਮੁੰਦਰੀ ਕੰਢੇ 'ਤੇ ਵਸੇ ਇਸ ਰਮਣੀਕ ਸ਼ਹਿਰ ਦਾ ਇਤਿਹਾਸ ਤੇ ਸ਼ਾਨਦਾਰ ਪਰੰਪਰਾਵਾਂ ਨਾਲ ਵਰਸੋਇਆ ਪਿਛੋਕੜ ਹੈ। ਯੂਐੱਨਓ ਵੱਲੋਂ



ਵਿਸ਼ਵ ਵਿਰਾਸਤੀ ਸ਼ਹਿਰ ਵਜੋਂ ਨਿਵਾਜੇ ਇਸ ਸ਼ਹਿਰ ਦਾ ਨਾਮ ਸੁਮਾਤਰਾ ਦੇ ਰਾਜਕੁਮਾਰ ਦੀ ਯਾਤਰਾ ਨਾਲ ਜੁੜਿਆ ਹੋਇਆ ਹੈ। ਉਸ ਦੇ ਮਲੱਕਾ ਦਰੱਖਤ ਹੇਠ ਬੈਠਣ ਨਾਲ ਇਸ ਸਥਾਨ ਦਾ ਨਾਮਕਰਣ ਮਲੱਕਾ ਹੋ ਗਿਆ। ਇਸ ਸ਼ਹਿਰ ਦੀ ਵਿਲੱਖਣਤਾ ਇਹ ਹੈ ਕਿ ਇੱਥੇ ਪੁਰਤਗੀਜ਼, ਡੱਚ, ਅੰਗਰੇਜ਼ ਅਤੇ ਜਪਾਨੀਆਂ ਨੇ ਸਮੇਂ ਸਮੇਂ 'ਤੇ ਕਬਜ਼ਾ ਕੀਤਾ ਅਤੇ ਆਪੋ ਆਪਣੇ ਸੱਭਿਆਚਾਰ ਦੀ ਛਾਪ ਛੱਡੀ। ਚੀਨੀ ਤੇ ਵੀਅਤਨਾਮੀ ਹਮਲਾਵਰ ਵੀ ਇਸ 'ਤੇ ਹਮਲੇ ਕਰਦੇ ਰਹੇ। ਮਲੱਕਾ ਸਲਤਨਤ ਦੇ ਰਾਜਿਆਂ ਮਗਰੋਂ 1511 ਤੋਂ 1641 ਤਕ ਇਹ ਪੁਰਤਗਾਲ ਦੀ ਬਸਤੀ ਰਿਹਾ। ਇੱਥੇ ਬਣੇ ਪੁਰਤਗਾਲੀ ਪਿੰਡ 'ਤੇ ਪੁਰਤਗੀਜ਼ ਦੀ ਛਾਪ ਦੇਖਣ ਨੂੰ ਮਿਲਦੀ ਹੈ।

ਮਲੱਕਾ ਲਗਭਗ ਦੋ ਸਦੀਆਂ ਡੱਚਾਂ ਦੇ ਕਬਜ਼ੇ ਹੇਠ ਰਿਹਾ। 1641 ਤੋਂ 1824 ਤਕ ਡੱਚ ਬਸਤੀ ਦੇ ਰੂਪ ਵਿਚ ਮਲੱਕਾ ਨੇ ਕਾਫ਼ੀ ਤਰੱਕੀ ਕੀਤੀ। ਡੱਚ ਸ਼ਾਸਕਾਂ ਨੇ ਇੱਥੇ ਉਸਾਰੀ ਕਰਵਾ ਕੇ ਆਪਣੇ ਸੱਭਿਆਚਾਰ ਤੇ ਕਲਾ ਦਾ ਪਸਾਰ ਕੀਤਾ। ਇਕ ਸਮਝੌਤੇ ਕਾਰਨ 1824 ਤੋਂ 1948 ਤਕ ਇੱਥੇ ਬਰਤਾਨਵੀ ਸਾਮਰਾਜ ਕਾਬਜ਼ ਰਿਹਾ। ਇਸ ਦੌਰਾਨ ਜਪਾਨ ਨੇ ਵੀ ਦੂਜੀ ਆਲਮੀ ਜੰਗ ਦੌਰਾਨ ਕੁਝ ਸਮਾਂ ਇਸ ਨੂੰ ਆਪਣੇ ਅਧੀਨ ਰੱਖਿਆ। ਜਪਾਨੀਆਂ ਵੱਲੋਂ ਇੱਥੋਂ ਦੇ ਲੋਕਾਂ ਉੱਤੇ ਕੀਤਾ ਗਿਆ ਅਤਿਆਚਾਰ ਅਤੇ ਦਮਨ ਇਤਿਹਾਸ ਦਾ ਕਾਲਾ ਪੰਨਾ ਹੈ। ਬ੍ਰਿਟਿਸ਼ਾਂ ਨੇ ਇੱਥੇ ਕਈ ਸਮਾਰਕ ਬਣਵਾਏ। 1948 ਵਿਚ ਆਜ਼ਾਦੀ ਤੋਂ ਬਾਅਦ ਇਸ ਨੇ ਅਥਾਹ ਤਰੱਕੀ ਕੀਤੀ। ਮਲੱਕਾ ਸ਼ਹਿਰ ਦੇ ਮੱਧ ਵਿਚ ਵਗਦੇ ਦਰਿਆ ਦੇ ਆਸੇ-ਪਾਸੇ ਬਣੀਆਂ ਆਸਮਾਨ ਛੂੰਹਦੀਆਂ ਇਮਾਰਤਾਂ ਇਸ ਦੀ ਖ਼ੂਬਸੂਰਤੀ ਨੂੰ ਚਾਰ ਚੰਦ ਲਾਉਂਦੀਆਂ ਹਨ। ਭਾਵੇਂ ਮਲੇਸ਼ੀਆ ਮੁਸਲਿਮ ਬਹੁਗਿਣਤੀ ਵਾਲਾ ਦੇਸ਼ ਹੈ, ਪਰ ਇੱਥੇ ਧਾਰਮਿਕ ਕੱਟੜਤਾ ਕਿਤੇ ਵੀ ਦਿਖਾਈ ਨਹੀਂ ਦਿੰਦੀ। ਸੈਰ ਸਪਾਟਾ ਸਥਲ ਇੱਥੋਂ ਦਾ ਮੁੱਖ ਆਕਰਸ਼ਣ ਹੈ। ਮਲੱਕਾ ਦੀ ਬਹੁਤੀ ਆਬਾਦੀ ਇਸ 'ਤੇ ਹੀ ਨਿਰਭਰ ਹੈ। 2017 ਵਿਚ ਇੱਥੇ ਪਹਿਲੇ ਛੇ ਮਹੀਨਿਆਂ ਵਿਚ 81 ਲੱਖ ਸੈਲਾਨੀ ਆਏ ਤੇ 2018 ਵਿਚ ਪਹਿਲੇ ਛੇ ਮਹੀਨਿਆਂ ਦੌਰਾਨ 87 ਲੱਖ ਯਾਤਰੀਆਂ ਦਾ ਆਉਣਾ ਇਸ ਸ਼ਹਿਰ ਦੀ ਹਰਮਨ ਪਿਆਰਤਾ ਅਤੇ ਮਹੱਤਤਾ ਨੂੰ ਦਰਸਾਉਂਦਾ ਹੈ। ਇੱਥੇ ਆਸਟਰੇਲੀਆ, ਨਿਊਜ਼ੀਲੈਂਡ, ਚੀਨ, ਸਿੰਗਾਪੁਰ, ਇੰਡੋਨੇਸ਼ੀਆ, ਤਾਇਵਾਨ ਅਤੇ ਹਾਂਗਕਾਗ ਦੇ ਨਿਵਾਸੀ ਵੱਡੀ ਗਿਣਤੀ ਵਿਚ ਆਉਂਦੇ ਹਨ।

**ਭੁਪਿੰਦਰ ਸਿੰਘ ਮਾਨ**

ਦਰਿਆ ਵਿਚ ਸਟੀਮਰ ਰਾਹੀਂ ਇਕ ਘੰਟੇ ਦਾ ਚੱਕਰ ਸੈਲਾਨੀਆਂ ਨੂੰ ਆਨੰਦ ਵਿਭੋਰ ਕਰ ਦਿੰਦਾ ਹੈ। ਰਾਤ ਸਮੇਂ ਜੋਕਰ ਵਾਕ ਸਟਰੀਟ ਦੇ ਅਦਭੁੱਤ ਨਜ਼ਾਰੇ ਦੇਖਣ ਯੋਗ ਹੁੰਦੇ ਹਨ। ਫਸੋਸਾ ਕਿਲਾ, ਡੱਚ ਅਤੇ ਸੇਂਟ ਪੀਟਰਜ਼ ਚਰਚ ਆਪਣੇ ਵੱਲ ਖਿੱਚਦੇ ਹਨ। ਸਮੁੰਦਰ ਪੂਰ ਕੇ ਲਗਭਗ ਤਿੰਨ ਕਿਲੋਮੀਟਰ ਦੇ ਖੇਤਰ ਨੂੰ ਰਿਹਾਇਸ਼ੀ ਰੂਪ ਦੇਣ ਦਾ ਮਾਅਰਕਾ ਵੀ ਮਲੱਕਾ ਪ੍ਰਸ਼ਾਸਨ ਦੇ ਹਿੱਸੇ ਆਇਆ ਹੈ ਜਿੱਥੇ ਮਲੱਕਾ ਦੀ ਸਭ ਤੋਂ ਵੱਡੀ ਮਸਜਿਦ ਦਾ ਨਿਰਮਾਣ ਕੀਤਾ ਗਿਆ ਹੈ। ਇੱਥੇ ਬਹੁਤ ਸਾਰੇ ਚੀਨੀ ਮੰਦਰ, ਬੋਧੀ ਮੰਦਰ ਤੇ ਚਰਚ ਸੁਸ਼ੋਭਿਤ ਹਨ। ਵੱਡੇ ਵੱਡੇ ਹੋਟਲ ਬਹੁਤ ਵਾਜਬ ਮੁੱਲ 'ਤੇ ਇੱਥੇ ਰਹਿਣ ਲਈ ਉਪਲੱਬਧ ਹਨ।

ਇਸ ਦੇ ਨਾਲ ਨਾਲ ਬਹੁਤ ਸਸਤੇ ਹੋਟਲ ਤੇ ਹੋਮਸਟੇਅ ਵੀ ਯਾਤਰੂ ਨੂੰ ਜੀ ਆਇਆਂ ਆਖਦੇ ਹਨ। ਮਲੱਕਾ ਖਰੀਦਦਾਰੀ ਦੇ ਸ਼ੌਕੀਨਾਂ ਲਈ ਸਵਰਗ ਹੈ। ਇੱਥੇ ਵੀਹ ਦੇ ਕਰੀਬ ਵੱਡੇ ਵੱਡੇ ਮਾਲ ਬਣੇ ਹੋਏ ਹਨ। ਵਿਲੱਖਣ ਗੱਲ ਇਹੋ ਹੈ ਕਿ ਉਨ੍ਹਾਂ ਵਿਚ ਇਕ ਸਥਾਨ ਕਿਤਾਬਾਂ ਪੜ੍ਹਨ ਵਾਲਿਆਂ ਲਈ ਰਾਖਵਾਂ ਹੈ ਜਿਸ ਨੂੰ ਉਹ 'ਪਾੜ੍ਹਿਆਂ ਦਾ ਕੋਨਾ' (ਰੀਡਰ ਕਾਰਨਰ) ਦਾ ਨਾਮ ਦਿੰਦੇ ਹਨ। ਇੱਥੇ ਰੈਕ ਤੇ ਪਈਆਂ ਕਿਤਾਬਾਂ ਵਿਚੋਂ ਪਾਠਕ ਆਪਣੀ ਮਰਜ਼ੀ ਦੀ ਕਿਤਾਬ ਪੜ੍ਹ ਸਕਦਾ ਹੈ। ਇਹ ਵਰਤਾਰਾ ਉੱਥੋਂ ਦੇ ਵਸਨੀਕਾਂ ਦੇ ਕਿਤਾਬਾਂ ਨਾਲ ਪਿਆਰ ਨੂੰ ਬਾਖ਼ੂਬੀ ਦਰਸਾਉਂਦਾ ਹੈ।

ਪੰਜਾਬੀ ਜਿੱਥੇ ਵੀ ਗਏ, ਉਹ ਆਪਣੀ ਪੰਜਾਬੀਅਤ ਨਾਲ ਲੈ ਗਏ ਤੇ ਉੱਥੇ ਹੀ ਪੰਜਾਬੀ ਰੰਗ ਬਿਖੇਰੇ। ਮਲੱਕਾ ਵਿਚ ਤਕਰੀਬਨ 200 ਭਾਰਤੀ ਪਰਿਵਾਰ ਰਹਿੰਦੇ ਹਨ। ਪੰਜਾਬੀਆਂ ਦੀ ਚੌਥੀ ਪੀੜ੍ਹੀ ਦੇ ਬੱਚੇ ਹਾਲੇ ਵੀ ਪੰਜਾਬੀ ਸੱਭਿਆਚਾਰ ਨਾਲ ਜੁੜੇ ਹੋਏ ਹਨ। ਮਲੇਸ਼ੀਆ ਦੀ ਮਹਾਨ ਸਿੱਖ ਸ਼ਖ਼ਸੀਅਤ ਬਾਬਾ ਹਰਬੰਸ ਸਿੰਘ ਦੇ ਯਤਨਾਂ ਸਦਕਾ ਵਿਸ਼ਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਬਣੀ ਹੋਈ ਹੈ ਜੋ ਪੰਜਾਬ ਵਿਚੋਂ ਕੰਮ ਕਰਨ ਗਏ ਪੰਜਾਬੀਆਂ ਦੇ ਮਿਲਣ ਦਾ ਸਥਾਨ ਹੈ। ਇੱਥੇ ਫਿਲਪੀਨੀ, ਚੀਨੀ ਅਤੇ ਪਾਕਿਸਤਾਨੀ ਨਾਗਰਿਕ ਲੰਗਰ ਛਕਦੇ ਅਤੇ ਸੇਵਾ ਕਰਦੇ ਆਮ ਦਿਖਾਈ ਦਿੰਦੇ ਹਨ। ਇਸ ਸਥਾਨ 'ਤੇ ਮਈ ਵਿਚ ਜੋੜ ਮੇਲਾ ਲੱਗਦਾ ਹੈ। ਇਸ ਵਿਚ ਮਲੇਸ਼ੀਆ ਦੇ ਹੋਰ ਸੂਬਿਆਂ ਤੋਂ ਇਲਾਵਾ ਥਾਈਲੈਂਡ, ਸਿੰਗਾਪੁਰ, ਚੀਨ ਅਤੇ ਹਾਂਗਕਾਂਗ ਤੋਂ ਸਿੱਖ ਸੰਗਤ ਭਾਰੀ ਗਿਣਤੀ ਵਿਚ ਜੁੜਦੀ ਹੈ।

ਮਲੇਸ਼ੀਆ ਦਾ ਇਹ ਸ਼ਹਿਰ ਸਫ਼ਾਈ ਪੱਖੋਂ ਸਰਵੋਤਮ ਹੈ। ਇੱਥੇ ਆਮ ਤੌਰ 'ਤੇ ਮੌਸਮ 26 ਤੋਂ 30 ਡਿਗਰੀ ਅਤੇ ਥੋੜ੍ਹਾ ਹੁੰਮਸ ਵਾਲਾ ਰਹਿੰਦਾ ਹੈ। ਇਸ ਸ਼ਹਿਰ ਦੀ ਖ਼ੂਬਸੂਰਤੀ ਨੂੰ ਦੇਖ ਕੇ ਕੋਈ ਵੀ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ।

# ਦਹਿਸ਼ਤਗਰਦੀ ਰੋਕਣ ਲਈ ਦੁਨੀਆ ਇਕਜੁਟ ਹੋਵੇ

ਪਿਛਲੇ ਕਈ ਦਹਾਕਿਆਂ ਤੋਂ ਹਿੰਦੋਸਤਾਨੀਆਂ ਨੂੰ ਦਹਿਸ਼ਤਗਰਦ ਜਥੇਬੰਦੀਆਂ ਦੀਆਂ ਕੋਝੀਆਂ ਕਾਰਵਾਈਆਂ ਕਰਕੇ ਅਪਾਰ ਦੁੱਖ ਸਹਿਣੇ ਪੈ ਰਹੇ ਹਨ। ਇਹ ਕਾਰਵਾਈਆਂ ਕਰਨ ਵਾਲੀਆਂ ਜਥੇਬੰਦੀਆਂ ਦੇ ਸਰੋਤKਸੋਮੇ ਪਾਕਿਸਤਾਨ ਵਿਚਲੇ ਦਹਿਸ਼ਤਗਰਦੀ ਦੇ ਅੱਡੇ ਹਨ; ਪਾਕਿਸਤਾਨ ਦੀ ਸਰਕਾਰ, ਫ਼ੌਜ ਤੇ ਆਈਐੱਸਆਈ ਇਨ੍ਹਾਂ ਜਥੇਬੰਦੀਆਂ ਨੂੰ ਪਨਾਹ ਦਿੰਦੀਆਂ ਤੇ ਪੈਸਾ ਮੁਹੱਈਆ ਕਰਵਾਉਂਦੀਆਂ ਹਨ; ਸਿਖਲਾਈ ਦਾ ਪ੍ਰਬੰਧ ਕਰਦੀਆਂ ਹਨ ਅਤੇ ਉਨ੍ਹਾਂ ਨੂੰ ਸੁਰੱਖਿਆ ਵੀ ਦਿੱਤੀ ਜਾਂਦੀ ਹੈ। ਪਾਕਿਸਤਾਨ ਸਰਕਾਰ ਵੱਲੋਂ ਪ੍ਰਾਪਤ ਸ਼ਹਿ ਕਾਰਨ ਇਨ੍ਹਾਂ ਜਥੇਬੰਦੀਆਂ ਦੇ ਆਗੂਆਂ ਦੇ ਹੌਸਲੇ ਏਨੇ ਵਧੇ ਹੋਏ ਹਨ ਕਿ ਉਹ ਸ਼ਰੇਆਮ ਖੁੱਲ੍ਹੇ ਘੁੰਮਦੇ ਹਨ, ਰੈਲੀਆਂ ਕਰਦੇ ਹਨ, ਦਹਿਸ਼ਤਗਰਦੀ ਦੀ ਸਿਖਲਾਈ ਲੈ ਕੇ ਭਾਰਤ ਵਿਚ ਹਮਲੇ ਕਰਕੇ ਮਾਸੂਮਾਂ ਦਾ ਖ਼ੂਨ ਕਰਦੇ ਹਨ ਅਤੇ ਨਾਲ ਨਾਲ ਇਨ੍ਹਾਂ ਕਾਰਵਾਈਆਂ ਦੀ ਜ਼ਿੰਮੇਵਾਰੀ ਵੀ ਲੈਂਦੇ ਹਨ। ਕਾਰਗਿਲ ਵਿਚ ਹੋਈ ਘੁਸਪੈਠ, ਪਾਰਲੀਮੈਂਟ ਅਤੇ ਮੁੰਬਈ ਉੱਤੇ ਹੋਏ ਦਹਿਸ਼ਤ-ਗਰਦਾਂ ਦੇ ਹਮਲਿਆਂ ਤੋਂ ਸ਼ੁਰੂ ਹੁੰਦੀ ਫ਼ਹਿਰਿਸਤ ਬਹੁਤ ਲੰਮੀ ਹੈ ਅਤੇ ਇਨ੍ਹਾਂ ਵਿਚ ਪਾਕਿਸਤਾਨੀ ਸਰਕਾਰ ਤੇ ਫ਼ੌਜ ਦੀ ਭੂਮਿਕਾ ਸਪਸ਼ਟ ਦਿਖਾਈ ਦਿੰਦੀ ਹੈ। ਮੁੰਬਈ ਦੇ ਆਮ ਲੋਕਾਂ 'ਤੇ ਹੋਏ ਦਹਿਸ਼ਤਗਰਦ ਹਮਲੇ ਵਿਚ ਪਾਕਿਸਤਾਨੀ ਫ਼ੌਜ ਦੇ ਸਪੈਸ਼ਲ ਕਮਿਊਨੀਕੇਸ਼ਨ ਆਰਗੇਨਾਈਜੇਸ਼ਨ ਨਾਲ ਸਬੰਧਤ ਕਰਨਲ ਆਰ. ਸਾਅਦਤ ਉੱਲਾ ਬਾਰੇ ਦਸਤਾਵੇਜ਼ੀ ਖ਼ੁਲਾਸੇ ਨੇ ਵੀ ਪਾਕਿਸਤਾਨੀ ਸਰਕਾਰ ਤੇ ਫ਼ੌਜ ਦੀਆਂ ਨੀਤੀਆਂ ਦਾ ਪਾਜ ਉਘਾੜਿਆ ਸੀ। ਭੁੱਟੋ ਦੀ ਹਿੰਦੋਸਤਾਨ ਨਾਲ ਹਜ਼ਾਰ ਵਰ੍ਹਾ ਲੜਨ ਦੇ ਦਾਅਵੇ ਨੂੰ ਜ਼ਿਆ-ਉੱਲ-ਹੱਕ ਦੇ ਸਮੇਂ ਦਹਿਸ਼ਤਗਰਦੀ ਕਾਰਵਾਈਆਂ ਰਾਹੀਂ ਹਿੰਦੋਸਤਾਨ ਦੇ ਸਰੀਰ 'ਤੇ ਹਜ਼ਾਰ ਫੱਟ ਲਾ ਕੇ ਲਹੂ-ਲੁਹਾਣ ਕਰਨ ਦੇ ਸਿਧਾਂਤ ਵਿਚ ਬਦਲਿਆ ਗਿਆ ਤੇ ਉਦੋਂ ਤੋਂ ਲੈ ਕੇ ਹੁਣ ਤਕ ਪਾਕਿਸਤਾਨ ਪੰਜਾਬ, ਜੰਮੂ ਕਸ਼ਮੀਰ ਤੇ ਹੋਰ ਸੂਬਿਆਂ ਵਿਚ ਦਹਿਸ਼ਤਗਰਦ ਕਾਰਵਾਈਆਂ ਨੂੰ ਹੱਲਾਸ਼ੇਰੀ ਦਿੰਦਾ ਆ ਰਿਹਾ ਹੈ।




ਭਾਰਤ ਨੇ ਪਾਕਿਸਤਾਨ ਨੂੰ ਦਹਿਸ਼ਤਗਰਦ ਟਿਕ-ਾਣਿਆਂ ਬਾਰੇ ਕਈ ਵਾਰ ਜਾਣਕਾਰੀ ਦਿੱਤੀ ਹੈ ਪਰ ਉੱਥੋਂ ਦੀ ਸਰਕਾਰ ਤੇ ਫ਼ੌਜ ਨੇ ਉਨ੍ਹਾਂ ਬਾਰੇ ਕੋਈ ਕਾਰਵਾਈ ਨਹੀਂ ਕੀਤੀ। ਸਪਸ਼ਟ ਹੈ ਕਿ ਆਤਮ-ਸਨਮਾਨ ਵਾਲਾ ਕੋਈ ਵੀ ਦੇਸ਼ ਇਹੋ ਜਿਹੀਆਂ ਦਹਿਸ਼ਤਪਸੰਦ ਕਾਰਵਾਈਆਂ ਦਾ ਸਾਹਮਣਾ ਕਰਦਿਆਂ ਚੁੱਪ ਕਰਕੇ ਨਹੀਂ ਬੈਠ ਸਕਦਾ ਤੇ ਉਹਨੂੰ ਆਪਣੀ ਸੁਰੱਖਿਆ ਲਈ ਕਦਮ ਖ਼ੁਦ ਹੀ ਚੁੱਕਣੇ ਪੈਂਦੇ ਹਨ। ਅਜਿਹਾ ਹੀ ਹਿੰਦੋਸਤਾਨ ਨੇ ਮੰਗਲਵਾਰ ਸਵੇਰ ਨੂੰ ਹਵਾਈ ਹਮਲੇ ਰਾਹੀਂ ਬਾਲਾਕੋਟ ਸਥਿਤ ਜੈਸ਼-ਏ-ਮੁਹੰਮਦ ਦੇ ਟਿਕਾਣੇ 'ਤੇ ਹਮਲਾ ਕਰਕੇ ਕੀਤਾ। ਭਾਰਤ ਦੇ ਵਿਦੇਸ਼ ਸਕੱਤਰ ਨੇ ਸਪਸ਼ਟ ਕੀਤਾ ਹੈ ਕਿ ਇਹ ਕਾਰਵਾਈ ਠੋਸ ਖ਼ੁਫ਼ੀਆ ਜਾਣਕਾਰੀ 'ਤੇ ਆਧਾਰਤ ਸੀ ਤੇ ਇਹ ਹਮਲਾ ਨਾ ਤਾਂ ਪਾਕਿਸਤਾਨ ਦੇ ਕਿਸੇ ਫ਼ੌਜੀ ਟਿਕਾਣੇ 'ਤੇ ਕੀਤਾ ਗਿਆ ਅਤੇ ਨਾ ਹੀ ਉੱਥੋਂ ਦੇ ਨਾਗਰਿਕਾਂ 'ਤੇ।

ਵਿਦੇਸ਼ ਸਕੱਤਰ ਨੇ ਇਹ ਵੀ ਸਪਸ਼ਟ ਕੀਤਾ ਕਿ ਇਸ ਕਾਰਵਾਈ ਦਾ ਮਨੋਰਥ ਹਿੰਦੋਸਤਾਨ ਦੀ ਭੋਇੰ 'ਤੇ ਹੋਣ ਵਾਲੇ ਦਹਿਸ਼ਤਗਰਦ ਹਮਲਿਆਂ ਨੂੰ ਰੋਕਣਾ ਹੈ। ਫ਼ੌਜੀ ਮਾਮਲਿਆਂ ਬਾਰੇ ਮਾਹਿਰਾਂ ਦੀ ਰਾਇ ਅਨੁਸਾਰ ਹਿੰਦੋਸਤਾਨ ਵੱਲੋਂ ਕੀਤੀ ਗਈ ਇਹ ਕਾਰਵਾਈ ਬਹੁਤ ਹੀ ਯੋਜਨਾਬੱਧ ਸੀ। ਪਹਿਲਾਂ ਪਹਿਲਾਂ ਪਾਕਿਸਤਾਨ ਨੇ ਇਹ ਦਾਅਵਾ ਕੀਤਾ ਕਿ ਹਿੰਦੋਸਤਾਨ ਦੇ ਇਸ ਹਮਲੇ ਨਾਲ ਕੋਈ ਨੁਕਸਾਨ ਨਹੀਂ ਹੋਇਆ ਪਰ ਬਾਅਦ ਵਿਚ ਉਸ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਹਿੰਦੋਸਤਾਨੀ ਹਵਾਈ ਫ਼ੌਜ ਦੀ ਕਾਰਵਾਈ ਨੂੰ ਸਵੀਕਾਰ ਕਰਦਿਆਂ ਇਸ ਨੂੰ ਗੰਭੀਰ ਹਮਲਾਵਾਰਾਨਾ ਕਾਰਵਾਈ ਅਤੇ ਯੁੱਧਬੰਦੀ ਰੇਖਾ ਦੀ ਉਲੰਘਣਾ ਕਰਾਰ ਦਿੱਤਾ। ਹਿੰਦੋਸਤਾਨ ਵਾਸਤੇ ਅੱਜ ਦਾ ਦਿਨ ਦਹਿਸ਼ਤਪਸੰਦਾਂ ਵਿਰੁੱਧ ਲੜਾਈ ਵਿਚ ਇਕ ਮੀਲ ਪੱਥਰ ਵਾਂਗ ਹੈ। ਅੱਜ ਸਾਰਾ ਦੇਸ਼ ਦਹਿਸ਼ਤ-ਗਰਦੀ ਵਿਰੁੱਧ ਲੜਾਈ ਵਿਚ ਇਕਜੁੱਟ ਹੈ। ਹਵਾਈ ਫ਼ੌਜ ਦੀ ਕਾਰਵਾਈ ਇਹ ਸਪਸ਼ਟ ਸੰਦੇਸ਼ ਹੈ ਕਿ ਦਹਿਸ਼ਤਗਰਦਾਂ ਨੂੰ ਪੁਲਵਾਮਾ ਵਿਚ ਸੀਆਰਪੀਐੱਫ਼ 'ਤੇ ਕੀਤੇ ਹਮਲੇ ਤੇ ਅਜਿਹੀਆਂ ਹੋਰ ਕਾਰਵਾਈਆਂ ਦੀ ਕੀਮਤ ਤਾਰਨੀ ਪਵੇਗੀ। 2016 ਵਿਚ ਕੀਤੀ ਗਈ ਸਰਜੀਕਲ ਸਟਰਾਈਕ ਤੋਂ ਬਾਅਦ ਇਸ ਕਾਰਵਾਈ ਨੇ ਇਹ ਸਪਸ਼ਟ ਕੀਤਾ ਹੈ ਕਿ ਹਿੰਦੋਸਤਾਨ ਦਹਿਸ਼ਤਗਰਦੀ ਵਿਰੁੱਧ ਲੜਨ ਲਈ ਨਵੇਂ ਪੈਂਤੜੇ ਅਪਣਾ ਰਿਹਾ ਹੈ ਜਿਨ੍ਹਾਂ ਰਾਹੀਂ ਉਹ ਸਿਰਫ਼ ਆਪਣੀ ਧਰਤੀ 'ਤੇ ਹੋ ਰਹੀਆਂ ਦਹਿਸ਼ਤਗਰਦ ਕਾਰਵਾਈਆਂ ਦਾ ਸਾਹਮਣਾ ਹੀ ਨਹੀਂ ਕਰੇਗਾ ਸਗੋਂ ਸਰਹੱਦੋਂ ਪਾਰ ਦਹਿਸ਼ਤ-ਗਰਦ ਟਿਕਾਣਿਆਂ ਨੂੰ ਵੀ ਤਹਿਸ-ਨਹਿਸ ਕਰਨ ਤੋਂ ਹਿਚਕਚਾਏਗਾ ਨਹੀਂ। ਪਾਕਿਸਤਾਨੀ ਸਰਕਾਰ, ਫ਼ੌਜ ਤੇ ਇਸ ਦੀ ਖ਼ੁਫ਼ੀਆ ਏਜੰਸੀ ਆਈਐੱਸਆਈ ਨੂੰ ਕੰਧ 'ਤੇ ਲਿਖਿਆ ਪੜ੍ਹਨਾ ਚਾਹੀਦਾ ਹੈ ਕਿ ਉਨ੍ਹਾਂ ਕੋਲ ਪਾਕਿਸਤਾਨ ਦੀ ਧਰਤੀ 'ਤੇ ਅੱਡੇ ਬਣਾ ਕੇ ਬੈਠੇ ਦਹਿਸ਼ਤਗਰਦਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਲੋਕਾਂ ਦੇ ਜੀਵਨ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਦਹਿਸ਼ਤਗਰਦੀ ਦਾ ਖ਼ਾਤਮਾ ਕਰਨਾ ਜ਼ਰੂਰੀ ਹੈ।

# ਪਟਿਆਲਾ ਦੀ ਸੰਗੀਤ ਰਵਾਇਤ 'ਤੇ ਝਾਤ

**(ਸਫਾ 9 ਦੀ ਬਾਕੀ)**

ਮੁਰਕੀਆਂ, ਖਟਖਾ, ਤਾਨ ਅੰਦਾਜ਼ਾਂ ਅਤੇ ਇਸ ਦੇ ਆਪਣੇ ਕਾਇਦੇ ਤੇ ਲੱਛੇਦਾਰ ਬੜ੍ਹਤ ਨਾਲ ਸਜਾਇਆ ਹੁੰਦਾ ਸੀ। ਇਹ ਬੰਦਿਸ਼ ਦੇ ਸਾਹਿਤ ਨੂੰ ਘੱਟ ਤਵੱਜੋ ਦਿੰਦਾ ਹੈ ਅਤੇ ਜ਼ਿਆਦਾ ਤਵੱਜੋ ਅਲੰਕਾਰਕ ਤੇ ਤਕਨੀਕ ਨੂੰ ਦਿੱਤੀ ਜਾਂਦੀ ਹੈ। ਪਟਿਆਲਾ ਗਾਇਕੀ ਧੀਮੇ ਅਲੰਕਾਰਾਂ ਦੀ ਨਜ਼ਾਕਤ ਨਾਲੋਂ ਬੀਰਰਸ, ਹਿੰਮਤ ਤੇ ਤੀਖਣਤਾ ਨੂੰ ਜ਼ਿਆਦਾ ਪੇਸ਼ ਕਰਦੀ ਸੀ। ਇਹ ਸਾਰਾ ਕੁਝ ਹੋਰਨਾਂ ਘਰਾਣਿਆਂ ਤੋਂ ਨਿਵੇਕਲਾ ਹੈ। ਹੋਰਨਾਂ ਘਰਾਣਿਆਂ ਵਿਚ ਜ਼ਿਆਦਾ ਤਵੱਜੋ ਸੁੰਦਰਮਈ ਢਾਂਚਾਗਤ ਵਿਸਤਾਰ ਨੂੰ ਦਿੱਤੀ ਜਾਂਦੀ ਸੀ, ਜਦੋਂਕਿ ਪਟਿਆਲਾ ਗਾਇਕੀ ਵਿਚ ਜ਼ੋਰਦਾਰ ਤੇ ਤਾਕਤਵਰ ਚਿੱਤਰਨ ਨੂੰ। ਲੋਕਾਂ ਦੇ ਰਉਂ ਨੇ ਵੀ ਇਸ ਨੂੰ ਮਜ਼ਬੂਤੀ ਤੇ ਤਾਕਤ ਵਾਲੇ ਅੰਦਾਜ਼ ਵਿਚ ਢਲਣ ਤੇ ਆਕਾਰ ਲੈਣ ਵਿਚ ਮਦਦ ਕੀਤੀ।

ਜਰਨੈਲੀ ਅਲੀ ਬਖ਼ਸ਼, ਕਰਨੈਲੀ ਫ਼ਤਹਿ ਅਲੀ ਅਤੇ ਉਸਤਾਦ ਬੜੇ ਗ਼ੁਲਾਮ ਖ਼ਾਨ ਤੋਂ ਇਲਾਵਾ ਪਟਿਆਲਾ ਦਰਬਾਰ ਦੇ ਹੋਰ ਨਾਮੀ ਸੰਗੀਤਕਾਰਾਂ ਵਿਚ ਸ਼ੁਮਾਰ ਸਨ ਬੜੇ ਗ਼ੁਲਾਮ ਅਲੀ ਖ਼ਾਨ ਦੇ ਪੁੱਤਰ ਮੁਨੱਵਰ ਅਲੀ ਖ਼ਾਨ, ਭਰਾ ਬਰਕਤ ਅਲੀ, ਉਮੈਦ ਅਲੀ, ਆਸ਼ਿਕ ਅਲੀ, ਨਬੀ ਬਖ਼ਸ਼, ਅਖ਼ਤਰ ਹੁਸੈਨ, ਫ਼ਤਹਿ ਅਲੀ, ਅਮਾਨਤ ਅਲੀ, ਸੈਂਦੇ ਖ਼ਾਨ, ਮੀਆਂ ਜਾਨ ਖ਼ਾਨ, ਅਹਿਮਦ ਜਾਨ ਖ਼ਾਨ, ਕਾਲੇ ਖ਼ਾਨ (ਬੜੇ ਗ਼ੁਲਾਮ ਖ਼ਾਨ ਦੇ ਚਾਚਾ), ਬਾਕਰ ਹੁਸੈਨ ਖ਼ਾਨ, ਮਿਹਰਬਾਨ ਖ਼ਾਨ, ਅਬਦੁਲ ਰਹੀਮ, ਭਾਈ ਰੁੱਡੇ, ਭਾਈ ਬੁੱਡੇ, ਹੁਸੈਨ ਬਖ਼ਸ਼, ਕਰੀਮ ਬਖ਼ਸ਼, ਅੱਲ੍ਹਾ ਦੀਆ ਖ਼ਾਨ, ਮਿਹਰਬਾਨ ਜਿਨ੍ਹਾਂ ਅਜਿਹੀਆਂ ਕਈ ਬੰਦਿਸ਼ਾਂ ਸਿਰਜੀਆਂ ਜੋ ਅੱਜ ਵੀ ਗਾਈਆਂ ਜਾਂਦੀਆਂ ਹਨ।

ਪਟਿਆਲਾ ਨੇ ਨਾਲ ਹੀ ਸਾਜ਼ਾਂ ਦੇ ਸੰਗੀਤ ਦੀ ਰਵਾਇਤ ਨੂੰ ਵੀ ਅੱਗੇ ਵਧਾਇਆ। ਇਥੇ ਹੀ 1900ਵਿਆਂ ਵਿਚ ਮਹਾਰਾਜਾ ਭੁਪਿੰਦਰ ਸਿੰਘ ਦੇ ਦਰਬਾਰ ਵਿਚ ਮੀਆਂ ਅਬਦੁਲ ਅਜ਼ੀਜ਼ ਖ਼ਾਨ ਨੇ ਵਚਿੱਤਰ ਬੀਨ ਦੀ ਕਾਢ ਕੱਢੀ। ਉਸ ਦਾ ਇਕੋ-ਇਕ ਸ਼ਾਗਿਰਦ ਅਹਿਮਦ ਰਜ਼ਾ ਸੀ ਜਿਸ ਨੂੰ ਉਨ੍ਹਾਂ ਆਪਣੀ ਬੀਨ ਸੌਂਪ ਦਿੱਤੀ। ਇਹ ਬੀਨ ਹੁਣ ਅਹਿਮਦ ਰਜ਼ਾ ਦੇ ਪੁੱਤਰ ਤੇ ਮਸ਼ਹੂਰ ਬੀਨਕਾਰ ਮੁਸਤਫ਼ਾ ਰਜ਼ਾ ਕੋਲ ਹੈ ਜਿਸ ਨੇ ਆਪਣੇ ਦਾਦਾ ਉਸਤਾਦ ਦੀ ਬੀਨ ਨੂੰ ਬਹੁਤ ਪਿਆਰ ਤੇ ਸਤਿਕਾਰ ਨਾਲ ਸੰਭਾਲਿਆ ਹੋਇਆ ਹੈ।

ਹਰ ਸਾਲ ਈਦ ਦੇ ਦਿਹਾੜੇ ਮੁਸਤਫ਼ਾ ਰਜ਼ਾ ਆਪਣੇ ਦਾਦਾ ਗੁਰੂ ਦੀ ਬੀਨ ਸ਼ਰਧਾ ਨਾਲ ਵਜਾਉਂਦਾ ਹੈ। ਮਸ਼ਹੂਰ ਸਿਤਾਰ ਵਾਦਕ ਬਰਕਤੁੱਲਾ ਖ਼ਾਨ ਵੀ 1924 ਤੱਕ ਕੁਝ ਸਮੇਂ ਲਈ ਪਟਿਆਲਾ ਦਰਬਾਰ ਵਿਚ ਰਿਹਾ, ਫਿਰ ਉਹ ਮੈਸੂਰ ਚਲਾ ਗਿਆ। ਮਹੰਤ ਗੱਜਾ ਸਿੰਘ (ਮਹਾਰਾਜਾ ਭੁਪਿੰਦਰ ਸਿੰਘ ਦਾ ਸੰਗੀਤ ਗੁਰੂ) ਬਰਕਤੁੱਲਾ ਖ਼ਾਨ ਦੀ ਪੇਸ਼ਕਾਰੀ ਤੋਂ ਇੰਨਾ ਕਾਇਲ ਹੋਇਆ ਕਿ ਉਸ ਨੂੰ ਮਹਾਰਾਜੇ ਕੋਲ ਪੇਸ਼ ਕੀਤਾ, ਜਿਸ ਨੇ ਉਸ ਨੂੰ ਦਰਬਾਰੀ ਸੰਗੀਤਕਾਰ ਨਿਯੁਕਤ ਕਰ ਦਿੱਤਾ। ਪੰਡਿਤ ਦਲੀਪ ਚੰਦਰ ਵੇਦੀ ਮੁਤਾਬਕ ਬਰਕਤੁੱਲਾ ਖ਼ਾਨ ਨੇ ਸੰਗੀਤ ਦੀ ਤਾਲੀਮ ਸੇਨੀਆ ਘਰਾਣੇ ਦੇ ਆਮੀਰ ਖ਼ਾਨ ਤੋਂ ਤੇ ਨਾਲ ਹੀ ਮਹਾਨ ਭੱਈਆ ਸਾਹਿਬ ਗਣਪਤ ਰਾਓ ਤੋਂ ਲਈ ਸੀ। ਸਿਤਾਰ ਉਤੇ ਉਸ ਦਾ ਠੁਮਰੀ ਅੰਗ ਪੰਜਾਬ ਵਿਚ ਬਹੁਤ ਹੀ ਮਕਬੂਲ ਹੋਇਆ।

ਅਸੀਂ ਦੇਖਦੇ ਹਾਂ ਕਿ ਪਟਿਆਲਾ ਦੀ ਸੰਗੀਤ ਵਿਰਾਸਤ ਬਹੁਤ ਅਮੀਰ ਸੀ ਜਿਹੜੀ ਰਾਗ ਵਿੱਦਿਆ ਦੀਆਂ ਚਾਰ ਮੁੱਖ ਸ਼ਾਸਤਰੀ ਪ੍ਰੰਪਰਾਵਾਂ ਦਾ ਸੁਮੇਲ ਸੀ ਅਤੇ ਇਹ ਭਾਰਤ ਦੇ ਸ਼ਾਸਤਰੀ ਸੰਗੀਤ ਦੀ ਮੁੱਖ ਧਾਰਾ ਬਣ ਗਿਆ। ਮੰਨਿਆ ਜਾਂਦਾ ਹੈ ਕਿ ਘਰਾਣੇ ਨੂੰ ਮਾਨਤਾ ਮਿਲਣ ਨੂੰ ਤਿੰਨ ਪੀੜ੍ਹੀਆਂ ਲੱਗ ਜਾਂਦੀਆਂ ਹਨ। ਨਾਲ ਹੀ ਜੇ ਪਟਿਆਲਾ ਦੇ ਮਹਾਰਾਜਿਆਂ ਨੇ ਲਗਾਤਾਰ ਸੰਗੀਤਕਾਰਾਂ ਨੂੰ ਸਰਪ੍ਰਸਤੀ ਨਾ ਦਿੱਤੀ ਹੁੰਦੀ ਤਾਂ ਪਟਿਆਲਾ ਕਦੇ ਵੀ ਸੰਗੀਤ ਦੇ ਅਜਿਹੇ ਮੁਕਾਮ ਵਜੋਂ ਸ਼ੋਹਰਤ ਹਾਸਲ ਨਾ ਕਰਦਾ, ਜਿਥੇ ਸਦੀ ਤੋਂ ਵੱਧ ਸਮੇਂ ਦੌਰਾਨ ਅਨੇਕਾਂ ਸੰਗੀਤਕਾਰ ਕਲਾ ਦੇ ਆਸਮਾਨ 'ਤੇ ਤਾਰਿਆਂ ਵਾਂਗ ਚਮਕੇ। ਮਹਾਨ ਉਸਤਾਦ ਮੰਮਣ ਖ਼ਾਨ ਅਤੇ ਉਨ੍ਹਾਂ ਦਾ ਪੁੱਤਰ ਦਿੱਲੀ ਛੱਡ ਕੇ ਪਟਿਆਲਾ ਦਰਬਾਰ ਆਏ ਅਤੇ 1911 ਤੋਂ 1940 ਤੱਕ 30 ਸਾਲ ਉਥੇ ਰਹੇ। ਤਾਨਰਸ ਖ਼ਾਨ, ਭਾਸਕਰ ਬੂਆ ਬਾਖਲੇ, ਬੜੇ ਵਾਹਿਦ ਖ਼ਾਨ, ਮਹਾਨ ਤਬਲੀਆ ਕਾਦਿਰ ਬਖ਼ਸ਼ (ਅੱਲ੍ਹਾ ਰੱਖਾ ਦਾ ਉਸਤਾਦ) ਆਦਿ ਸਾਰਿਆਂ ਨੇ ਪਟਿਆਲਾ ਪੁੱਜ ਕੇ ਸਾਲੋ-ਸਾਲ ਆਪਣੇ ਸੰਗੀਤ ਦੀਆਂ ਮਹਿਕਾਂ ਬਿਖੇਰੀਆਂ। ਕਸੂਰ, ਸ਼ਾਮ ਚੁਰਾਸੀ ਅਤੇ ਦੇਸ਼ ਦੇ ਹੋਰ ਹਿੱਸਿਆਂ ਤੋਂ ਅਨੇਕਾਂ ਸੰਗੀਤਕਾਰਾਂ ਨੇ ਇਥੇ ਰਹਿ ਕੇ ਆਪਣੀ ਕਲਾ ਨੂੰ ਅੱਗੇ ਵਧਾਇਆ ਅਤੇ ਸੰਗੀਤ ਦੀ ਅਜਿਹੀ ਸ਼ਾਨਦਾਰ ਰਵਾਇਤ ਤੋਰੀ ਜਿਹੜੀ ਅੱਜ ਵੀ ਜਾਰੀ ਹੈ।

# ਭਾਰਤ ਨੇ ਪ੍ਰਮੁੱਖ ਮੁਲਕਾਂ ਦੇ ਦੂਤਾਂ ਨੂੰ ਹਮਲੇ ਬਾਰੇ ਜਾਣਕਾਰੀ ਦਿੱਤੀ

ਨਵੀਂ ਦਿੱਲੀ- ਭਾਰਤ ਨੇ ਅੱਜ ਪਾਕਿਸਤਾਨ 'ਚ ਜੈਸ਼-ਏ-ਮੁਹੰਮਦ ਦੇ ਸਭ ਤੋਂ ਵੱਡੇ ਅਤਿਵਾਦੀ ਕੈਂਪ 'ਤੇ ਕੀਤੇ ਗਏ ਹਵਾਈ ਹਮਲੇ ਬਾਰੇ ਸਾਰੇ ਪ੍ਰਮੁੱਖ ਮੁਲਕਾਂ ਦੇ ਦੂਤਾਂ ਨੂੰ ਜਾਣਕਾਰੀ ਦੇ ਦਿੱਤੀ ਹੈ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਵਿਦੇਸ਼ ਸਕੱਤਰ ਵਿਜੈ ਗੋਖਲੇ ਅਤੇ ਹੋਰਨਾਂ ਸਕੱਤਰਾਂ ਨੇ ਅਮਰੀਕਾ, ਰੂਸ, ਚੀਨ, ਫਰਾਂਸ ਅਤੇ ਬਰਤਾਨੀਆ ਸਮੇਤ ਵੱਖ ਵੱਖ ਦੇਸ਼ਾਂ ਦੇ ਦੂਤਾਂ ਨੂੰ ਪਾਕਿਸਤਾਨ 'ਤੇ ਕੀਤੇ ਗਏ ਇਸ ਹਵਾਈ ਹਮਲੇ ਬਾਰੇ ਜਾਣਕਾਰੀ ਦਿੱਤੀ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਗੋਖਲੇ ਨੇ ਪੀ-5 ਮੁਲਕਾਂ ਦੇ ਦੂਤਾਂ ਨੂੰ ਜਾਣਕਾਰੀ ਦਿੱਤੀ। ਸ੍ਰੀਲੰਕਾ, ਮਾਲਦੀਵ, ਅਫ਼ਗਾਨਿਸਤਾਨ, ਭੂਟਾਨ, ਤੁਰਕੀ ਤੇ ਇੰਡੋਨੇਸ਼ੀਆ ਦੇ ਦੂਤਾਂ ਨੂੰ ਵੀ ਹਵਾਈ ਹਮਲੇ ਬਾਰੇ ਜਾਣਕਾਰੀ ਦਿੱਤੀ ਗਈ ਹੈ। ਗੋਖਲੇ ਨਾਲ ਮੁਲਾਕਾਤ ਤੋਂ ਬਾਅਦ ਭਾਰਤ 'ਚ ਕੂਟਨੀਤਕ ਕੋਰ ਦੇ ਡੀਨ (ਡੀਨ ਆਫ ਡਿਪਲੋਮੈਟਿਕ ਕੋਰ ਇਨ ਇੰਡੀਆ) ਹਾਂਸ ਡੈਨਨਬਰਗ ਕੈਸਟੈਲਾਨੋਸ ਨੇ ਕਿਹਾ, 'ਸਾਨੂੰ ਖ਼ੁਸ਼ੀ ਹੈ ਕਿ ਭਾਰਤ ਸਰਕਾਰ ਨੇ ਸਾਨੂੰ ਜੋ ਹੋਇਆ, ਉਸ ਬਾਰੇ ਤੁਰੰਤ ਤੇ ਸਹੀ ਢੰਗ ਨਾਲ ਜਾਣਕਾਰੀ ਦਿੱਤੀ। ਅਸੀਂ ਆਪਣੀਆਂ ਰਾਜਧਾਨੀਆਂ ਨੂੰ ਇਸ ਬਾਰੇ ਜਾਣਕਾਰੀ ਦੇ ਰਹੇ ਹਾਂ ਅਤੇ ਸਾਡੀ ਰਾਜਧਾਨੀ ਤੈਅ ਕਰੇਗੀ ਕਿ ਇਸ 'ਤੇ ਕੀ ਰਾਏ ਬਣਾਉਣੀ ਹੈ।' ਉਨ੍ਹਾਂ ਕਿਹਾ, 'ਜਾਣਕਾਰੀ ਹੈ ਕਿ ਉਨ੍ਹਾਂ ਦੇ ਨਾਗਰਿਕਾਂ ਜਾਂ ਪਾਕਿਸਤਾਨੀ ਫੌਜੀ ਟਿਕਾਣਿਆਂ ਨੂੰ ਨੁਕਸਾਨ ਨਹੀਂ ਪਹੁੰਚਾਇਆ।' ਜ਼ਿਕਰਯੋਗ ਹੈ ਪੁਲਵਾਮਾ ਦਹਿਸ਼ਤੀ ਹਮਲੇ ਦੇ ਜਵਾਬ ਵਿੱਚ ਭਾਰਤ ਨੇ ਅੱਜ ਕਾਰਵਾਈ ਕਰਦਿਆਂ ਹਵਾਈ ਹਮਲਾ ਕਰਕੇ ਜੈਸ਼-ਏ-ਮੁਹੰਮਦ ਦੇ ਪਾਕਿਸਤਾਨ ਸਥਿਤ ਸਭ ਤੋਂ ਵੱਡੇ ਸਿਖਲਾਈ ਅੱਡੇ ਨੂੰ ਤਬਾਹ ਕਰ ਦਿੱਤਾ ਹੈ।

# ਆਖਰ ਆ ਹੀ ਗਏ ਜੱਸੀ ਕਾਂਡ ਦੇ ਆਖਰੀ ਮੁਲਜ਼ਮ ਕਾਨੂੰਨ ਦੀ ਗ੍ਰਿਫਤ ਵਿੱਚ

(ਸਫਾ 7 ਦੀ ਬਾਕੀ)

ਕਾਉਂਕੇ ਕਲਾਂ, ਹਰਦੇਵ ਸਿੰਘ ਕਾਉਂਕੇ ਕਲਾਂ, ਜੋਗਿੰਦਰ ਸਿੰਘ ਇੰਸਪੈਕਟਰ ਆਦਿ) ਗ੍ਰਿਫਤਾਰ ਕਰ ਲਏ ਗਏ। ਇਹਨਾਂ ਵਿੱਚੋਂ ਅਸ਼ਵਨੀ ਕੁਮਾਰ, ਅਨਿਲ ਕੁਮਾਰ ਅਤੇ ਜੋਗਿੰਦਰ ਸਿੰਘ ਦੀ ਉਮਰ ਕੈਦ ਸੁਪਰੀਮ ਤੱਕ ਕੇਸ ਭੁਗਤਣ ਦੇ ਬਾਵਜੂਦ ਬਹਾਲ ਰਹੀ। ਇਸ ਤਫਤੀਸ਼ ਦੌਰਾਨ ਸਵਰਨ ਸਿੰਘ ਨੂੰ ਅਨੇਕਾਂ ਲਾਲਚ ਅਤੇ ਧਮਕੀਆਂ ਦਿੱਤੀਆਂ ਗਈਆਂ ਪਰ ਉਸ ਨੇ ਆਪਣੇ ਫਰਜ਼ ਨੂੰ ਅਣਡਿੱਠ ਨਾ ਕੀਤਾ ਤੇ ਤਫਤੀਸ਼ ਨੂੰ ਸਹੀ ਮੁਕਾਮ ਤੱਕ ਪਹੁੰਚਾਇਆ। ਉਸ ਦੀ ਇਸ ਮਿਹਨਤ ਅਤੇ ਫਰਜ਼ਸ਼ਨਾਸ਼ੀ ਦੀ ਕੈਨੇਡੀਅਨ ਪੁਲਿਸ ਨੇ ਵੀ ਭਾਰੀ ਪ੍ਰਸੰਸਾ ਕੀਤੀ। ਜੱਸੀ ਦੇ ਮਾਮੇ ਅਤੇ ਮਾਂ ਨੂੰ ਵੀ ਇਸ ਕੇਸ ਵਿੱਚ ਸਹਿ ਦੋਸ਼ੀਆਂ ਵਜੋਂ ਨਾਮਜ਼ਦ ਕੀਤਾ ਗਿਆ। ਉਹਨਾਂ ਨੂੰ ਭਾਰਤ ਹਵਾਲੇ ਕਰਨ ਲਈ ਕੇਸ ਵਿਦੇਸ਼ ਮੰਤਰਾਲੇ ਰਾਹੀਂ ਕੈਨੇਡਾ ਸਰਕਾਰ ਨੂੰ ਭੇਜਿਆ ਗਿਆ। ਇਹ ਕੇਸ ਵੀ ਸਵਰਨ ਸਿੰਘ ਵੱਲੋਂ ਹੀ ਤਿਆਰ ਕੀਤਾ ਗਿਆ ਸੀ। ਪਰ ਗੁੰਝਲਦਾਰ ਕੈਨੇਡੀਅਨ ਇੰਮੀਗਰੇਸ਼ਨ ਕਾਨੂੰਨਾਂ ਅਤੇ ਮਹਿੰਗੇ ਵਕੀਲਾਂ ਕਾਰਨ ਇਹ ਕੇਸ ਕੱਛੂ ਦੀ ਚਾਲ ਚੱਲਦਾ ਰਿਹਾ। ਆਖਰ 12 ਸਾਲ ਬਾਅਦ, 6 ਜਨਵਰੀ 2012 ਨੂੰ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਮਲਕੀਤ ਕੌਰ ਅਤੇ ਸੁਰਜੀਤ ਸਿੰਘ ਨੂੰ ਗ੍ਰਿਫਤਾਰ ਕਰ ਹੀ ਲਿਆ।

ਇਸ ਤਫਤੀਸ਼ ਦੌਰਾਨ ਸਵਰਨ ਸਿੰਘ ਨੂੰ ਅਨੇਕਾਂ ਲਾਲਚ ਅਤੇ ਧਮਕੀਆਂ ਦਿੱਤੀਆਂ ਗਈਆਂ ਪਰ ਉਸ ਨੇ ਆਪਣੇ ਫਰਜ਼ ਨੂੰ ਅਣਡਿੱਠ ਨਾ ਕੀਤਾ ਤੇ ਤਫਤੀਸ਼ ਨੂੰ ਸਹੀ ਮੁਕਾਮ ਤੱਕ ਪਹੁੰਚਾਇਆ। ਉਸ ਦੀ ਇਸ ਮਿਹਨਤ ਅਤੇ ਫਰਜ਼ਸ਼ਨਾਸ਼ੀ ਦੀ ਕੈਨੇਡੀਅਨ ਪੁਲਿਸ ਨੇ ਵੀ ਭਾਰੀ ਪ੍ਰਸੰਸਾ ਕੀਤੀ। ਜੱਸੀ ਦੇ ਮਾਮੇ ਅਤੇ ਮਾਂ ਨੂੰ ਵੀ ਇਸ ਕੇਸ ਵਿੱਚ ਸਹਿ ਦੋਸ਼ੀਆਂ ਵਜੋਂ ਨਾਮਜ਼ਦ ਕੀਤਾ ਗਿਆ। ਉਹਨਾਂ ਨੂੰ ਭਾਰਤ ਹਵਾਲੇ ਕਰਨ ਲਈ ਕੇਸ ਵਿਦੇਸ਼ ਮੰਤਰਾਲੇ ਰਾਹੀਂ ਕੈਨੇਡਾ ਸਰਕਾਰ ਨੂੰ ਭੇਜਿਆ ਗਿਆ। ਇਹ ਕੇਸ ਵੀ ਸਵਰਨ ਸਿੰਘ ਵੱਲੋਂ ਹੀ ਤਿਆਰ ਕੀਤਾ ਗਿਆ ਸੀ। ਪਰ ਗੁੰਝਲਦਾਰ ਕੈਨੇਡੀਅਨ ਇੰਮੀਗਰੇਸ਼ਨ ਕਾਨੂੰਨਾਂ ਅਤੇ ਮਹਿੰਗੇ ਵਕੀਲਾਂ ਕਾਰਨ ਇਹ ਕੇਸ ਕੱਛੂ ਦੀ ਚਾਲ ਚੱਲਦਾ ਰਿਹਾ। ਆਖਰ 12 ਸਾਲ ਬਾਅਦ, 6 ਜਨਵਰੀ 2012 ਨੂੰ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਮਲਕੀਤ ਕੌਰ ਅਤੇ ਸੁਰਜੀਤ ਸਿੰਘ ਨੂੰ ਗ੍ਰਿਫਤਾਰ ਕਰ ਹੀ ਲਿਆ। ਇਸ ਜ਼ੁਰਮ ਤੋਂ ਬਚਣ ਲਈ ਉਸ ਦੀ ਮਾਂ ਅਤੇ ਮਾਮੇ ਨੇ ਕਈ ਹੱਥਕੰਡੇ ਅਪਣਾਏ। ਇਥੋਂ ਤੱਕ ਕਿ ਜੱਸੀ ਦੀ ਲਾਸ਼ ਪਛਾਨਣ ਅਤੇ ਲੈਣ ਤੋਂ ਵੀ ਇਨਕਾਰ ਕਰ ਦਿੱਤਾ। ਉਸ ਦਾ ਅੰਤਿਮ ਸੰਸਕਾਰ ਮਿੱਠੂ ਦੇ ਪਰਿਵਾਰ ਵੱਲੋਂ ਕੀਤਾ ਗਿਆ। ਮਿੱਠੂ ਨੇ ਜੱਸੀ ਨਾਲ ਆਪਣਾ ਪਿਆਰ ਉਸ ਦੇ ਮਰ ਜਾਣ ਦੇ ਬਾਵਜੂਦ ਸੱਚੇ ਪ੍ਰੇਮੀ ਵਾਂਗ ਨਿਭਾਇਆ। ਗਵਾਹੀ ਤੋਂ ਮੁਕਰਨ ਲਈ ਕਈ ਤਰਾਂ ਦੇ ਲਾਲਚ ਮਿਲਣ ਦੇ ਬਾਵਜੂਦ ਉਹ ਆਪਣੇ ਬਿਆਨਾਂ 'ਤੇ ਅਡਿੱਗ ਰਿਹਾ ਤੇ ਅਖੀਰ ਤੱਕ ਕੇਸ ਲੜਿਆ। ਉਸ ਨੇ ਹੁਣ ਤੱਕ ਵਿਆਹ ਨਹੀਂ ਕਰਵਾਇਆ। ਆਖਰ 9 ਮਈ 2014 ਨੂੰ ਬ੍ਰਿਟਿਸ਼ ਕੋਲੰਬੀਆ ਦੇ ਸੁਪਰੀਮ ਕੋਰਟ ਨੇ ਭਾਰਤ ਵੱਲੋਂ ਪੇਸ਼ ਕੀਤੇ ਸਬੂਤਾਂ ਦੇ ਅਧਾਰ 'ਤੇ ਦੋਵਾਂ ਨੂੰ ਭਾਰਤ ਹਵਾਲੇ ਕਰਨ ਦਾ ਹੁਕਮ ਪਾਸ ਕਰ ਦਿੱਤਾ। ਇਸ ਕੇਸ ਵਿੱਚ ਸਭ ਤੋਂ ਅਹਿਮ ਸਬੂਤ ਇਹ ਸੀ ਕਿ ਮਲਕੀਤ ਕੌਰ ਅਤੇ ਸੁਰਜੀਤ ਸਿੰਘ ਦੀਆਂ ਕਾਤਲਾਂ ਨਾਲ 266 ਟੈਲੀਫੂਨ ਕਾਲਾਂ ਹੋਈਆਂ ਸਨ। ਹੁਣ ਜਦੋਂ ਉਹ ਭਾਰਤ ਆਉਣਗੇ ਤਾਂ ਵੇਖਣਾ ਹੋਵੇਗਾ ਕਿ ਜਿਹੜੇ ਵਿਅਕਤੀ ਕੈਨੇਡਾ ਵਿੱਚ ਆਪਣੇ ਕੇਸ ਨੂੰ 18 ਸਾਲ ਲਟਕਾ ਸਕਦੇ ਹਨ।

# ਅਜੋਕੇ ਸਮੇਂ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ 'ਤੇ ਸੰਭਾਵਨਾਵਾਂ

(ਸਫਾ 6 ਦੀ ਬਾਕੀ)

ਮਿਲੀ ਵਸਤੂ ਦੀ ਬਹੁਤੀ ਕਦਰ ਨਹੀਂ ਹੁੰਦੀ, ਪਰੰਤੂ ਜੋ ਮਿਹਨਤ ਨਾਲ ਪ੍ਰਾਪਤ ਕੀਤਾ ਜਾਂਦਾ ਹੈ। ਉਸ ਨੂੰ ਹੀ ਅਸੀਂ ਕੀਮਤੀ ਸਮਝਦੇ ਹਾਂ ।ਇਕੱਲੇ ਪੰਜਾਬ ਵਿੱਚ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਅੰਗਰੇਜ਼ੀ ਬੋਲਣ ਅਤੇ ਸਿੱਖਣ ਦੀਆਂ ਦੁਕਾਨਾਂ ਵਧੀਆ ਚੱਲ ਰਹੀਆਂ ਹਨ, ਪਰੰਤੂ ਪੰਜਾਬੀ ਬੋਲੀ ਅਤੇ ਪੰਜਾਬੀ ਭਾਸ਼ਾ ਨਾ ਤਾਂ ਅਧਿਆਪਕ ਨੂੰ ਸਹੀ ਆਉਂਦੀ ਹੈ ਅਤੇ ਨਾ ਹੀ ਵਿਦਿਆਰਥੀ ਇਸ ਸੰਬਧੀ ਗੰਭੀਰ ਹਨ। ਅਸਲ ਵਿੱਚ ਅਸੀ ਆਮ ਤੌਰ ਤੇ ਆਪਣੇ ਮਨੋ ਪੰਜਾਬੀ ਦੇ ਹੱਕ ਵਿੱਚ ਨਹੀਂ ਹਾਂ। ਅਸੀ ਪੰਜਾਬੀ ਦੇ ਮੁੱਦਈ ਹੋਣ ਦਾ ਦਾਅਵਾ ਤਾਂ ਕਰਦੇ ਹਾਂ।

ਪਰੰਤੂ ਪੰਜਾਬੀ ਮਾਧਿਅਮ ਸਕੂਲਾਂ ਵਿੱਚ ਆਪਣੇ ਬੱਚਿਆਂ ਨੂੰ ਪੜ੍ਹਾਉਣ, ਪੰਜਾਬੀ ਅਖਬਾਰ/ਰਸਾਲੇ, ਪੁਸਤਕਾਂ ਖਰੀਦਣ, ਪੜ੍ਹਨ ਅਤੇ ਹੋਰ ਸਮਾਜਿਕ ਸਮਾਗਮਾਂ ਦੇ ਸੂਚਨਾ ਦੇ ਸੱਦਾ ਪੱਤਰ ਪੰਜਾਬੀ ਵਿੱਚ ਲਿਖਣ ਅਤੇ ਗੁਰਮੁੱਖੀ ਵਿੱਚ ਛਪਵਾਉਣ ਵਿੱਚ ਆਪਣੀ ਹੱਤਕ ਸਮਝਦੇ ਹਾਂ। ਕੋਈ ਵਿਅਕਤੀ ਅੰਗਰੇਜ਼ੀ ਗਲਤ ਬੋਲਦਾ ਜਾਂ ਲਿਖਦਾ ਹੈ ਤਾਂ ਅਸੀ ਉਸਦਾ ਮਜ਼ਾਕ ਉਡਾਉਂਦੇ ਹਾਂ। ਪੰਰਤੂ ਪੰਜਾਬੀ ਸਬੰਧੀ ਅਸੀ ਫ਼ਖਰ ਨਾਲ ਆਖਦੇ ਹਾਂ ਕਿ ਸਾਨੂੰ ਪੰਜਾਬੀ ਨਹੀਂ ਆਉਂਦੀ, ਮੂਲ ਰੂਪ ਵਿੱਚ ਪੰਜਾਬੀਆਂ ਦਾ ਆਪਣੀ ਮਾਂ ਬੋਲੀ ਪ੍ਰਤੀ ਇਹ ਵਤੀਰਾ ਹੀ ਪੰਜਾਬੀ ਦੀ ਵਰਤਮਾਨ ਸਥਿਤੀ ਲਈ ਮੁੱਖ ਰੂਪ ਵਿੱਚ ਜਿੰਮੇਵਾਰ ਹੈ।

ਹੁਣ ਰਹੀ ਗੱਲ ਵਰਤਮਾਨ ਯੁੱਗ ਵਿੱਚ ਪੰਜਾਬੀ ਭਾਸ਼ਾ ਦੀਆਂ ਸੰਭਾਵਨਾਵਾਂ ਦੀ ਤਾਂ ਇਸ ਸੰਬਧੀ ਸੰਖੇਪ ਵਿੱਚ ਆਖਿਆ ਜਾ ਸਕਦਾ ਹੈ। ਕਿ ਸੰਭਾਵਨਾਵਾਂ ਦਾ ਸਰੂਪ ਵਰਤਮਾਨ ਦੀਆਂ ਨੀਹਾਂ ਉੱਤੇ ਹੀ ਉਸਰੇਗਾ। ਜੇਕਰ ਪੰਜਾਬੀ ਧੁਨੀ-ਵਿਉਂਤ, ਸ਼ਬਦ ਜੋੜ ਅਤੇ ਸ਼ਬਦ ਉਚਾਰਨ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਪੰਜਾਬੀ ਭਾਸ਼ਾ ਦੇ ਨਿਵੇਕਲੇ ਅਤੇ ਬਦਲਵੇਂ ਰੂਪ ਵੇਖਣ ਦੀਆਂ ਸੰਭਾਵਨਾਵਾਂ ਪ੍ਰਬਲ ਹੋ ਸਕਦੀਆਂ ਹਨ

ਅਸੀਂ ਇੱਥੇ ਮੂਲ ਵਿੱਚ ਉਹਨਾਂ ਅਹਿਮ ਕਾਰਨਾਂ ਦੀ ਗੱਲ ਕੀਤੀ ਹੈ। ਜਿਨ੍ਹਾਂ ਕਰਕੇ ਪੰਜਾਬੀ ਨੇ ਆਪਣਾ ਵਰਤਮਾਨ ਸਰੂਪ ਅਤੇ ਸਥਾਨ ਗ੍ਰਹਿਣ ਕੀਤਾ ਹੈ। ਇਨ੍ਹਾਂ ਦੀ ਰੋਸ਼ਨੀ ਵਿੱਚ ਜੋ ਸਥੀਤੀ ਅਤੇ ਸੰਭਾਵਨਾਵਾਂ ਉਘੜਦੀਆਂ ਹਨ । ਉਹ ਕੋਈ ਬਹੁਤੀਆਂ ਉਤਸ਼ਾਹਵਰਧਕ ਨਹੀਂ ਹਨ। ਸੜਕਾਂ ਦੇ ਮੀਲ ਪੱਥਰਾਂ ਨੂੰ ਕਾਲਖ ਪੋਚਣ ਨਾਲ ਕੁਝ ਨਹੀਂ ਹੁੰਦਾ, ਆਪਣੇ ਅੰਦਰ ਵੱਸਦੇ ਪੰਜਾਬੀ ਨੂੰ ਜਗਾਉਣ ਅਤੇ ਆਪਣੇ ਮਨਾਂ ਦੀ ਕਾਲਖ ਸਾਫ਼ ਕਰਨ ਦੀ ਲੋੜ ਹੈ। ਬੰਦੂਕਾਂ, ਗੱਡੀਆਂ, ਬੁੱਲਟਾਂ, ਜੀਨਾਂ, ਲੱਚਰ ਗੀਤਾਂ, ਨਿਵੇਕਲੇ ਹੇਅਰ ਸਟਾਇਲਾਂ ਨੇ ਜਿੱਥੇ ਸਾਨੂੰ ਆਰਥਿਕ ਅਤੇ ਮਨੋਵਿਗਿਆਨਕ ਮੰਦੀ ਵੱਲ ਧਕੇਲਿਆ ਹੈ, ਉੱਥੇ ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਤੋਂ ਵੀ ਬਹੁਤ ਦੂਰ ਕੀਤਾ ਹੈ।ਬੇਸ਼ੱਕ ਪੰਜਾਬੀ ਨੂੰ ਬੋਲਣ ਵਾਲਿਆਂ ਦੀ ਗਿਣਤੀ ਕਰੋੜਾਂ ਵਿੱਚ ਹੈ, ਫਿਰ ਵੀ ਆਪਣੇ ਟਕਸਾਲੀ ਰੂਪ ਤੋਂ ਦੂਰ ਜਾ ਰਹੀ ਹੈ। ਭਾਵੇਂ ਭਾਸ਼ਾ ਉਪ-ਭਸ਼ਾਵਾਂ ਸਦਕਾ ਹੀ ਵਿਕਾਸ ਅਤੇ ਪਸਾਰ ਕਰਦੀ ਹੈ। ਪਰ ਕਈ ਵਾਰ ਉਪ-ਭਸ਼ਾਵਾਂ ਵੀ ਭਾਸ਼ਾ ਦੇ ਰੂਪ ਨੂੰ ਬਦਲ ਦਿੰਦੀਆਂ ਹਨ।

ਅੱਜ ਪੰਜਾਬੀ ਭਾਸ਼ਾ ਇੱਕ ਬਹੁਤ ਉੱਚੀ ਅਤੇ ਖ਼ੂਬਸੂਰਤ ਇਮਾਰਤ ਦੀ ਤਰ੍ਹਾਂ ਹੈ। ਜਿਸ ਦੀਆਂ ਕੰਧਾਂ ਵਿੱਚ ਛੋਟੇ-ਛੋਟੇ ਛੇਕ ਹੋ ਚੁੱਕੇ ਹਨ, ਜੋ ਉਸ ਦੀ ਖ਼ੂਬਸੂਰਤੀ ਨੂੰ ਵਿਗਾੜ ਰਹੇ ਹਨ।

ਸੋ ਲੋੜ ਹੈ, ਉਨ੍ਹਾਂ ਛੇਕਾਂ ਨੂੰ ਸੁੱਚਜੇ ਢੰਗ ਨਾਲ ਬੰਦ ਕਰਨ ਦੀ ਤਾਂ ਜੋ ਉਸ ਦੀ ਖ਼ੂਬਸੂਰਤੀ ਨੂੰ ਬਰਕਰਾਰ ਰੱਖਿਆਂ ਜਾ ਸਕੇ। ਆਉ ਅਸੀਂ ਸਾਰੇ ਪੰਜਾਬੀ ਭਾਸ਼ਾ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਪਹਿਚਾਣੀਏ ਅਤੇ ਰੋਜ਼ਾਨਾ ਦੇ ਜੀਵਨ ਵਿੱਚ ਇਸ ਨੂੰ ਉੱਚਿਤ ਸਥਾਨ ਅਤੇ ਸਤਿਕਾਰ ਦੇਈਏ।

# ਕਿਸਾਨਾਂ ਨੂੰ ਮੰਡੀ ਦੀ ਮਾਰ ਤੋਂ ਬਚਾਉਣ ਦੀ ਲੋੜ

(ਸਫਾ 11 ਦੀ ਬਾਕੀ)

ਅਦਾਰਿਆਂ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ। ਸਬੰਧਿਤ ਮਹਿਕਮਿਆਂ ਨੂੰ ਗੰਭੀਰਤਾ ਨਾਲ ਇਸ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਇਹ ਮਸਲਾ ਮੁਸ਼ਕਿਲ ਜ਼ਰੂਰ ਹੈ ਪਰ ਅਜਿਹਾ ਵੀ ਨਹੀਂ ਜਿਸ ਨੂੰ ਹੱਲ ਨਾ ਕੀਤਾ ਜਾਵੇ। ਕੇਂਦਰ ਸਰਕਾਰ ਵੱਲ ਦੇਖਿਆਂ ਇਸ ਦਾ ਹੱਲ ਨਹੀਂ ਹੋ ਸਕਦਾ। ਇਸ ਦਾ ਹੱਲ ਪੰਜਾਬ ਨੂੰ ਆਪ ਹੀ ਲੱਭਣਾ ਪਵੇਗਾ।

ਨਵੇਂ ਵਰ੍ਹੇ ਪੰਜਾਬ ਦੀ ਕਿਰਸਾਣੀ ਲਈ ਵਿਸ਼ੇਸ਼ ਪੈਕੇਜ ਦੇਣਾ ਚਾਹੀਦਾ ਹੈ। ਪੰਜਾਬ ਵਿਚ ਕਿਸਾਨਾਂ ਨੂੰ ਮੁੱਢਲੀਆਂ ਲੋੜਾਂ ਲਈ ਪੈਸੇ ਦੇਣ ਦੀ ਲੋੜ ਨਹੀਂ ਹੈ ਸਗੋਂ ਉਨ੍ਹਾਂ ਦੀ ਆਮਦਨ ਵਿਚ ਵਾਧੇ ਲਈ ਖੇਤੀ ਆਧਾਰਿਤ ਸਨਅਤਾਂ ਲਗਾਉਣ ਅਤੇ ਉਪਜ ਦੀ ਵਿਕਰੀ ਯਕੀਨੀ ਬਣਾਉਣਾ ਜ਼ਰੂਰੀ ਹੈ। ਪੰਜਾਬ ਵਿਚ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ। ਕਣਕ-ਝੋਨੇ ਦੇ ਫਸਲ ਚੱਕਰ ਵਿਚੋਂ ਗੁਜ਼ਾਰੇ ਜੋਗੀ ਆਮਦਨ ਨਹੀਂ ਹੋ ਸਕਦੀ ਕਿਉਂਕਿ ਲਾਗਤ ਕੀਮਤ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਸ ਫ਼ਸਲ ਚੱਕਰ ਵਿਚ ਵਿਹਲ ਬਹੁਤ ਹੈ। ਵਿਹਲੇ ਮੁੰਡਿਆਂ ਨੂੰ ਰਾਜਸੀ ਪਾਰਟੀਆਂ ਆਪਣੇ ਪਿਛਲੱਗ ਬਣਾ ਕੇ ਕਿਰਤ ਤੋਂ ਦੂਰ ਕਰ ਰਹੀਆਂ ਹਨ। ਪੰਜਾਬ ਵਿਚ ਸਹਾਇਕ ਧੰਦਿਆਂ ਵਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਸ ਨਾਲ ਜਿਥੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋਵੇਗਾ, ਉਥੇ ਟੱਬਰ ਦੇ ਸਾਰੇ ਮੈਂਬਰਾਂ ਨੂੰ ਰੁਜ਼ਗਾਰ ਵੀ ਮਿਲੇਗਾ ਪਰ ਅਜਿਹਾ ਓਦੋਂ ਹੀ ਹੋ ਸਕਦਾ ਹੈ, ਜੇ ਉਪਜ ਦੀ ਵਿਕਰੀ ਦਾ ਪ੍ਰਬੰਧ ਹੋ ਸਕੇ। ਪਿੰਡਾਂ ਵਿਚ ਉਪਜ ਦੇ ਪਦਾਰਥੀਕਰਨ ਲਈ ਛੋਟੇ ਕਾਰਖਾਨੇ ਲਗਾਏ ਜਾਣ। ਇਹ ਯਕੀਨੀ ਕੀਤਾ ਜਾਵੇ ਕਿ ਇਨ੍ਹਾਂ ਵਿਚ ਲਾਗਲੇ ਪਿੰਡਾਂ ਦੇ ਮੁੰਡਿਆਂ ਨੂੰ ਹੀ ਕੰਮ 'ਤੇ ਰੱਖਿਆ ਜਾਵੇ।

ਜ਼ਮੀਨ ਵੇਚ ਕੇ ਜਾਂ ਕਰਜ਼ਾ ਚੁੱਕ ਪੰਜਾਬ ਦੀ ਜੁਆਨੀ ਵਿਦੇਸ਼ਾਂ ਵੱਲ ਜਾ ਰਹੀ ਹੈ। ਜੇ ਇਹੋ ਹਾਲ ਰਿਹਾ ਤਾਂ ਅਗਲੇ ਕੁਝ ਵਰ੍ਹਿਆਂ ਤੱਕ ਪੰਜਾਬ ਕੇਵਲ ਬਜ਼ੁਰਗਾਂ ਦਾ ਸੂਬਾ ਰਹਿ ਜਾਵੇਗਾ। ਜੇ ਕੇਂਦਰ ਸਰਕਾਰ ਨਹੀਂ ਤਾਂ ਘੱਟੋ-ਘੱਟ ਰਾਜ ਸਰਕਾਰ ਨੂੰ ਇਹ ਵਰ੍ਹਾ ਕਿਸਾਨ ਵਿਕਾਸ ਨੂੰ ਸਮਰਪਿਤ ਕਰਨਾ ਚਾਹੀਦਾ ਹੈ।

# ਆਪਣੇ ਹੀ ਘਰ 'ਚ ਬਿਗਾਨੀ ਹੁੰਦੀ ਜਾ ਰਹੀ ਹੈ ਪੰਜਾਬੀ

(ਸਫਾ 4 ਦੀ ਬਾਕੀ)

ਬੋਲਣ ਵਾਲਿਆਂ ਦੀ ਸੰਖਿਆ ਵਧੀ ਹੈ ਪਰ ਦੂਜੇ ਬੰਨੇ ਪੰਜਾਬੀ ਨੂੰ ਗੁਰਮੁਖੀ ਵਿਚ ਲਿਖਣ ਵਾਲਿਆਂ ਦੀ ਗਿਣਤੀ ਘਟੀ ਵੀ ਹੈ ਜੋ ਚਿੰਤਾ ਤੇ ਚਿੰਤਨ ਦਾ ਮੁੱਦਾ ਹੈ। ਕੰਪਿਊਟਰ ਅਤੇ ਸਮਾਰਟ ਫੋਨ ਨੇ ਗੁਰਮੁਖੀ ਲਿੱਪੀ ਨੂੰ ਢਾਹ ਲਾਈ ਹੈ ਕਿਉਂਕਿ ਨੌਜਵਾਨ ਰੋਮਨ ਵਿਚ ਹੀ ਪੰਜਾਬੀ ਲਿਖਣੀ ਪਸੰਦ ਕਰਦੇ ਹਨ।

ਭਾਸ਼ਾ ਦੀ ਪਛਾਣ ਲਿੱਪੀ ਨਾਲ ਹੀ ਬਰਕਰਾਰ ਰਹਿੰਦੀ ਹੈ। ਜੇ ਇਹੀ ਰੁਝਾਨ ਰਿਹਾ ਤਾਂ ਪਹਿਲਾਂ ਗੁਰਮੁਖੀ ਲਿੱਪੀ ਲਈ ਖਤਰਾ ਪੈਦਾ ਹੋਵੇਗਾ। ਡੋਗਰੀ ਜੋ ਪੰਜਾਬੀ ਦੀ ਉਪ-ਭਾਖਾ ਹੈ, ਇਸ ਦੌਰ ਚੋਂ ਲੰਘ ਚੁੱਕੀ ਹੈ। ਡੋਗਰੀ ਦੀ ਆਪਣੀ ਲਿਪੀ 'ਟਾਕਰੀ' ਸੀ ਜੋ ਹੁਣ ਖਤਮ ਹੋ ਚੁੱਕੀ ਹੈ, ਕੋਈ ਟਾਵਾਂ-ਟੱਲਾ ਹੀ ਹੁਣ ਟਾਕਰੀ ਜਾਣਦਾ ਹੈ। ਹੁਣ ਡੋਗਰੀ ਦੇਵਨਾਗਰੀ ਵਿਚ ਲਿਖੀ ਜਾਂਦੀ ਹੈ।

ਕਿਤਾਬਾਂ ਭਾਸ਼ਾਵਾਂ ਨੂੰ ਜਿਉਂਦਾ ਰੱਖਣ ਅਤੇ ਵਿਗਸਣ ਦਾ ਵੱਡਾ ਸਾਧਨ ਹੁੰਦੀਆਂ ਹਨ। ਪੰਜਾਬੀ ਵਿਚ ਕਿਤਾਬਾਂ ਤਾਂ ਧੜਾ-ਧੜ ਪ੍ਰਕਾਸ਼ਿਤ ਹੋ ਰਹੀਆਂ ਹਨ ਪਰ ਪੜ੍ਹੀਆਂ ਨਹੀਂ ਜਾ ਰਹੀਆਂ। ਅੱਜਕੱਲ੍ਹ ਪੰਜਾਬੀ ਅਖ਼ਬਾਰਾਂ ਦੀ ਗਿਣਤੀ ਵਧੀ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਪੰਜਾਬੀ ਭਾਸ਼ਾ ਦਾ ਵਿਕਾਸ ਹੋ ਰਿਹਾ ਹੈ, ਇਸ ਦਾ ਮਤਲਬ ਇਹ ਹੈ ਕਿ ਪੰਜਾਬੀ ਭਾਸ਼ਾ ਰਾਹੀਂ ਵਪਾਰ ਹੋ ਰਿਹਾ ਹੈ, ਪੰਜਾਬੀ ਭਾਸ਼ਾ ਦਾ ਪਾਸਾਰ ਨਹੀਂ। ਪੰਜਾਬੀ ਨੂੰ ਸੂਬੇ ਵਿਚ ਕਾਨੂੰਨੀ ਮੁਕਾਮ ਤਾਂ ਹਾਸਿਲ ਹੈ ਪਰ ਸਰਕਾਰੀ ਸਰਪ੍ਰਸਤੀ ਨਹੀਂ ਹੈ। ਪੰਜਾਬ ਸਰਕਾਰ ਦੇ 2019 ਵਾਲੇ ਕਲੰਡਰ ਵਿਚ ਸਭ ਤੋਂ ਉੱਪਰ ਅੰਗਰੇਜ਼ੀ ਵਿਚ ਪੰਜਾਬ ਸਰਕਾਰ ਲਿਖਿਆ ਹੋਇਆ ਹੈ, ਦੂਜੇ ਨੰਬਰ 'ਤੇ ਪੰਜਾਬੀ ਵਿਚ। ਉਂਜ ਸਰਕਾਰ ਬਾਬੇ ਨਾਨਕ ਦਾ 550ਵਾਂ ਪ੍ਰਕਾਸ਼ ਉਤਸਵ 3500 ਕਰੋੜ ਦੇ ਪ੍ਰਜੈਕਟ ਐਲਾਨ ਕੇ ਮਨਾ ਰਹੀ ਹੈ ਪਰ ਬਾਬੇ ਦੀ ਬੋਲੀ ਪ੍ਰਤੀ ਅਵੇਸਲੀ ਹੈ।

ਪੰਜਾਬੀ ਭਾਸ਼ਾ ਪ੍ਰਤੀ ਸਰਕਾਰੀ ਲਾਪ੍ਰਵਾਹੀ ਦੀ ਸਭ ਤੋਂ ਵੱਡੀ ਮਿਸਾਲ ਪੰਜਾਬੀ ਦੇ ਵਿਕਾਸ ਲਈ ਪਟਿਆਲਾ ਰਿਆਸਤ ਦੇ ਸਮੇਂ 1948 'ਚ ਬਣਾਇਆ ਭਾਸ਼ਾ ਵਿਭਾਗ ਹੈ। ਫ਼ੰਡਾਂ ਦੀ ਘਾਟ ਕਰਕੇ ਇਸ ਦੇ ਹਾਲਾਤ ਸੁਖਾਵੇਂ ਨਹੀਂ। ਵਿਭਾਗ ਵੱਲੋਂ ਪ੍ਰਕਾਸ਼ਿਤ ਹੁੰਦੇ ਰਸਾਲੇ 'ਜਨ ਸਾਹਿਤ' ਅਤੇ 'ਪੰਜਾਬੀ ਦੁਨੀਆਂ' ਹੁਣ ਝਕਾਨੀ ਦੇ ਕੇ ਛਪਦੇ ਹਨ। ਵੱਡੀ ਗਿਣਤੀ 'ਚ ਕਿਤਾਬਾਂ ਦੇ ਖਰੜੇ ਸਮੇਂ ਦੀ ਧੂੜ 'ਚ ਗੁੰਮ ਹੋ ਚੁੱਕੇ ਹਨ। ਲੇਖਕਾਂ ਲਈ ਬਣਿਆ 'ਸਾਹਿਤ ਸਦਨ' ਸੰਭਾਲ ਅਤੇ ਸਰਮਾਏ ਦੀ ਘਾਟ ਕਾਰਨ ਕਈ ਸਾਲਾਂ ਤੱਕ 'ਭੂਤ ਹਵੇਲੀ' ਹੀ ਬਣਿਆ ਰਿਹਾ ਅਤੇ ਹੁਣ ਇਹ ਇਮਾਰਤ ਕਿਸੇ ਹੋਰ ਵਿਭਾਗ ਨੂੰ ਸੌਂਪ ਦਿੱਤੀ ਗਈ ਹੈ। ਉਂਜ ਵਿਭਾਗ ਦੀ ਵੈੱਬਸਾਈਟ ਉੱਤੇ ਇਸ ਸਦਨ ਬਾਰੇ ਇੰਜ ਲਿਖਿਆ ਹੋਇਆ ਹੈ: 'ਲੇਖਕਾਂ ਦੇ ਇਸ ਆਸ਼ਿਆਨੇ ਵਿਚ ਤਿੰਨ ਤਾਰਾ ਹੋਟਲ ਦੀਆਂ ਸਾਰੀਆਂ ਸਹੂਲਤਾਂ ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਲੇਖਕ ਘਰ ਦੀ ਬਣਤਰ ਖ਼ੁਸ਼ਗਵਾਰ ਤੇ ਸ਼ਾਂਤ ਮਾਹੌਲ ਵਿਚ ਕੀਤੀ ਗਈ ਹੈ ਜਿਥੇ ਬੈਠ ਕੇ ਉਹ ਆਪਣੀਆਂ ਲਿਖਤਾਂ ਨੂੰ ਅੰਤਿਮ ਛੋਹਾਂ ਦੇ ਸਕਦੇ ਹਨ।'

ਸੱਤ ਸੌ ਕਰਮਚਾਰੀਆਂ ਵਾਲੇ ਇਸ ਵਿਭਾਗ ਵਿਚ ਹੁਣ ਸਿਰਫ਼ 150 ਕਰਮਚਾਰੀ ਪੰਜਾਬੀ ਦੇ ਵਿਕਾਸ ਲਈ ਸੰਘਰਸ਼ ਕਰ ਰਹੇ ਹਨ। ਸੂਬੇ ਦੇ 22 ਜ਼ਿਲ੍ਹਿਆਂ ਵਿਚੋਂ 19 ਜ਼ਿਲ੍ਹੇ ਭਾਸ਼ਾ ਅਫ਼ਸਰਾਂ ਨੂੰ ਤਰਸ ਰਹੇ ਹਨ। ਖੋਜ ਸਹਾਇਕਾਂ ਦੀਆਂ 60 ਅਸਾਮੀਆਂ ਦੀ ਥਾਂ ਸਿਰਫ਼ ਤਿੰਨ ਅਸਾਮੀਆਂ ਨਾਲ ਹੀ ਕੰਮ ਸਾਰਿਆ ਜਾ ਰਿਹਾ ਹੈ।

ਯੂਨੈਸਕੋ ਵੱਲੋਂ ਹਰ ਵਰ੍ਹੇ 21 ਫਰਵਰੀ ਨੂੰ ਕੌਮਾਂਤਰੀ ਮਾਤ-ਭਾਸ਼ਾ ਦਿਵਸ ਵਜੋਂ ਮਨਾਉਣਾ ਕੋਈ ਨਿੱਕੀ ਗੱਲ ਨਹੀਂ; 1947 'ਚ ਪਾਕਿਸਤਾਨ ਬਣਨ ਮਗਰੋਂ ਪਾਕਿਸਤਾਨ ਸਰਕਾਰ ਨੇ 1948 ਵਿਚ ਉਰਦੂ ਨੂੰ ਪਾਕਿਸਤਾਨ ਦੀ ਸਰਕਾਰੀ ਭਾਸ਼ਾ ਦਾ ਦਰਜਾ ਦੇਣ ਦਾ ਐਲਾਨ ਕਰ ਦਿੱਤਾ ਪਰ ਪੂਰਬੀ ਪਾਕਿਸਤਾਨ (1971 ਵਿਚ ਬੰਗਲਾਦੇਸ਼ ਬਣਿਆ) 'ਚ ਇਸ ਦਾ ਸਖ਼ਤ ਵਿਰੋਧ ਹੋਇਆ ਕਿਉਂਕਿ ਉਥੇ ਬੰਗਲਾ ਭਾਸ਼ਾ ਬੋਲਣ ਵਾਲੇ ਲੋਕ ਵੱਧ ਸਨ। 21 ਫਰਵਰੀ 1952 ਨੂੰ ਪੂਰੇ ਪੂਰਬੀ ਪਾਕਿਸਤਾਨ ਵਿਚ ਵੱਡੇ ਪੱਧਰ 'ਤੇ ਰੋਸ ਵਿਖਾਵੇ ਹੋਏ ਅਤੇ ਢਾਕਾ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦੇ ਰੋਸ ਵਿਖਾਵਿਆਂ ਉੱਪਰ ਪੁਲੀਸ ਨੇ ਗੋਲੀ ਚਲਾ ਦਿੱਤੀ ਜਿਸ ਕਾਰਨ ਚਾਰ ਵਿਦਿਆਰਥੀ ਮਾਰੇ ਗਏ। ਲਗਾਤਾਰ ਵਿਰੋਧ ਕਾਰਨ ਆਖਿਰ ਪਾਕਿਸਤਾਨ ਸਰਕਾਰ ਨੂੰ 29 ਫਰਵਰੀ 1956 ਨੂੰ ਬੰਗਲਾ ਭਾਸ਼ਾ ਨੂੰ ਪੂਰਬੀ ਪਾਕਿਸਤਾਨ ਦੀ ਸਰਕਾਰੀ ਭਾਸ਼ਾ ਬਣਾਉਣਾ ਪਿਆ।

ਯੂਨੈਸਕੋ ਵਿਚ ਜਦੋਂ ਮਰ ਰਹੀਆਂ ਭਾਸ਼ਾਵਾਂ ਨੂੰ ਬਚਾਉਣ ਦੀ ਗੱਲ ਉੱਠੀ ਤਾਂ 21 ਫਰਵਰੀ ਨੂੰ ਆਲਮੀ ਮਾਤ-ਭਾਸ਼ਾ ਦਿਵਸ ਮਨਾਉਣ ਦਾ ਫ਼ੈਸਲਾ ਨਵੰਬਰ 1999 'ਚ ਹੋਇਆ ਅਤੇ ਸੰਨ 2000 ਵਿਚ ਪਹਿਲੀ ਵਾਰ ਆਲਮੀ ਮਾਤ-ਭਾਸ਼ਾ ਦਿਵਸ ਮਨਾਇਆ ਗਿਆ।

ਪੰਜਾਬੀ ਨੂੰ ਸਰਕਾਰੀ ਪੱਧਰ 'ਤੇ ਸ਼ਿੱਦਤ ਨਾਲ ਲਾਗੂ ਕਰਵਾਉਣ ਲਈ ਕਈ ਸਾਹਿਤਕ ਅਤੇ ਹੋਰ ਜਥੇਬੰਦੀਆਂ ਲਗਾਤਾਰ ਸਰਗਰਮ ਹਨ ਪਰ ਅਫਸੋਸ! ਸਰਕਾਰਾਂ ਟੱਸ ਤੋਂ ਮੱਸ ਨਹੀਂ ਹੋ ਰਹੀਆਂ। ਉਂਜ, ਇਨ੍ਹਾਂ ਲਹਿਰਾਂ ਨੂੰ ਰਾਜਨੀਤਕ ਹੁੰਗਾਰਾ ਵੀ ਨਹੀਂ ਮਿਲਦਾ, ਲੋਕ ਵੀ ਅਵੇਸਲੇ ਹਨ, ਅਫਸਰਸ਼ਾਹੀ ਪਹਿਲਾਂ ਹੀ ਨਹੀਂ ਚਾਹੁੰਦੀ, ਪ੍ਰਾਈਵੇਟ ਸਕੂਲ ਪੰਜਾਬੀ-ਵਿਰੋਧੀ ਹਨ ਅਤੇ ਨਵੀਂ ਪੀੜ੍ਹੀ ਦੇ ਅਧਿਆਪਕ ਵੀ ਪੰਜਾਬੀ ਭਾਸ਼ਾ ਦੀਆਂ ਬਾਰੀਕੀਆਂ ਤੋਂ ਅਣਜਾਣ ਹਨ। ਅੱਜ ਭਾਵੇਂ 13 ਕਰੋੜ ਲੋਕ ਪੰਜਾਬੀ ਬੋਲਦੇ ਹਨ ਪਰ ਜਿਸ ਹਿਸਾਬ ਨਾਲ ਅਸੀ ਅਵੇਸਲੇ ਹੋ ਰਹੇ ਹਾਂ, ਉਸ ਤੋਂ ਅੱਜ ਭਾਵੇਂ ਪੰਜਾਬੀ ਨੂੰ ਖ਼ਤਰਾ ਨਹੀਂ ਜਾਪ ਰਿਹਾ ਪਰ ਇਹ ਚਿੰਤਾ ਵਾਲੀ ਗੱਲ ਜ਼ਰੂਰ ਹੈ।

ਜਿਸ ਬਾਬੇ ਨਾਨਕ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਪੰਜਾਬ ਸਰਕਾਰ 'ਵੱਡੇ ਜਸ਼ਨ' ਵਜੋਂ ਮਨਾ ਰਹੀ ਹੈ, ਉਸੇ ਬਾਬੇ ਦੀ ਬਾਣੀ ਪੜ੍ਹਨ ਵਾਲੇ ਸਰਕਾਰਾਂ ਦੇ ਰਵੱਈਏ ਤੋਂ ਉਦਾਸ ਹੋ ਕੇ ਰੋਜ਼ੀ-ਰੋਟੀ ਲਈ ਬਿਗਾਨੀ ਧਰਤੀ 'ਤੇ ਖੱਜਲ-ਖੁਆਰ ਹੋ ਰਹੇ ਹਨ। ਜਿੰਨਾ ਚਿਰ ਅਸੀਂ ਪੰਜਾਬੀ ਨੂੰ ਪਰਿਵਾਰ, ਪਿਆਰ, ਸਤਿਕਾਰ, ਸਰਕਾਰ, ਵਪਾਰ, ਪ੍ਰਚਾਰ ਅਤੇ ਰੁਜ਼ਗਾਰ ਦੀ ਭਾਸ਼ਾ ਬਣਾਉਣ ਲਈ ਸੁਹਿਰਦਤਾ ਅਤੇ ਸ਼ਿੱਦਤ ਨਾਲ ਸਰਗਰਮ ਨਹੀਂ ਹੋਵਾਂਗੇ, ਓਨਾ ਚਿਰ ਸਾਡੀ ਮਾਤ-ਭਾਸ਼ਾ 'ਤੇ ਹਮਲੇ ਹੁੰਦੇ ਰਹਿਣਗੇ। ਸਾਨੂੰ ਬੇਰ ਡੁੱਲ੍ਹਣ ਤੱਕ ਉਡੀਕ ਨਹੀਂ ਕਰਨੀ ਚਾਹੀਦੀ।

# ਤਸਵੀਰਾਂ ਬੋਲਦੀਆਂ ਨੇ



ਖ਼ੂਨ ਦੀਆਂ ਸਾਂਝਾਂ ਉਮਰਾਂ ਲੰਬੀਆਂ ਕਰ ਦੇਂਦੀਆਂ ਨੇ
ਤੇ ਆਪਣਿਆਂ ਨਾਲ ਬੈਠ ਕੇ ਅਪਣੱਤ ਵੀ ਪੈਦਾ ਹੁੰਦੀ ਹੈ ਤੇ ਜ਼ਿੰਦਗੀ ਦਾ ਯਕੀਨ ਵੀ।
ਦੋਵੇਂ ਸਕੇ ਭਰਾ। ਸੂਚ ਭਰਾਵਾਂ ਦੀ ਜੋੜੀ।

ਅਸੀਂ ਇਕ ਨਵਾਂ ਕਾਲਮ ਸ਼ੁਰੂ ਕਰ ਰਹੇ ਹਾਂ, ਜਿਸ ਦੀ ਸੋਚ ਰਾਜ ਬਡਵਾਲ ਜੀ ਵੱਲੋਂ ਦਿੱਤੀ ਗਈ ਹੈ ਤੇ ਉਹ ਵੀ ਸਾਨੂੰ ਹਰ ਅੰਕ ਲਈ ਇਕ ਐਸੀ ਤਸਵੀਰ ਦਿਆ ਕਰਨਗੇ, ਜੋ ਖੁਦ ਕੁਝ ਦਰਸਾਇਆ ਕਰੇਗੀ ਜਾਂ ਉਸ ਜਗ੍ਹਾ ਜਾਂ ਆਲੇ-ਦੁਆਲੇ ਬਾਰੇ ਲਿਖ ਕੇ ਦੱਸਿਆ ਕਰਨਗੇ ਕਿ ਇਹ ਤਸਵੀਰ ਨੂੰ ਵੇਖ ਕੇ ਸਾਨੂੰ ਕੀ ਪ੍ਰਤੀਤ ਹੁੰਦਾ ਹੈ।

ਜੇਕਰ ਤੁਹਾਡੇ ਕੋਲ ਵੀ ਅਜਿਹੀ ਕੋਈ ਤਸਵੀਰ ਹੈ, ਜਾਂ ਕਿਤੇ ਦਿਸਦੀ ਹੈ ਤਾਂ ਤੁਸੀਂ ਸਾਨੂੰ ਸਿੱਧੇ ਜਾਂ ਫਿਰ ਰਾਜ ਬਡਵਾਲ ਹੁਰਾਂ ਨੂੰ 408-835-0202 ਤੇ ਸੰਪਰਕ ਕਰ ਸਕਦੇ ਹੋ।

**-ਸੰਪਾਦਕ**



**ਰਾਜ ਬਡਵਾਲ**
408-835-0202
8350202@gmail.com

# ਹੈਂਗ ਰੈਂਗ ਵਾਦੀ ਵਿਚ ਵਸਿਆ ਪਿੰਡ ਨਾਕੋ



**ਡਾ. ਗੁਰਦੀਪ ਸਿੰਘ ਸੰਧੂ**

ਮਨੁੱਖ ਆਪਣੇ ਸੁਭਾਅ ਤੋਂ ਹੀ ਘੁਮੱਕੜ ਬਿਰਤੀ ਵਾਲਾ ਪ੍ਰਾਣੀ ਹੈ। ਇਸ ਸੁਭਾਅ ਸਦਕਾ ਹੀ ਮਨੁੱਖ ਨੇ ਨਵੀਆਂ ਥਾਵਾਂ, ਨਵੇਂ ਲੋਕ, ਨਵੇਂ ਵਸੀਲੇ, ਜਿਉਣ ਦੇ ਨਵੇਂ ਢੰਗ ਤਰੀਕੇ ਆਦਿ ਤਲਾਸ਼ੇ ਹਨ। ਜਦੋਂ ਅਸੀਂ ਘਰ ਤੋਂ ਦੂਰ ਵੱਖਰੀ ਧਰਤੀ 'ਤੇ ਵੱਖਰੇ ਲੋਕਾਂ ਨਾਲ ਵੱਖਰੇ ਵਾਤਾਵਰਨ ਵਿਚ ਵਿਚਰਦੇ ਹਾਂ ਤਾਂ ਸਾਨੂੰ ਨਿਵੇਕਲਾ ਅਨੁਭਵ, ਜਾਣਕਾਰੀ ਅਤੇ ਗਿਆਨ ਪ੍ਰਾਪਤ ਹੁੰਦਾ ਹੈ। ਜੇਕਰ ਮਨੁੱਖ ਨੇ ਆਪਣੇ ਮੂਲ ਥਾਂ ਤੋਂ ਨਵੀਆਂ ਦਿਸ਼ਾਵਾਂ ਵੱਲ ਕਦਮ ਨਾ ਪੁੱਟੇ ਹੁੰਦੇ ਤਾਂ ਉਹ ਸ਼ਾਇਦ ਅੱਜ ਵੀ ਖੂਹ ਦਾ ਡੱਡੂ ਹੀ ਹੁੰਦਾ। ਇਸ ਵਾਰ ਅਸੀਂ ਤਿੰਨ ਪਰਿਵਾਰਾਂ ਨੇ ਕੁਦਰਤ ਦੀ ਵਿਸ਼ਾਲਤਾ ਨੂੰ ਜਾਣਨ-ਮਾਣਨ ਲਈ ਹਿਮਾਚਲ ਪ੍ਰਦੇਸ਼ ਦੇ ਸਾਂਗਲਾ ਵਾਦੀ, ਕਿਨੌਰ ਖੇਤਰ ਅਤੇ ਲਹੌਲ-ਸਪਿਤੀ ਵਾਦੀਆਂ ਘੁੰਮਣ ਦੀ ਵਿਉਂਤ ਬਣਾਈ। ਸਾਡੀ ਯਾਤਰਾ ਦੇ ਇਕ ਪੜਾਅ ਵਿਚ ਹਿਮਾਲਿਆ ਦੀ ਹੈਂਗ ਰੈਂਗ ਵਾਦੀ ਵਿਚ ਵਸਿਆ ਪਿੰਡ ਨਾਕੋ



ਵੀ ਸੀ। ਇੱਥੇ ਅਸੀਂ ਇਕ ਰਾਤ ਤੇ ਲਗਭਗ ਦੋ ਦਿਨ ਬਿਤਾਏ। ਨਾਕੋ ਪਿੰਡ ਸ਼ਿਮਲਾ-ਮਨਾਲੀ ਵਾਇਆ ਕਾਜ਼ਾ ਕੌਮੀ ਸ਼ਾਹਰਾਹ ਤੋਂ ਲਗਭਗ ਸੱਤ ਕਿਲੋਮੀਟਰ ਹਟਵੇਂ ਰਾਹ 'ਤੇ ਸਥਿਤ ਕਿਨੌਰ ਜ਼ਿਲ੍ਹੇ ਦਾ ਇਕ ਪਿੰਡ ਹੈ। ਇਹ ਸਥਾਨ ਸਮੁੰਦਰੀ ਤਲ ਤੋਂ 12,014 ਫੁੱਟ ਦੀ ਉਚਾਈ 'ਤੇ ਹੈ। ਸ਼ਿਮਲਾ ਤੋਂ ਇਸ ਦੀ ਦੂਰੀ 117 ਕਿਲੋਮੀਟਰ ਹੈ। ਹਿਮਾਲਿਆ ਦੇ ਠੰਢੇ ਰੇਗਿਸਤਾਨ ਵਿਚ ਵਸਿਆ ਇਹ ਪਿੰਡ ਹਿਮਾਚਲ ਪ੍ਰਦੇਸ਼ ਵਿਚ ਹਿਮਾਲਿਆ ਦੀ ਸਭ ਤੋਂ ਉੱਚੀ ਪਰਬਤਮਾਲਾ ਰੀਓ ਪੁਰਗਿਲ ਦੀਆਂ ਢਲਾਣਾਂ 'ਤੇ ਸਥਿਤ ਹੈ। ਇਸ ਪਰਬਤਮਾਲਾ ਦੀ ਉਚਾਈ 22,362 ਫੁੱਟ ਹੈ। ਇੱਥੇ ਪਹੁੰਚਣ ਦਾ ਰਸਤਾ ਆਪਣੀ ਖ਼ੂਬਸੂਰਤੀ ਨਾਲ ਸੈਲਾਨੀਆਂ ਦੇ ਮਨਾਂ ਨੂੰ ਆਨੰਦਿਤ ਕਰਦਾ ਹੈ। ਅਸਲ ਵਿਚ ਇਸ ਖੇਤਰ ਦੀ ਖ਼ੂਬਸੂਰਤੀ ਦਾ ਆਨੰਦ ਇਨ੍ਹਾਂ ਰਸਤਿਆਂ ਨੂੰ ਨੀਝ ਨਾਲ ਮਾਣਿਆਂ ਹੀ ਆਉਂਦਾ ਹੈ। ਇਨ੍ਹਾਂ ਰਸਤਿਆਂ ਤੋਂ ਲੰਘਦਿਆਂ ਪ੍ਰਸਿੱਧ ਪਰਬਤਆਰੋਹੀ ਮਨਮੋਹਨ ਬਾਵਾ ਦੀ ਪੁਸਤਕ 'ਪੱਥ ਹੀ ਮੰਜ਼ਿਲ ਹੈ' ਦੇ ਸਿਰਲੇਖ ਵਿਚ ਛੁਪੇ ਡੂੰਘੇ ਅਰਥ ਹੋਰ ਵੀ ਵਧੇਰੇ ਸਪਸ਼ਟਤਾ ਨਾਲ ਸਮਝ ਆਏ। ਜੇਕਰ ਰਸਤੇ ਵਿਚ ਕੋਈ ਰੁਕਾਵਟ ਨਾ ਆਵੇ ਤਾਂ ਕਲਪਾ ਤੋਂ ਚੱਲ ਕੇ ਇੱਥੇ ਤਿੰਨ ਘੰਟਿਆਂ ਵਿਚ ਪਹੁੰਚਿਆ ਜਾ ਸਕਦਾ ਹੈ। ਪਹਾੜੀ ਰਾਹਾਂ ਦਾ ਕੋਈ ਪਤਾ ਨਹੀਂ ਕਿ ਇਨ੍ਹਾਂ ਨੇ ਆਪਣਾ ਮਿਜਾਜ਼ ਕਦੋਂ ਬਦਲ ਲੈਣਾ ਹੁੰਦਾ ਹੈ। ਰਸਤੇ ਦੀ ਖ਼ੂਬਸੂਰਤੀ ਵੀ ਤੁਹਾਨੂੰ ਰੁਕਣ ਲਈ ਮਜਬੂਰ ਕਰ ਦਿੰਦੀ ਹੈ। ਇਸ ਰਾਹ ਵਿਚ ਪੈਂਦਾ ਮਾਲਿੰਗ ਨਾਲਾ ਵੀ ਤੁਹਾਡਾ ਰਾਹ ਰੋਕ ਕੇ ਖੜ੍ਹ ਸਕਦਾ ਹੈ। ਇਸ ਲਈ ਆਪਣੀ ਮੰਜ਼ਿਲ 'ਤੇ ਪਹੁੰਚਣ ਵਾਸਤੇ ਸਾਧਾਰਨ ਤੌਰ 'ਤੇ ਲੋੜੀਂਦੇ ਸਮੇਂ ਨਾਲੋਂ ਦੁੱਗਣਾ ਸਮਾਂ ਆਪਣੀ ਵਿਉਂਤਬੰਦੀ ਵਿਚ ਰੱਖ ਕੇ ਚੱਲਣਾ ਚਾਹੀਦਾ ਹੈ। ਇਸ ਰਾਹ 'ਤੇ ਹੀ ਅੱਗੇ ਜਾ ਕੇ ਇਕ ਸੜਕ ਭਾਰਤ ਅਤੇ ਚੀਨ ਦੀ ਸਰਹੱਦ 'ਤੇ ਸਥਿਤ ਕੌਰਿਕ ਬਾਰਡਰ ਵੱਲ ਨੂੰ ਜਾਂਦੀ ਹੈ। ਇਸ ਸਰਹੱਦ ਦੀ ਭਾਰਤੀ ਸੁਰੱਖਿਆ ਖੇਤਰ ਵਿਚ ਬਹੁਤ ਅਹਿਮੀਅਤ ਹੈ। ਇਸੇ ਕਾਰਨ ਇਸ ਰਸਤੇ 'ਤੇ ਭਾਰਤੀ ਫ਼ੌਜ ਦੀ ਆਵਾਜਾਈ ਬਹੁਤ ਰਹਿੰਦੀ ਹੈ ਅਤੇ ਇਸ ਖੇਤਰ ਦੀਆਂ ਸੜਕਾਂ ਬਹੁਤ ਵਧੀਆ ਬਣੀਆਂ ਹੋਈਆਂ ਹਨ। ਕੌਰਿਕ ਜਾਣ ਲਈ ਜ਼ਿਲ੍ਹਾ ਪ੍ਰਸ਼ਾਸਨ ਤੋਂ ਅਗਾਊਂ ਪ੍ਰਵਾਨਗੀ ਲੈਣੀ ਪੈਂਦੀ ਹੈ। ਇਸ ਕਾਰਨ ਅਸੀਂ ਇਸ ਸਰਹੱਦ 'ਤੇ ਨਹੀਂ ਜਾ ਸਕੇ। ਰਸਤੇ ਵਿਚ ਭਾਰਤੀ ਫ਼ੌਜੀਆਂ ਵੱਲੋਂ ਗੁਰੂ ਅਰਜਨ ਦੇਵ ਜੀ ਸ਼ਹਾਦਤ ਨੂੰ ਸਮਰਪਿਤ ਠੰਢੇ ਜਲ ਦੀ ਛਬੀਲ ਲਗਾਈ ਗਈ ਸੀ। ਇਹ ਇਕ ਸੁਖਦ ਅਨੁਭਵ ਸੀ।

ਇਸ ਰਸਤੇ ਪੂਹ ਤੋਂ ਅੱਗੇ ਆਉਂਦਾ ਵੱਡਾ ਪਿੰਡ ਖਾਬ ਵੀ ਸੈਲਾਨੀਆਂ ਲਈ ਆਕਰਸ਼ਣ ਦਾ ਕੇਂਦਰ ਹੈ। ਇੱਥੇ ਸਤਲੁਜ ਅਤੇ ਸਪਿਤੀ ਦਰਿਆਵਾਂ ਦਾ ਸੰਗਮ ਹੁੰਦਾ ਹੈ। ਦੋ ਵੱਖ ਵੱਖ ਦਿਸ਼ਾਵਾਂ ਤੋਂ ਲੰਬਾ ਸਫ਼ਰ ਤੈਅ ਕਰਕੇ ਪਹੁੰਚੀਆਂ ਜਲਧਾਰਾਵਾਂ ਜਦੋਂ ਇਕ ਦੂਜੀ ਵਿਚ ਜਜ਼ਬ ਹੁੰਦੀਆਂ ਹਨ। ਪਾਣੀਆਂ ਦੇ ਵੱਖੋ ਵੱਖਰੇ ਰੰਗ ਅਤੇ ਵੇਗ ਆਪਸ ਵਿਚ ਮਿਲ ਕੇ ਆਪਣੀ ਇਕ ਨਵੀਂ ਪਛਾਣ ਬਣਾ ਕੇ ਸਤਲੁਜ ਦੇ ਰੂਪ ਵਿਚ ਅੱਗੇ ਦਾ ਸਫ਼ਰ ਆਰੰਭਦਿਆਂ ਮਨੁੱਖ ਨੂੰ ਸਮਰਪਣ, ਤਾਲਮੇਲ ਅਤੇ ਇਕਸੁਰਤਾ ਦਾ ਸੰਦੇਸ਼ ਦਿੰਦੇ ਹਨ। ਇਸ ਸੰਗਮ ਨੂੰ ਵੇਖਦਿਆਂ ਮਨੁੱਖ ਨੂੰ ਆਪਣੀ ਹਉਮੈ, ਵਿਰੋਧ ਅਤੇ ਵਖਰੇਵੇਂ ਆਦਿ ਮਨੁੱਖੀ ਭਾਵ ਬੇਮਾਅਨੇ ਮਹਿਸੂਸ ਹੁੰਦੇ ਹਨ।

ਨਾਕੋ ਪਿੰਡ ਪਹੁੰਚਣ 'ਤੇ ਸਭ ਤੋਂ ਪਹਿਲਾਂ ਸੈਲਾਨੀਆਂ ਦਾ ਸੁਆਗਤ ਤੇਜ਼ ਬਰਫ਼ੀਲੀਆਂ ਹਵਾਵਾਂ ਕਰਦੀਆਂ ਹਨ। ਉੱਚੇ ਥਾਂ 'ਤੇ ਵਸਿਆ ਹੋਣ ਕਾਰਨ ਅਤੇ ਆਲੇ-ਦੁਆਲੇ ਉੱਚੀ ਪਰਬਤਮਾਲਾ ਸਥਿਤ ਹੋਣ ਕਾਰਨ ਇੱਥੇ ਸਾਰਾ ਸਾਲ ਹੀ ਬਹੁਤ ਤੇਜ਼ ਹਵਾਵਾਂ ਚੱਲਦੀਆਂ ਹਨ। ਇਸੇ ਲਈ ਜੂਨ ਮਹੀਨੇ ਧੁੱਪ ਵਿਚ ਖੜ੍ਹਿਆਂ ਵੀ ਹੱਥਾਂ ਦੀਆਂ ਉਂਗਲੀਆਂ ਵਿਚ ਝਰਨਾਹਟ ਹੋਣੀ ਸ਼ੁਰੂ ਹੋ ਗਈ ਸੀ। ਇੱਥੇ ਬਾਹਰ ਘੁੰਮਦਿਆਂ ਫਿਰਦਿਆਂ ਆਪਣੇ ਆਪ ਨੂੰ ਠੰਢੀਆਂ ਹਵਾਵਾਂ ਤੋਂ ਬਚਾ ਕੇ ਰੱਖਣ ਲਈ ਵਿਸ਼ੇਸ਼ ਸਾਵਧਾਨੀਆਂ ਵਰਤਣ ਦੀ ਲੋੜ ਹੈ। ਸੈਲਾਨੀਆਂ ਲਈ ਆਪਣੇ ਚਿਹਰੇ ਤੇ ਹੱਥਾਂ ਨੂੰ ਠੰਢ ਅਤੇ ਧੁੱਪ ਦੇ ਸੁਮੇਲ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਲਈ ਲੋੜੀਂਦੇ ਲੋਸ਼ਨ ਅਤੇ ਕਰੀਮ ਦੀ ਵਰਤੋਂ ਕਰਨੀ ਲਾਜ਼ਮੀ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿਚ ਚਿਹਰੇ ਅਤੇ ਹੱਥਾਂ ਉੱਪਰਲੀ ਚਮੜੀ ਦੀ ਪਰਤ ਦਾ ਸੜ ਜਾਣਾ ਸੁਭਾਵਿਕ ਹੈ।

ਪ੍ਰਾਚੀਨ ਸਮਿਆਂ ਵਿਚ ਇਹ ਪਿੰਡ ਆਪਣੇ ਅਜੋਕੇ ਸਥਾਨ ਤੋਂ ਥੋੜ੍ਹੀ ਦੂਰੀ 'ਤੇ ਪਹਾੜ ਦੇ ਪੈਰਾਂ ਵਿਚ ਵਹਿੰਦੇ ਨਾਕੋ ਦਰਿਆ ਦੇ ਕਿਨਾਰੇ ਹੁੰਦਾ ਸੀ। ਸਥਾਨਕ ਲੋਕਾਂ ਦੀ ਸੂਚਨਾ ਮੁਤਾਬਿਕ ਉਨ੍ਹਾਂ ਦੇ ਪੂਰਵਜ਼ਾਂ ਨੇ ਗਿਆਰਵੀਂ ਸਦੀ ਵਿਚ ਆਪਣੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਆਪਣਾ ਟਿਕਾਣਾ ਵਰਤਮਾਨ ਥਾਂ 'ਤੇ ਤਬਦੀਲ ਕਰ ਲਿਆ। ਉਨ੍ਹਾਂ ਦੀ ਇਸ ਗੱਲ ਦੀ ਗਵਾਹੀ ਇਸ ਪਿੰਡ ਵਿਚ ਗਿਆਰਵੀਂ ਸਦੀ ਵਿਚ ਬਣੇ ਬੋਧੀ ਮੱਠ ਤੋਂ ਵੀ ਮਿਲਦੀ ਹੈ। ਇਸ ਮੱਠ ਦੀ ਪੁਰਾਣੀ ਇਮਾਰਤ ਹੁਣ ਖਸਤਾ ਹੋ ਚੁੱਕੀ ਹੈ ਜਿਸ ਦਾ ਕਾਰਨ ਇਸ ਖੇਤਰ ਵਿਚ ਆਏ ਭਿਆਨਕ ਭੂਚਾਲ ਹਨ। ਪਿੰਡ ਦੇ ਲੋਕਾਂ ਨੇ ਵਰਤਮਾਨ ਸਮੇਂ ਇਸ ਮੱਠ ਦਾ ਨਵਾਂ ਢਾਂਚਾ ਬਹੁਤ ਹੀ ਖ਼ੂਬਸੂਰਤ ਬਣਾ ਲਿਆ ਹੈ।

ਇਸ ਸਥਾਨ ਦੀ ਕੁਦਰਤੀ ਖ਼ੂਬਸੂਰਤੀ ਨੂੰ ਚਾਰ ਚੰਨ ਲਾਉਣ ਵਾਲੀ ਨਾਕੋ ਝੀਲ ਇਸ ਪਿੰਡ ਦੀ ਨਿਵੇਕਲੀ ਪਛਾਣ ਬਣਾਉਂਦੀ ਹੈ। ਇਹ ਝੀਲ ਆਕਾਰ ਵਿਚ ਭਾਵੇਂ ਛੋਟੀ ਹੈ, ਪਰ ਇਸ ਦੀ ਪ੍ਰਕਿਰਤਕ ਖ਼ੂਬਸੂਰਤੀ ਅਤੇ ਪਾਣੀ ਦੀ ਸਵੱਛਤਾ ਅਤਿਅੰਤ ਮਨਮੋਹਕ ਹੈ। ਪਿੰਡ ਦੇ ਲੋਕਾਂ ਨੇ ਇਸ ਝੀਲ ਦੀ ਪਵਿੱਤਰਤਾ, ਸ਼ੁੱਧਤਾ ਅਤੇ ਸੁੰਦਰਤਾ ਨੂੰ ਪੂਰਨ ਰੂਪ ਵਿਚ ਕਾਇਮ ਰੱਖਿਆ ਹੋਇਆ ਹੈ। ਕੋਈ ਵੀ ਪਸ਼ੂ ਜਾਂ ਮਨੁੱਖ ਇਸ ਝੀਲ ਵਿਚ ਨਹੀਂ ਜਾ ਸਕਦਾ।

ਕਿਨਾਰਿਆਂ ਦੁਆਲੇ ਪੱਥਰਾਂ ਦੀ ਚਾਰਦੀਵਾਰੀ ਕੀਤੀ ਹੋਈ ਹੈ। ਰੀਓ ਪੁਰਗਿਲ ਪਰਬਤਾਂ ਵੱਲੋਂ ਵਹਿੰਦੇ ਝਰਨਿਆਂ ਦਾ ਪਾਣੀ ਇੱਥੋਂ ਦੇ ਲੋਕਾਂ ਦੀਆਂ ਸਮੁੱਚੀਆਂ ਲੋੜਾਂ ਨੂੰ ਪੂਰੀਆਂ ਕਰਨ ਤੋਂ ਕਿਧਰੇ ਬਹੁਤਾਤ ਵਿਚ ਮੌਜੂਦ ਹੈ। ਇੱਥੋਂ ਦੀ ਜ਼ਮੀਨ ਵੀ ਬਹੁਤ ਉਪਜਾਊ ਹੈ।

ਇੱਥੋਂ ਦੇ ਲੋਕਾਂ ਵੱਲੋਂ ਸੇਬਾਂ, ਅਖਰੋਟਾਂ ਦੇ ਦਰੱਖਤਾਂ ਦੇ ਨਾਲ ਨਾਲ ਆਲੂ, ਕਣਕ, ਮਟਰ ਆਦਿ ਦੀ ਕਾਸ਼ਤ ਵੀ ਕੀਤੀ ਜਾਂਦੀ ਹੈ। ਪਿੰਡ ਦੀਆਂ ਗਲੀਆਂ ਵਿਚ ਘੁੰਮਦਿਆਂ ਸਦੀਆਂ ਪੁਰਾਣੇ ਲੱਕੜੀ ਅਤੇ ਪੱਥਰ ਦੀਆਂ ਸਲੇਟਾਂ ਦੇ ਬਣੇ ਘਰ ਦੇਖੇ। ਹਰ ਘਰ ਵਿਚ ਪਸ਼ੂਆਂ ਦੀ ਮੌਜੂਦਗੀ ਅਤੇ ਉਨ੍ਹਾਂ ਲਈ ਬਣੇ ਵੱਖਰੇ ਵਾੜੇ ਇਸ ਪਿੰਡ ਦੇ ਲੋਕਾਂ ਦੀ ਰੋਜ਼ੀ-ਰੋਟੀ ਦਾ ਇਕ ਪ੍ਰਮੁੱਖ ਸਾਧਨ ਪਸ਼ੂ-ਧਨ ਹੋਣ ਦੀ ਬਾਤ ਵੀ ਦੱਸਦੇ ਹਨ।

ਇਹ ਪਿੰਡ ਪੁਰਾਣੇ ਸਮਿਆਂ ਤੋਂ ਹੀ ਭਾਰਤ-ਤਿੱਬਤ ਵਪਾਰਕ ਰਾਹ 'ਤੇ ਹੋਣ ਕਾਰਨ ਵਪਾਰੀਆਂ ਦਾ ਇਕ ਪ੍ਰਮੁੱਖ ਕੇਂਦਰ ਰਿਹਾ ਹੈ। ਕੁਝ ਸਾਲ ਪਹਿਲਾਂ ਤਕ ਇੱਥੇ ਚਾਈਨਾ ਬਾਜ਼ਾਰ ਲੱਗਦਾ ਹੁੰਦਾ ਸੀ।

ਇਸ ਪਿੰਡ ਤੋਂ ਸੱਤ-ਅੱਠ ਕਿਲੋਮੀਟਰ ਦੀ ਦੂਰੀ 'ਤੇ ਤਿੱਬਤ ਦਾ ਇਕ ਵਪਾਰਕ ਕੇਂਦਰ ਹੁੰਦਾ ਸੀ। ਲੋਕ ਪੈਦਲ ਰਸਤੇ ਰਾਹੀਂ ਵਸਤੂਆਂ ਦਾ ਆਦਾਨ ਪ੍ਰਦਾਨ ਕਰਦੇ ਰਹਿੰਦੇ ਸਨ, ਪਰ ਹੁਣ ਤਿੱਬਤ ਉੱਪਰ ਚੀਨ ਦਾ ਕਬਜ਼ਾ ਹੋਣ ਕਾਰਨ ਇਹ ਆਵਾਜਾਈ ਰੁਕ ਗਈ ਹੈ। ਇਸੇ ਲਈ ਇੱਥੋਂ ਦਾ ਚਾਈਨਾ ਬਾਜ਼ਾਰ ਵੀ ਬੰਦ ਹੋ ਗਿਆ ਹੈ। ਅਸੀਂ ਸਵੇਰੇ ਸੈਰ ਕਰਨ ਨਿਕਲੇ ਇਸ ਪੁਰਾਣੇ ਰਾਹ 'ਤੇ ਲਗਭਗ ਚਾਰ ਕਿਲੋਮੀਟਰ ਉੱਪਰ ਤਕ ਚਲੇ ਗਏ ਜਿੱਥੇ ਇਕ ਬੋਧੀ ਮੰਦਿਰ ਮੌਜੂਦ ਸੀ। ਸਥਾਨਕ ਲੋਕਾਂ ਨੇ ਸਾਨੂੰ ਉਸ ਤੋਂ ਅੱਗੇ ਜਾਣ ਤੋਂ ਰੋਕ ਦਿੱਤਾ ਕਿਉਂਕਿ ਅੱਗੇ ਸੁੰਨਸਾਨ ਖੇਤਰ ਵਿਚ ਖੂੰਖਾਰ ਜੰਗਲੀ ਜਾਨਵਰ ਜਿਵੇਂ ਚੀਤਾ (Snow Leopard) ਅਤੇ ਰਿੱਛ ਮੌਜੂਦ ਹੁੰਦੇ ਹਨ ਜੋ ਵਿਅਕਤੀ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਅਸੀਂ ਭਾਵੇਂ ਭਾਰਤ ਚੀਨ ਸਰਹੱਦ ਤਕ ਤਾਂ ਨਹੀਂ ਜਾ ਸਕੇ, ਪਰ ਕਾਫ਼ੀ ਉਚਾਈ 'ਤੇ ਪਹੁੰਚਣ ਕਾਰਨ ਉੱਥੋਂ ਥੱਲੇ ਨਾਕੋ ਪਿੰਡ ਅਤੇ ਨਾਕੋ ਝੀਲ ਦੇ ਖ਼ੂਬਸੂਰਤ ਦ੍ਰਿਸ਼ ਨੂੰ ਮਾਣਿਆ। ਨਾਕੋ ਭਾਵੇਂ ਨਿੱਕਾ ਜਿਹਾ ਪਿੰਡ ਹੈ, ਪਰ ਆਪਣੀ ਕੁਦਰਤੀ ਖ਼ੂਬਸੂਰਤੀ ਕਾਰਨ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੈ। ਇਸ ਲਈ ਹੁਣ ਸਥਾਨਕ ਲੋਕਾਂ ਨੇ ਸੈਲਾਨੀਆਂ ਦੇ ਠਹਿਰਣ ਲਈ ਹੋਟਲ, ਗੈਸਟ ਹਾਊਸ ਅਤੇ ਹੋਮ ਸਟੇਅ ਆਦਿ ਦਾ ਪ੍ਰਬੰਧ ਕਰ ਲਿਆ ਹੈ।

ਇੱਥੇ ਲੋਕਾਂ ਦੇ ਮਨਾਂ ਵਿਚ ਅਜੇ ਵਪਾਰਕ ਰੁਚੀਆਂ ਨੇ ਘੁਸਪੈਠ ਨਹੀਂ ਕੀਤੀ। ਬਹੁਤ ਵਧੀਆ ਖਾਣਾ ਅਤੇ ਰਹਿਣ ਲਈ ਕਮਰੇ ਬਹੁਤ ਹੀ ਜਾਇਜ਼ ਮੁੱਲ 'ਤੇ ਇਹ ਲੋਕ ਪ੍ਰਦਾਨ ਕਰਦੇ ਹਨ। ਨਾਕੋ ਨੂੰ ਪੂਰੀ ਤਰ੍ਹਾਂ ਘੁੰਮਣ, ਦੇਖਣ ਅਤੇ ਮਾਣਨ ਤੋਂ ਬਾਅਦ ਅਸੀਂ ਆਪਣੇ ਅਗਲੇ ਪੜਾਅ ਕਾਜ਼ਾ ਵੱਲ ਰਵਾਨਾ ਹੋਏ। ਇੱਥੋਂ ਕਾਜ਼ਾ ਲਗਭਗ 111 ਕਿਲੋਮੀਟਰ ਹੈ। ਸੜਕ ਵਧੀਆ ਹੈ। ਇਹ ਸਫ਼ਰ ਤਿੰਨ ਘੰਟਿਆਂ ਵਿਚ ਤੈਅ ਕੀਤਾ ਜਾ ਸਕਦਾ ਹੈ, ਪਰ ਰਸਤੇ ਵਿਚ ਆਉਂਦੇ ਖ਼ੂਬਸੂਰਤ ਕੁਦਰਤੀ ਦ੍ਰਿਸ਼ ਤੁਹਾਡਾ ਰਸਤਾ ਰੋਕ ਲੈਂਦੇ ਹਨ।

MISSIONPEAK
BROKERS, INC.
PEAK OF EXCELLENCE

## CALL A PROFESSIONAL AND GET THE BEST POSSIBLE PRICES AND HIGHEST PROFITS

**I am a top rated Business and Commercial Real Estate broker with vast experience in Sales.**

**Acquisition and Financing of Commercial Real Estate.**

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**





# GET TOP DOLLAR$

## FOR YOUR COMMERCIAL PROPERTY



# CALL TODAY

## (510) 366-6130

hrsidhu@gmail.com
www.missionpeakbrokers.com



## Harpreet "Harry" Sidhu, CBB
## Broker/president

**BRE Lic #1433114**
**Broker Lic # 01792260**

CALIFORNIA ASSOCIATION OF BUSINESS BROKERS CABB
R REALTOR